# ਅੱਚਲ ਵਟਾਲੇ ਦੇ ਕੌਤਕ*

ਸੰਮਤ 1591 ਬਿ. ( ਫਰਵਰੀ/ਮਾਰਚ 1534 ਈ॰)



ਬੀ:40 ਨੇ ਅੱਚਲ ਵਟਾਲੇ ਦੀ ਸਾਖੀ ਨੂੰ ਕੁਝ ਇਸ ਤਰਾਂ ਚਿਤ੍ਰਿਆ ਵਾ। ਇਥੇ ਫਿਰ ਕਲਾਕਾਰ ਭਾਈ ਮਰਦਾਨੇ ਨੂੰ ਵਿਖਾ ਰਿਹਾ ਹੈ ਜੋ ਗਲਤ ਹੈ।

ਗੁਰੂ ਨਾਨਕ ਦੀ ਪ੍ਰਸਿੱਧੀ ਚੁਫੇਰੇ ਫੈਲ ਚੁੱਕੀ ਸੀ। ਕੰਨ ਪਾਟੇ ਤੇ ਹੋਰ ਸਿੱਧ ਆਦਿ ਜੋਗੀਆਂ ਵਿੱਚ ਗੁਰੂ ਸਾਹਿਬ ਹਰ ਥਾਂ ਚਰਚਾ ਵਿੱਚ ਸਨ। ਕਿਉਂਕਿ ਗੁਰੂ ਸਾਹਿਬ ਬਟਾਲੇ ਦੇ ਪਰਗਨੇ ਵਿੱਚ ਆ ਬੈਠੇ ਸਨ ਜੋਗੀਆਂ ਤੇ ਸਿੱਧਾਂ ਨੇ ਦੂਰ ਦੂਰ ਤੋਂ ਰਿੱਧੀਆਂ ਸਿੱਧੀਆਂ ਹਾਸਲ ਕਰ ਚੁੱਕੇ ਜੋਗੀਆਂ ਨੂੰ ਬਟਾਲੇ ਸੱਦਿਆ। ਨਾਲੇ ਗੁਰੂ ਸਾਹਿਬ ਨੂੰ ਵੀ ਸੱਦਾ ਭੇਜ ਦਿੱਤਾ ਕਿ ਉਹ ਵੀ ਸ਼ਿਵਰਾਤ੍ਰੀ ਦਾ ਮੇਲਾ ਸਾਡੇ ਨਾਲ ਵੇਖਣ।

ਭਗਵਾਨ ਸ਼ਿਵ ਨੂੰ ਮੰਨਣ ਵਾਲਿਆ ਲਈ ਫੱਗਣ ਸੁਦੀ 14 ਨੂੰ ਆਉਣ ਵਾਲਾ ਸ਼ਿਵਰਾਤਰੀ ਤਿਉਹਾਰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਇਸ ਰਾਤ ਨੂੰ ਕਹਿੰਦੇ ਹਨ ਅਰਾਧਨਾ ਵਿੱਚ ਲੱਗੇ ਜੋਗੀਆਂ ਨੂੰ ਸੁੰਨ ਅਵਸਥਾ ਦਾ ਗਿਆਨ ਹੋ ਜਾਂਦਾ ਹੈ। ਅੱਚਲ ਵਟਾਲੇ (ਜਾਂ ਬਟਾਲੇ) ਦੀ ਸ਼ਿਵਰਾਤ੍ਰੀ ਪੂਰੇ ਪੰਜਾਬ ਵਿੱਚ ਪ੍ਰਸਿੱਧ ਰਹੀ ਹੈ। ਬਟਾਲੇ ਤੋਂ 5 ਕਿ. ਮੀ. ਦੱਖਣ ਵਿੱਚ 9 ਵੀ ਸਦੀ ਈਸਵੀ ਦਾ ਅਚਲੇਸ਼ਵਰ (ਅੱਚਲ) ਮੰਦਰ ਹੈ। ਜੋਗਮਤ ਦਾ ਸਿਖਰ ਹੋਣ ਕਰਕੇ ਇਸ ਜੁਗ ਵਿੱਚ ਹੋਰਨੀ ਥਾਂਈ ਵੀ ਇਸ ਨਾਂ ਦੇ ਸ਼ਿਵ ਮੰਦਰ ਬਣੇ ਸਨ। ਲੋਧੀ ਸਲਤਨਤ ਕਾਲ ਵੇਲੇ ਇਸ ਮੰਦਰ ਨੂੰ ਵੀ ਨੁਕਸਾਨ ਪਹੁੰਚਾਇਆ ਗਇਆ ਸੀ। ਮੁੱਗਲੀਆ ਹਕੂਮਤ ਆਉਣ ਤੇ ਸ਼ੁਰੂ ਵਿੱਚ ਹਿੰਦੂ ਸ਼ਰਧਾਲੂਆਂ ਵਿੱਚ ਮੰਦਰਾਂ ਪ੍ਰਤੀ ਜੋਸ਼ ਵਧਿਆ ਸੀ।

ਫਰਵਰੀ/ਮਾਰਚ 1534 ਈ. ਦੀ ਗਲ ਹੈ। ਜੋਗੀਆਂ ਨੇ ਐਤਕਾਂ ਸ਼ਿਵਰਾਤ੍ਰੀ ਮੇਲੇ ਬਾਰੇ ਵਾਧੂ ਪ੍ਰਚਾਰ ਕੀਤਾ। ਉਂਜ ਵੀ ਅੱਚਲ ਦਾ ਮੇਲਾ ਖੂਬ ਪ੍ਰਸਿੱਧ ਹੁੰਦਾ ਸੀ। ਗੁਰੂ ਸਾਹਿਬ ਇਸ ਵੇਲੇ ਕਰਤਾਰਪੁਰ ਹੀ ਬਰਾਜੇ ਹੋਏ ਸਨ। ਭਾਈ ਲਹਿਣਾ ਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਸਾਹਿਬ ਵੀ ਅੱਚਲ ਦੇ ਮੇਲੇ ਵਿੱਚ ਪਹੁੰਚ ਗਏ। ਮੰਦਰ ਦੁਆਲੇ ਸੈਕੜੇ ਹੋਰ ਵੀ ਹੱਟੀਆਂ ਲੱਗੀਆਂ ਹੋਈਆਂ ਸਨ। ਫਿਰ ਸਭਿਆਚਾਰਕ ਪ੍ਰੋਗਰਾਮ ਕਰਨ ਵਾਲਾ ਹਰ ਕਲਾਕਾਰ ਅਜਿਹੇ ਮੇਲਿਆ ਵਿੱਚ ਪਹੁੰਚਿਆ ਕਰਦਾ ਸੀ। ਗੁਰੂ ਸਾਹਿਬ ਦਾ ਤੰਬੂ ਮੰਦਰ ਦੇ ਦੱਖਣ ਪਾਸੇ ਲੱਗਾ। ਕਿਉਂਕਿ 1534 ਈ. ਤੱਕ ਗੁਰੂ ਨਾਨਕ ਦੀ ਸ਼ੋਹਰਤ ਚੁਫੇਰੇ ਫੈਲ ਚੁੱਕੀ ਸੀ। ਬਚਨ ਸੁਣਨਾਂ ਜਾਂ ਰੂਹਾਨੀਅਤ ਦਾ ਗਿਆਨ ਲੈਣਾ ਵੱਖਰੀ ਗਲ, ਬਹੁਤੇ ਲੋਕ ਗੁਰੂ ਸਾਹਿਬ ਨੂੰ ਵੇਖਣ ਜਾਂ ਦਰਸ਼ਨ ਕਰਨ ਲਈ ਉਲਟ ਪਏ। ਗੁਰੂ ਸਾਹਿਬ ਬਾਬਤ ਲੋਕਾਂ ਦੀ ਖਿੱਚ ਕਾਰਨ ਜੋਗੀਆਂ ਨੂੰ ਬਹੁਤ ਈਰਖਾ ਹੋ ਗਈ।

ਸਾਰਾ ਸੋਚ ਸਮਝ ਕੇ ਉਹਨਾਂ ਫਿਰ ਚਮਤਕਾਰ ਵਿਖਾਉਂਣ ਦੀ ਨੀਤੀ ਅਪਣਾਈ। ਕਿਉਂਕਿ ਅੁਹਨਾਂ ਨੂੰ ਪਤਾ ਸੀ ਕਿ ਜੱਗੋਂ ਤੇਰਵੀ ਗਲ ਲਈ ਲੋਕ ਉਮੰਡ ਆਉਂਦੇ ਨੇ।

**ਭਗਤੀਆਂ ਦੀ ਗਵਾਚੀ ਗੜ੍ਹਵੀ** -ਗੁਰੂ ਸਾਹਿਬ ਦੇ ਨਾਲ ਦਾ ਅੱਡਾ ਭਗਤੀਆਂ (ਜਾਂ ਰਾਸਧਾਰੀਆਂ ਦਾ ਜੋ ਮੰਦਰ ਵਿੱਚ ਗਾਉਣ ਦਾ ਕੰਮ ਕਰਦੇ ਨੇ) ਦਾ ਸੀ। ਉਹ ਗਾ ਵਜਾ ਰਹੇ ਸਨ ਤੇ ਸ਼ਰਧਾਲੂ ਖੁਸ਼ ਹੋ ਹੋ ਉਹਨਾਂ ਦੀ ਗੜ੍ਹਵੀ ਵਿੱਚ ਪੈਸੇ ਪਾ ਦਿੰਦੇ ਸਨ। ਅੁਹਨਾਂ ਦੇ ਅੱਡੇ ਤੇ ਜੋਗੀਆਂ ਦਾ ਟੋਲਾ ਪਹੁੰਚਿਆ ਤੇ ਅੁਹਨਾਂ ਨੂੰ ਸੁਚੇਤ ਕੀਤਾ ਕਿ ਆਪਣੀ ਆਪਣੀ ਮਾਇਆ ਸਾਂਭ ਲਵੋ ਭਾਈ। ਭਗਤੀਏ ਸੁਚੇਤ ਤਾਂ ਸਨ ਪਰ ਫਿਰ ਵੀ ਉਹਨਾਂ ਦੀ ਪੈਸਿਆਂ ਵਾਲੀ ਗੜ੍ਹਵੀ ਚਾਣਚੱਕ ਅਲੋਪ ਹੋ ਗਈ। ਉਹਨਾਂ ਵਿੱਚ ਭੜਥੂ ਪੈ ਗਿਆ। ਗਾਣਾਂ ਵਜਾਣਾ ਜਾਂ ਭਗਤੀ ਭੁੱਲ ਕੇ ਉਹ ਲੱਗੇ ਵੈਣ ਪਾਉਣ ਕਿ ਜਿਸ ਕਿਸੇ ਨੇ ਵੀ ਗੜਵੀ ਚੁੱਕੀ ਹੈ ਉਸ ਦਾ ਸਤਿਆਨਾਸ ਹੋ ਜਾਵੇਗਾ। ਲੱਗੇ ਦੁਹਾਈਆ ਦੇਣ। ਜੋਗੀ ਮੁਸਕਰਾ ਰਹੇ ਸਨ। ਜਿਵੇ ਭਾਈ ਗੁਰਦਾਸ ਲਿਖਦੇ ਹਨ:-

> ਮੇਲਾ ਸੁਣ ਸਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥
> ਦਰਸਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ॥
> ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ॥
> ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ॥
> ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ॥
> ਭਗਤੀਆਂ ਗਈ ਭਗਤ ਬੂਲ ਲੋਟੇ ਅੰਦਰ ਸੁਰਤ ਭੁਲਾਈ॥
> ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ॥
> ਵੇਖ ਚਲਿਤ੍ਰ ਜੋਗੀ ਖੁਣਸਾਈ ॥

ਜਾਣੀ ਜਾਣ ਬਾਬੇ ਨੇ ਜਦੋਂ ਇਹ ਚੀਕ ਚਹਾੜਾ ਸੁਣਿਆ ਤਾਂ ਉਹ ਵੀ ਭਗਤੀਆਂ ਦੇ ਅੱਡੇ ਤੇ ਗਏ ਤਾਂ ਪੁੱਛ ਗਿੱਛ ਕੀਤੀ ਕਿ ਕੀ ਹੋ ਗਿਆ? ਜਦੋਂ ਬਾਬਾ ਪੁੱਛ ਰਿਹਾ ਸੀ ਤਾਂ ਜੋਗੀ ਕਿਲਕਾਰੀ ਮਾਰ ਰਹੇ ਸਨ, "ਬਾਬਾ ਜੇ ਤੂੰ ਜਾਣੀ ਜਾਣ ਹੈ ਤਾਂ ਕਰ ਇਹਨਾਂ ਗਰੀਬਾਂ ਦੀ ਮਦਦ। "

ਗੁਰੂ ਸਾਹਿਬ ਨੇ ਨਾਲ ਹੀ ਖੜੇ ਇੱਕ ਜੋਗੀ ਦੀ ਖੱਫਣੀ ਤੇ ਹੱਥ ਮਾਰਿਆ ਤੇ ਕਿਹਾ ਕਿ ਕੱਢ ਗੜਵੀ ਬਾਹਰ ਭਾਈ। ਜਿਵੇ ਗੜਵੀ ਬਾਹਰ ਆਈ ਸ਼ਰਮ ਨਾਲ ਜੋਗੀਆਂ ਦੇ ਰੰਗ ਉੱਡ ਗਏ।

ਜੋਗੀਆਂ ਕਿਹਾ ਕਿ ਅਸੀ ਗੜ੍ਹਵੀ ਦੇ ਹੀ ਦੇਣੀ ਸੀ, ਇਹ ਅਸੀ ਕਰਾਮਾਤ ਵਿਖਾ ਰਹੇ ਸੀ ਜੋ ਬਾਬਾ ਨਾਨਕ ਸਮਝ ਗਇਆ ਹੈ।

ਖਾਧੀ ਖੁਣਸ ਜੋਗੀਸਰਾਂ ਗੋਸਟ ਕਰਨ ਸਭੇ ਉਠ ਆਈ॥
ਪੁਛੇ ਜੋਗੀ ਭੰਗਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਨ ਜਾਈ॥
ਬਿਨ ਦਿੱਤੇ ਕਿਛ ਹਥ ਨ ਆਈ ॥ (ਭਾਈ ਗੁਰਦਾਸ)

ਸ਼ਰਮਿੰਦੇ ਹੋਏ ਜੋਗੀਆਂ ਨੇ ਗੁਰੂ ਸਾਹਿਬ ਨੂੰ ਤਾਹਨੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਬਾਬਾ ਨਾਨਕ ਵੀ ਜੋਗੀ ਹੀ ਹੈ, ਇਸ ਕਰਕੇ ਇਹ ਕਰਾਮਾਤ ਦੇ ਗੁਰ ਜਾਣਦਾ ਹੈ। ਪਰ ਬਾਬਾ ਨਾਨਕ ਜੋਗ ਦਾ ਕਠਨ ਮਾਰਗ ਤਿਆਗ ਕੇ ਡਰਦਾ ਹੁਣ ਫਿਰ ਗ੍ਰਿਸਤੀ ਬਣ ਗਇਆ ਹੈ। "ਬਾਬਾ ਦੱਸ ਫਿਰ ਕਿਓ ਤੂੰ ਸੰਨਿਆਸ ਤਿਆਗਿਆ?"

ਗੁਰੂ ਸਾਹਿਬ ਨੇ ਕਿਹਾ ਜੋਗੀਓ ਤੁਹਾਡਾ ਤਾਂ ਸਿਧਾਂਤ ਹੀ ਗਲਤ ਹੈ। ਕੁੱਝ ਸੋਚੋ ਜਿਸ ਗ੍ਰਿਸਤ ਨੂੰ ਤੁਸੀ ਤਿਆਗ ਕੇ ਬਣਵਾਸੀ ਬਣੇ ਸੰਨਿਆਸ ਧਾਰਨ ਕੀਤਾ ਫਿਰ ਜਦੋਂ ਤੁਹਾਨੂੰ ਭੁੱਖ ਸਤਾਉਂਦੀ ਹੈ ਤਾਂ ਓਸੇ ਘਰ ਮੰਗਣ ਚਲੇ ਜਾਂਦੇ ਹੋ। ਕੁੱਝ ਤਾਂ ਸੋਚੋ! ਓਏ ਭੋਲਿਓ ਕੁੱਝ ਕਿਰਤ ਵਿਰਤ ਕਰੋ। ਦੁਨੀਆ ਦਾ ਦਸਤੂਰ ਹੈ ਬਿਨਾਂ ਕੁੱਝ ਦਿਤਿਆ ਕੁੱਝ ਹਾਸਲ ਨਹੀ ਹੁੰਦਾ।

ਇਹ ਸੁਣ ਕੇ ਜੋਗੀਆਂ ਨੂੰ ਹੋਰ ਖੁੰਦਕ ਆ ਗਈ, "ਵੇਖੋ ਇਸ ਬੇਦੀ ਪੁੱਤ੍ਰ ਨੇ ਸਾਰੇ ਸ਼ਾਸਤ੍ਰ ਨੂੰ ਗਲਤ ਆਖਿਆ ਹੈ। ਇਹ ਤਾਂ ਸੰਨਿਆਸ ਨੂੰ ਪਿਆ ਭੰਡ ਰਿਹਾ ਹੈ। ਇਹਨੇ ਅਜੇ ਜੋਗੀਆਂ ਦਾ ਵੇਖਿਆ ਹੀ ਕੀ ਹੈ?"

ਸਿੱਧਾਂ ਨੇ ਅਸਮਾਨ ਵਿੱਚ ਉੱਡਣਾਂ ਸ਼ੁਰੂ ਕਰ ਦਿੱਤਾ

**ਸਿੱਧਾਂ ਨੇ ਕਰਾਮਾਤ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ**

। ਆਪਣੀ ਆਪਣੀ ਤਾਕਤ ਦਾ ਲੱਗੇ ਮੁਜਾਹਰਾ ਕਰਨ।

ਇੱਕ ਕੰਧ ਤੇ ਬਹਿ ਗਇਆ ਤੇ ਕੰਧ ਨੂੰ ਹੀ ਦੁੜਾਈ ਫਿਰੇ। ◈ ਇੱਕ ਜਣਾ ਸਰੋਵਰ ਦੇ ਪਾਣੀ ਉੱਤੇ ਤੁਰਨ ਲੱਗ ਪਿਆ। ਇੱਕ ਜਣਾ ਹਿਰਨ ਦੀ ਖੱਲ ਉਤੇ ਬਹਿ ਉਨ੍ਹੂੰ ਪਿਆ ਅਸਮਾਨ ਵਿੱਚ ਉੱਡਾਵੇ, ਕਹੇ ਦੱਸੋ ਕਿਹੜਾ ਤਾਰਾ ਤੋੜ ਲਿਆਵਾਂ? ਇਸ ਤਰਾਂ ਰੰਗ ਰੰਗ ਦੇ ਚਮਤਕਾਰ ਲੱਗੇ ਕਰਨ।

ਕਿਲਕਾਰੀਆਂ ਪਏ ਮਾਰਨ। ਗੁਰੂ ਸਾਹਿਬ ਨੂੰ ਕਹਿਣ ਲੱਗੇ 'ਗ੍ਰਿਸਤੀ ਨਾਨਕ ਵਿਖਾ ਕੋਈ ਚਮਤਕਾਰ ਜੇ ਤੇਰੇ ਪੱਲੇ ਕੁੱਝ ਹੈ ਈ ਤਾਂ? ਇੱਕ ਗੜ੍ਹਵੀ ਲੱਭ ਕੇ ਇਹ ਹੰਕਾਰ ਵਿੱਚ ਆ ਗਇਆ ਹੈ। ਗੁਰੂ ਸਾਹਿਬ ਨੂੰ ਲਲਕਾਰਿਆ ਕਿ ਇਹ ਤਾਂ ਵੰਨਗੀ ਸੀ। ਅਸਲ ਖੇਡ ਤਾਂ ਹੁਣ ਸ਼ੁਰੂ ਹੋਵੇਗੀ। ਹੁਣ ਵੇਖੀ ਤੂੰ ਰਿੱਧੀਆਂ ਸਿੱਧੀਆਂ ਦੀ ਜੋਗ ਕਰਾਮਾਤ! ਗੜ੍ਹਵੀ ਤਾਂ ਛੋਟੀ ਜਿਹੀ ਵਸਤੂ ਸੀ ਤੂੰ ਸਾਨੂੰ ਹੀ ਲੱਭ ਕੇ ਦਿਖਾ ਦਈ।"



ਅੱਚਲ ਸਾਹਬਿ ਸੰਨ 1933ਈ. (ਸਾਈਕਲ ਯਾਤਰੀ)

ਗੁਰੂ ਸਾਹਿਬ ਕਿਹਾ ਅਸੀ ਤਾਂ ਗਰੀਬ ਨਿਮਾਣੇ ਗ੍ਰਿਸਤੀ ਬੰਦੇ ਹਾਂ, ਸਾਡੇ ਕੋਲ ਚਮਤਕਾਰ ਕਿਥੇ? ਅਸੀ ਤਾਂ ਰੱਬ ਦੀ ਰਜਾ ਦਾ ਹੋਕਾ ਦਿੰਦੇ ਹਾਂ। ਚਮਤਕਾਰ ਤਾਂ ਸਾਡੇ ਲਈ ਕਹਿਰ ਬਰਾਬਰ ਹੈ। ਜਿਵੇ ਭਾਈ ਗੁਰਦਾਸ ਲਿਖਦੇ ਹਨ:-

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ॥
ਖਟ ਦਰਸਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥
ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ॥
ਸਿਧਾਂ ਅਗਨ ਨ ਬੁਝੇ ਬੁਝਾਈ ॥

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥
ਕੁੱਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤ ਚਲਾਈ॥
ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸਬਦ ਗੁਰੂ ਕੈ ਕਲਾ ਛਪਾਈ॥
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ॥
ਸੋ ਦੀਨ ਨਾਨਕ ਸਤਿਗੁਰ ਸਰਣਾਈ ॥

ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਹੁ ਅਲਾਈ॥
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥
ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ॥
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ॥
ਤੋਲੀਂ ਧਰਤਿ ਆਕਾਸ ਦੁਇ ਪਿਛੇ ਛਾਬੇ ਟੰਕ ਚੜ੍ਹਾਈ॥
ਏਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ॥
ਸਤਿਨਾਮ ਬਿਨ ਬਾਦਰ ਛਾਈ ॥ (ਭਾਈ ਗੁਰਦਾਸ)

ਖੈਰ ਗੁਰੂ ਸਾਹਿਬ ਨੇ ਕਿਹਾ "ਹਾਂ ਠੀਕ ਹੈ ਸਿੱਧੋ! ਤੁਸੀ ਲੁਕੋ। ਅਸੀ ਕੋਸ਼ਿਸ਼ ਕਰਦੇ ਹਾਂ ਤੁਹਾਨੂੰ ਲੱਭਣ ਦੀ।"

ਸਿੱਧਾਂ ਨੇ ਝੱਟ ਰੂਪ ਵਟਾਏ

ਸਿੱਧਾਂ ਨੇ ਝੱਟ ਰੂਪ ਵਟਾ ਲਏ। ਕੋਈ ਸਰੋਵਰ ਵਿੱਚ ਡੱਡੂ ਬਣ ਗਿਆ, ਕੋਈ ਮੱਛੀ। ਕਿਸੇ ਨੇ ਗਾਂ ਦਾ ਰੂਪ ਧਾਰਨ ਕਰ ਲਿਆ, ਕੋਈ ਘੁੱਗੀ, ਕੋਈ ਕਬੂਤਰ, ਕੋਈ ਕਾਂ ਬਣ ਜਾ ਦਰੱਖਤਾਂ ਤੇ ਚੜੇ। ਕੋਈ ਮੱਖੀ ਬਣ ਗਿਆ ਅਤੇ ਕੋਈ ਮੱਛਰ।

ਇਨਾਂ ਦਾ ਮੁੱਖੀ ਭੰਗਰ ਨਾਥ ਕਹਿਣ ਲੱਗਾ "ਭਾਈ ਨਾਨਕ ਗ੍ਰਿਸਤੀ ਲੱਭ ਹੁਣ ਸਿੱਧਾਂ ਨੂੰ, ਜਿੰਨਾਂ ਨੇ ਸੰਨਿਆਸ ਦਾ ਕਠਨ ਮਾਰਗ ਜੀਵਨ ਭਰ ਨਹੀ ਤਿਆਗਿਆ।"

ਗੁਰੂ ਸਾਹਿਬ ਪਹਿਲਾਂ ਸਰੋਵਰ 'ਚ




ਗਏ। ਡੱਡੂ ਨੂੰ ਫੜਿਆ। ਭੰਗਰ ਨਾਥ ਦੇ ਸਾਹਮਣੇ ਲਿਆ ਰੱਖਿਆ, "ਆ ਆਪਣੇ ਅਸਲੀ ਰੂਪ ਵਿਚ, ਕਿਹੜਾ ਨਾਥ ਹੈ ਤੂੰ।"

ਨਿਮੋਝਾਣਾ ਹੋਇਆ ਸਿੱਧ ਆਪਣੇ ਗੁਰੂ ਭੰਗਰ ਨਾਥ ਦੇ ਸਾਹਮਣੇ ਮੂੰਹ ਹੇਠਾਂ ਕਰੀ ਖੜਾ ਸੀ।

ਸਾਹਿਬ ਨੇ ਹੁਣ ਸਰੋਵਰ ਵਿੱਚ ਟੁੱਬੀ ਮਾਰੀ ਤੇ ਦੂਸਰੇ ਸਿੱਧ ਨੂੰ ਬਾਹਰ ਲਿਆ ਕੱਢਿਆ। ਸ੍ਰੀ ਸ੍ਰੀ ਜੋਗੀ ਨਾਥ ਮੱਛੀ ਦਾ ਰੂਪ ਧਾਰਨ ਕਰੀ ਬੈਠਾ ਸੀ। ਭੰਗਰ ਨਾਥ ਦੇ ਸਾਹਮਣੇ ਮੱਛੀ ਲਿਆ ਰੱਖੀ। ਜਲ ਬਿਨਾਂ ਮੱਛੀ ਔਖਾ ਸਾਹ ਲੈ ਰਹੀ ਸੀ। ਸਾਹਿਬ ਨੇ ਕਿਹਾ ਸਿੱਧ ਜੀ ਆਪਣੇ ਰੂਪ ਵਿੱਚ ਆਓ। ਸਿੱਧ ਨਾਥ ਆਪਣੇ ਗੁਰੂ ਦੇ ਸਨਮੁੱਖ ਸੀ।

ਫਿਰ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਹੁਕਮ ਕੀਤਾ ਕਿ ਪਿੱਪਲ ਦੇ ਉੱਤੇ ਚੜੋ। ਇਹ ਜਿਹੜੇ ਘੁੱਗੀਆਂ ਕਬੂਤਰ ਬਣੇ ਪਏ ਨੇ ਇਨਾਂ ਨੂੰ ਸਿਰੀਆਂ ਤੋਂ ਫੜ ਲਿਆਓ। ਇਹ ਉੱਡ ਨਹੀ ਸਕਣਗੇ। ਭਾਈ ਲਹਿਣੇ ਨੇ ਵਾਰੀ ਵਾਰੀ ਕਾਂ ਕਬੂਤਰ ਬਣੇ ਨਾਥ ਜੋਗੀ ਹੇਠਾਂ ਲਾਹ ਦਿੱਤੇ।

ਏਸੇ ਪ੍ਰਕਾਰ ਮੱਖੀ ਮੱਛਰ ਗਾਂ ਆਦਿ ਬਣੇ ਸਭ ਸਿੱਧ ਗੁਰੂ ਸਾਹਿਬ ਨੇ ਬੋਦੀਓਂ ਫੜ੍ਹ ਫੜ੍ਹ ਸਾਰੇ ਦਰਸ਼ਕਾਂ ਤੇ ਸਿੱਧ ਗੁਰੂ ਅੱਗੇ ਪੇਸ਼ ਕਰ ਦਿੱਤੇ।

ਇਤਿਹਾਸ ਵਿੱਚ ਆਉਦਾ ਹੈ ਕਿ ਜਦੋਂ ਗੁਰੂ ਸਾਹਿਬ ਇਹ ਭਾਲ ਕਰ ਰਹੇ ਸਨ ਤਾਂ ਭੰਗਰ ਨਾਥ ਨੇ ਅੱਖ ਚੁਰਾ ਕੇ ਸ਼ਹਿਜਾਦੇ ਦੀ ਰਬਾਬ ਲੁਕਾ ਲਈ।

ਸ਼ਹਿਜਾਦੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਮੇਰੀ ਰਬਾਬ ਗਾਇਬ ਹੈ।

ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਭਾਈ ਹੁਣ ਹੋਰ ਜਿਆਦਾ ਨਹੀ ਜਿਸ ਕਿਸੇ ਨੇ ਰਬਾਬ ਲੁਕਾਈ ਹੈ ਉਹ ਪ੍ਰਗਟ ਕਰੇ ਨਹੀ ਤਾਂ ਉਨ੍ਹੰ ਜੁੱਤੀਆ ਦੀ ਸਜਾ ਮਿਲੇਗੀ। ਦੋ ਤਿੰਨ ਵਾਰੀ ਕਹਿਣ ਤੇ ਵੀ ਰਬਾਬ ਪੇਸ਼ ਨਹੀ ਕੀਤੀ ਗਈ।


ਅੱਚਲੇਸ਼ਵਰ ਮੰਦਰ, ਬਟਾਲਾ

ਕਿਹਾ ਜਾਂਦਾ ਹੈ ਕਿ ਉਸ ਵੇਲੇ ਫਿਰ ਗੁਰੂ ਸਾਹਿਬ ਨੇ ਆਪਣੀ ਜੁੱਤੀ ਲਾਹ ਕੇ ਹਵਾ ਵਿੱਚ ਉਛਾਲੀ। ਭੰਗਰ ਨਾਥ ਨੂੰ ਇਉ ਲੱਗ ਰਿਹਾ ਸੀ ਕਿ ਜਿਵੇ ਫਾੜ ਫਾੜ ਉਸ ਦੇ ਜੁੱਤੀਆਂ ਪੈ ਰਹੀਆਂ ਸਨ। ਭੰਗਰ ਨਾਥ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਆਹ ਜੁੱਤੀ ਨੂੰ ਰੋਕੋ ਮੈਂ ਰਬਾਬ ਪੇਸ਼ ਕਰਦਾ ਹਾਂ। ਉਸ ਤੁਰੰਤ ਰਬਾਬ ਪੇਸ਼ ਕਰ ਦਿੱਤੀ।

ਸਾਧੂ ਫਕੀਰਾਂ ਦੀ ਤਾਂ ਇਹ ਖੇਡ ਤਮਾਸ਼ਬੀਨ ਵੇਖ ਵੇਖ ਆਨੰਦ ਲੈ ਰਹੇ ਸਨ। ਕੋਈ ਜੋਗੀਆਂ ਦੀ ਤਾਰੀਫ ਕਰ ਰਿਹਾ ਸੀ, ਕੋਈ ਧੰਨ ਗੁਰੂ ਨਾਨਕ ਕਹਿ ਰਿਹਾ ਸੀ।

ਆਖੀਰ ਸਿੱਧਾਂ ਨੇ ਨਿਮਾਣੇ ਹੋ ਕੇ ਬੇਨਤੀ ਕੀਤੀ ਬਾਬਾ ਜੀ ਹੁਣ ਤੁਸੀ ਛੁਪੋ। ਅਸੀ ਤੁਹਾਨੂੰ ਲੱਭ ਕੇ ਦਿਖਾਵਾਂਗੇ। ਜਦੋਂ ਉਨਾਂ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਠੀਕ ਹੈ।

ਸਾਹਿਬ ਨੇ ਕਿਹਾ ਕਿ ਜੇ ਤੁਸੀ ਮੈਨੂੰ ਲੱਭ ਲਵੋ ਤਾਂ ਵਾਹ ਭਲਾ, ਨਹੀ ਇੱਕ ਟਕਾ ਮੇਰੇ ਸਥਾਨ ਤੇ ਰੱਖ ਕੇ ਅਰਦਾਸ ਕਰਨੀ, ਮੇਰਾ ਵਾਇਦਾ ਹੈ ਮੈਂ ਪ੍ਰਗਟ ਹੋ ਜਾਵਾਂਗਾ।

ਗੁਰੂ ਸਾਹਿਬ ਨੇ ਅੰਤਰ ਧਿਆਨ ਹੋ ਕੇ ਅਰਦਾਸ ਕੀਤੀ ਤਾਂ ਉਹ ਭੌਤਿਕ ਰੂਪ ਤੋਂ ਗਾਇਬ ਹੋ ਗਏ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਰਚਨਹਾਰ ਦੀ ਤਰਾਂ ਪੰਜਾਂ ਤੱਤਾਂ ਵਿੱਚ ਵਿਲੀਨ ਹੋ ਗਏ : ਹਵਾ ਨਾਲ ਹਵਾ, ਪਾਣੀ ਨਾਲ ਪਾਣੀ, ਧਰਤੀ, ਅਕਾਸ਼ ਅਤੇ ਅਗਨੀ।

ਸਿੱਧ ਜੋਗੀ ਬਥੇਰੀ ਝੱਖ ਮਾਰ ਹਟੇ ਪਰ ਅਕਾਲ ਰੂਪ ਹੋਣ ਕਰਕੇ ਬਾਬਾ ਨਾਨਕ ਕਿਥੇ ਦਿਸੇ। ਬਥੇਰਾ ਧਿਆਨ ਜਾਂ ਸੁਰਤ ਲਾ ਲਾ ਕੇ ਹਰ ਕਿਸੇ ਨੇ ਲੱਭਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਨੂੰ ਲੱਭ ਨਹੀ ਸਕੇ।

ਅੰਤ ਫਿਰ ਓਸੇ ਤਰਾਂ ਕੀਤਾ ਜਿਵੇ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ। ਨਿਮਰਤਾ ਵਿੱਚ ਆ, ਇਕੱਠੇ ਹੋ ਅਰਦਾਸ ਕੀਤੀ ਕਿ ਬਾਬਾ ਜੀ ਅਸੀ ਹਾਰ ਗਏ ਹੁਣ ਦਰਸ਼ਨ ਦਿਓ।

ਗੁਰੂ ਸਾਹਿਬ ਹੱਥ ਬੰਨੀ ਸਿੱਧਾਂ ਦੇ ਸਨਮੁੱਖ ਸਨ। ਸਿੱਧ ਬੋਲ ਉਠੇ 'ਧੰਨ ਨਾਨਕ ਤੇਰੀ ਵੱਡੀ ਕਮਾਈ।'

> ਬਾਬੇ ਕੀਤੀ ਸਿਧ ਗੋਸਟ ਸਬਦ ਸਾਂਤਿ ਸਿਧਾਂ ਵਿਚ ਆਈ ॥
> ਜਿਣ ਮੇਲਾ ਸਿਵਰਾਤ ਦਾ ਖਟ ਦਰਸਨ ਆਦੇਸ ਕਰਾਈ॥
> ਸਿਧ ਬੋਲਨ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥
> ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥ (ਭਾਈ ਗੁਰਦਾਸ)

ਸਿੱਧ ਜੋਗੀ ਸਭ ਨਿਮ੍ਰਤਾ ਵਿੱਚ ਆ ਗਏ। ਲੱਗੇ ਗੁਰੂ ਸਾਹਿਬ

ਅੱਗੇ ਬੇਨਤੀਆਂ ਕਰਨ ਕਿ "ਬਾਬਾ ਜੀ ਸਾਡੇ ਤੇ ਵੀ ਕਿਰਪਾ ਕਰੋ। ਸਾਨੂੰ ਵੀ ਉਹ ਗੁਰ ਬਖਸ਼ੋ ਜਿਸ ਰਾਂਹੀ ਤੁਸੀ ਅਜਿਹੀ ਅਲੌਕਿਕ ਸਿੱਧੀ ਹਾਸਲ ਕੀਤੀ ਹੈ। ਉਹ ਕੀ ਰਾਜ ਹੈ ਸਾਡੇ ਨਾਲ ਵੀ ਸਾਂਝਾ ਕਰੋ। ਅਸੀ ਤਾਂ ਰੱਬ ਦੀ ਦੌੜ ਵਿਚ ਜ਼ਿੰਦਗੀ ਗਾਲ ਲਈ ਹੈ। ਸਾਡੇ ਤੇ ਤਰਸ ਕਰੋ।"



ਗੁਰਦੁਆਰਾ ਬੇਰ ਸਾਹਿਬ ਅੱਚਲ ਬਟਾਲਾ

ਗੁਰੂ ਸਾਹਿਬ ਨੇ ਹੱਥ ਬੰਨ ਬੇਨਤੀ ਕੀਤੀ ਕਿ ਮੇਰੇ ਨਾਥ ਸਾਹਿਬਾਨ ਮੈਂ ਤਾਂ ਬਸ ਨਾਮ ਦੇ ਲੜ ਲੱਗਾਂ ਹਾਂ। ਸਿਫਤ ਸਲਾਹ ਹੀ ਮੇਰਾ ਮਾਰਗ ਹੈ ਹੋਰ ਕੋਈ ਕਰਾਮਾਤ ਨਹੀ। ਮੈਂ ਤਾਂ ਬਸ ਰਚਨਹਾਰ ਸਾਰੀ ਸ੍ਰਿਸਟੀ ਦੇ ਮਾਲਕ ਦਾ ਧਿਆਨ ਕਰ ਉਹਦੀ ਸਿਫਤ ਸਲਾਹ, ਵਡਿਆਈ ਹੀ ਕਰਦਾ ਹਾਂ। ਸਾਹਿਬ ਨੇ ਰਾਗ ਸੂਹੀ ਵਿੱਚ ਸ਼ਬਦ ਬੋਲਿਆ:

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

ਸਿੱਧਾਂ ਕਿਹਾ ਬਾਬਾ ਜੀ ਤੁਸੀ ਰੱਬ ਦਾ ਰੂਪ ਹੋ

ਗੁਰੂ ਸਾਹਿਬ ਦੀਆਂ ਅਲੌਕਿਕ ਸ਼ਕਤੀਆਂ ਦਾ ਅਹਿਸਾਸ ਕਰਕੇ ਸਿੱਧਾਂ ਨੇ ਦੁਹਾਈ ਦੇ ਦਿੱਤੀ ਕਿ ਇਹ ਤਾਂ ਖੁੱਦ ਭਗਵਾਨ ਧਰਤੀ ਤੇ ਆਏ ਹੋਏ ਨੇ। ਇਸ ਤੇ ਗੁਰੂ ਸਾਹਿਬ ਨੇ ਵਿਰੋਧਤਾ ਜਿਤਾਈ ਤੇ ਕਿਹਾ ਕਿ ਦਰ ਅਸਲ ਜਿਸ ਕੀਟ ਤੇ ਅਕਾਲ ਪੁਰਖ ਰੀਝਦਾ ਹੈ ਉਸ ਨੂੰ ਆਪਣੀ ਵਡਿਆਈ ਕਰਨ ਦੀ ਤਾਕਤ ਬਖਸ਼ਦਾ ਹੈ। ਮੈਂ ਤਾਂ ਬਸ ਉਸ ਨਿਰੰਕਾਰ ਦਾ ਨਾਮ ਜਪਦਾ ਹੈ। ਬਾਕੀ ਕਰਨ ਕਰਾਵਨਹਾਰ ਆਪ ਨਿਰੰਕਾਰ ਹੈ। ਸਾਹਿਬ ਨੇ ਸਲੋਕ ਬੋਲਿਆ:

ਸਲੋਕੁ ਮਃ ੧ ॥ ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥

## ਤੇ ਫਿਰ ਬਾਬਾ ਜੀ ਉਹ ਸੱਚਖੰਡ ਕਿਥੇ ਹੈ: ਸਵੱਰਗ?●

ਜੋਗੀ ਸਿਧਾਂਤ ਦੇ ਖੰਡਣ ਬਾਰੇ ਇਥੇ ਵੀ ਜੋ ਗਲ ਬਾਤ ਹੋਈ ਉਹ ਸੁਮੇਰ ਪਰਬਤ ਤੇ ਹੋਈ ਗੋਸ਼ਟਿ ਬਰਾਬਰ ਹੀ ਸੀ। (ਵੇਖੋ ਸਫਾ 310) ਇਥੇ ਵੀ ਜੋਗੀ ਲਾਜਵਾਬ ਸਨ।

ਗੁਰੂ ਸਾਹਿਬ ਦਾ ਉਪਦੇਸ਼ ਸੁਣ ਸਿੱਧਾਂ ਆਪਸ ਵਿੱਚ ਕਿਹਾ ਕਿ ਕੀ ਅਸੀ ਸਾਰੀ ਉਮਰ ਰੇਤ ਹੀ ਛਾਣਦੇ ਰਹੇ ਹਾਂ? ਉਨਾਂ ਨੂੰ ਹੋਰ ਵੀ ਦੁਖ ਲੱਗਾ ਜਦੋਂ ਗੁਰੂ ਸਾਹਿਬ ਨੇ ਇਹ ਸੁਰਤ ਘੁਮਾਉਣ ਵਾਲੇ ਸਿਧਾਂਤ ਦਾ ਖੰਡਣ ਕੀਤਾ। ਉਨਾਂ ਨੂੰ ਪਤਾ ਲੱਗ ਗਇਆ ਕਿ ਸੱਚਖੰਡ ਉਹ ਨਹੀ ਜਿਹਦੀ ਕਲਪਣਾ ਅਸੀ ਕਰੀ ਗਏ ਤੇ ਖਿਆਲੀ ਪੁਲਾਅ ਪਕਾਉਦੇ ਪਕਾਉਦੇ ਬੁੱਢੇ ਹੋ ਗਏ। ਸਿੱਧਾਂ ਤੇ ਜੋਗੀਆਂ ਦੀਆਂ ਹੁਣ ਅੱਖਾਂ ਖੁੱਲ ਚੁੱਕੀਆਂ ਸਨ।

ਸਿੱਧਾਂ ਨੇ ਸਵਾਲ ਕੀਤਾ ਕਿ ਬਾਬਾ ਜੀ ਕੀ ਅਕਾਲ ਪੁਰਖ ਨਿਰੰਕਾਰ ਜੀਆਂ ਤੇ ਤਰਸ ਕਰਕੇ ਆਪਣੇ ਨਾਲ ਨਹੀ ਮਿਲਾਉਦਾ। ਵੇਖੋ ਨਾਂ ਅਸੀ ਤਾਂ ਸਾਰੀ ਉਮਰ ਉਹਦੀ ਯਾਦ ਵਿੱਚ ਕੱਢ ਦਿੱਤੀ ਹੈ। ਘਰ ਬਾਰ ਰਿਸ਼ਤੇ ਨਾਤੇ ਤਿਆਗੇ। ਠੀਕ ਹੈ ਸਾਡੀ ਪਹੁੰਚ ਗਲਤ ਰਹੀ ਹੈ ਮਤਲਬ ਜਿਹੜੇ ਸਿਧਾਂਤ ਨੂੰ ਅਸੀ ਮੰਨਦੇ ਆਏ ਹਾਂ ਉਹ ਅਧਾਰਹੀਣ ਹੈ ਪਰ ਸਾਡਾ ਇਰਾਦਾ ਤਾਂ ਨੇਕ ਰਿਹਾ ਹੈ।

ਗੁਰੂ ਸਾਹਿਬ ਨੇ ਕਿਹਾ ਅਕਾਲ ਪੁਰਖ ਨਿਰੰਕਾਰ ਸਾਰੇ ਜੀਵਾਂ ਤੇ ਤਰਸ ਕਰਦਾ ਹੈ। ਉਹ ਦਿਆਲੂ ਹੈ। ਜੋ ਤੁਹਾਡੀ ਭਾਵਨਾ ਹੁੰਦੀ ਹੈ ਉਹਦੇ ਮੁਤਾਬਿਕ ਫਲ ਵੀ ਦਿੰਦਾ ਹੈ। ਪਰ ਦੇਖੋ। ਤੁਹਾਡੀ ਤਾਂ ਸੋਚ ਹੀ ਨਿਰੰਕਾਰ ਦੀ ਹੋਂਦ ਬਾਰੇ ਅਧਾਰਹੀਣ ਰਹੀ ਹੈ। ਉਹ ਨਿਰੰਕਾਰ ਅਜੂਨੀ ਹੈ। ਤੁਸੀ ਦੇਵੀ ਦੇਵਤਿਆਂ ਨੂੰ ਹੀ ਸਭ ਕੁੱਝ ਸਮਝ ਲਿਆ। ਤੁਸੀ ਰਚਨਹਾਰ ਨੂੰ ਛੱਡ ਕੇ ਰਚਨਾ ਦੀ ਹੀ ਪੂਜਾ ਕੀਤੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੱਲ ਤੁਸੀ ਨਿਰੰਕਾਰ ਦੀ ਹੁਕਮ ਅਦੂਲੀ ਕੀਤੀ ਹੈ। ਉਹਦੇ ਭਾਣੇ ਨੂੰ ਨਹੀ ਮੰਨਿਆ। ਰਜਾ ਦਾ ਅਸੂਲ ਭੰਨਿਆਂ ਹੈ।

ਫਿਰ ਸਿੱਧਾਂ ਕਿਹਾ ਕਿ ਪਰ ਸਾਡਾ ਇਰਾਦਾ ਤਾਂ ਨੇਕ ਸੀ?

ਗੁਰੂ ਸਾਹਿਬ ਨੇ ਇਸ ਵਕਤ ਫਿਰ ਗੁਰਬਾਣੀ ਬੋਲੀ:

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩

ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਜੇ ਤੁਸੀ ਸਮਝੋ ਕਿ ਖੁਦਕਸ਼ੀ ਕਰਕੇ ਅਕਾਲ ਪੁਰਖ ਨੂੰ ਖੁਸ਼ ਕਰ ਲਵੋਗੇ ਤਾਂ ਇਹ ਤੁਹਾਡਾ ਭੁਲੇਖਾ। ਉਹ ਉਲਟਾ ਨਰਾਜ ਹੁੰਦਾ ਹੈ। ਨਿਰੰਕਾਰ ਦੀ ਖੁਸ਼ੀ ਉਹਦੀ ਰਜਾ ਵਿੱਚ ਰਹਿਣ ਤੇ ਹੈ ਤੇ ਉਹਦੇ ਨਾਲ ਮੇਲ ਉਹਦੀ ਬਖਸ਼ਸ਼ ਸਦਕਾ ਹੀ ਹੋ ਸਕਦਾ ਹੈ। ਕਿਸੇ ਬਖਸ਼ੇ ਹੋਏ ਦੀ ਰੀਸ ਕਰਕੇ ਵੀ ਤੁਸੀ ਉਸ ਤੱਕ ਨਹੀ ਪਹੁੰਚ ਸਕਦੇ।

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥

ਪਰ ਬਾਬਾ ਜੀ ਉਹ ਵਸਦਾ ਕਿਥੇ ਹੈ? ਸਿੱਧਾਂ ਪੁੱਛਿਆ।

ਉਹ ਕਿਸੇ ਸਤਵੇ ਅਸਮਾਨ ਤੇ ਬਿਰਾਜਮਾਨ ਨਹੀ। ਗੁਰੂ ਸਾਹਿਬ ਨੇ ਕਿਹਾ ਉਹ ਨਿਰੰਕਾਰ ਸਾਡੇ ਅੰਗ ਸੰਗ ਹੈ। ਜਰੂਰਤ ਹੈ ਉਹਨੂੰ ਪਛਾਨਣ ਦੀ। ਆਪਣਾ ਹਉਮੇ ਦਾ ਪੜਦਾ ਹਟਾਉਣਾ ਪਵੇਗਾ।

## ਧਰਤੀ ਧਰਮਸਾਲ

ਜੋਗੀ ਲੋਕ ਸੁਰਤ ਰਾਂਹੀ ਸਚਖੰਡ ਪਹੁੰਚਣ ਵਿਚ ਲੱਗੇ ਰਹਿੰਦੇ ਹਨ। ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੱਚਖੰਡ ਕਿਸੇ ਦੂਸਰੇ ਗ੍ਰਿਹ ਤੇ ਨਹੀ। ਸੱਚਖੰਡ ਇਥੇ ਹੀ ਹੈ।

ਧਰਮ ਕਮਾਉਣ ਵਾਸਤੇ ਤੁਹਾਨੂੰ ਸਵੱਰਗਾਂ ਵਿੱਚ ਜਾਣ ਦੀ ਜਰੂਰਤ ਨਹੀ। ਇਹ ਜੀਵਨ, ਇਹ ਧਰਤੀ ਹੀ ਧਰਮਸਾਲ ਹੈ। ਇਥੇ ਹੀ ਨਿਰੰਕਾਰ ਦਾ ਉਹ ਮਹਾਨ ਜਬਰਦਸਤ ਖੇਲ ਚਲ ਰਿਹਾ ਹੈ। ਜਿਸਨੂੰ ਨਿਰੰਕਾਰ ਮਸਤੀ ਦੇ ਆਲਮ ਵਿੱਚ ਵੇਖ ਵਿਸਮਾਦ ਹੋਈ ਜਾ ਰਿਹਾ ਹੈ। ਰੰਗ ਰੰਗ ਦੇ ਜੀਅ, ਵੱਡੇ ਵੱਡੇ ਦੇਵੀ ਦੇਵਤੇ ਸਿੱਧ ਬੁਧ ਨਾਥ ਇਥੇ ਹੀ ਹੋਏ ਨੇ। ਬ੍ਰਹਮਾ ਵਰਗੇ ਭਗਵਾਨ ਇਥੇ ਹੀ ਹਰ ਵੇਲੇ ਰਚਨਾ ਵਿੱਚ ਲੱਗੇ ਰਹਿੰਦੇ ਨੇ। ਇਥੇ ਹੀ ਸੂਰਮੇ ਆਪਣੇ ਆਪਣੇ ਅਕੀਦੇ ਖਾਤਰ ਜਾਨਾਂ ਵਾਰ ਰਹੇ ਨੇ। ਪੌਣ, ਪਾਣੀ, ਅਗਨੀ ਦਾ ਖੇਲ ਚਲ ਰਿਹਾ ਹੈ। ਸੋ ਜਿਹੜੇ ਖੰਡਾਂ ਬ੍ਰਹਮੰਡਾਂ ਦੀ ਗਲ ਸੁਣਦੇ ਹੋ ਉਹ ਸਭ ਇਥੇ ਹੀ ਹਨ। ਰੋਸ਼ਨੀ ਲਈ ਅਨੇਕਾਂ ਸੂਰਜ ਚੰਦਰਮਾ ਆਪਣਾ ਫਰਜ ਨਿਭਾ ਰਹੇ ਨੇ। ਜਦੋਂ ਤੁਹਾਡਾ ਗਿਆਨ ਪ੍ਰਚੰਡ ਹੋਵੇਗਾ ਫਿਰ ਇਸ ਸਾਰੀ ਖੇਡ ਦੀ ਸਮਝ ਆ ਜਾਏਗੀ ਜੋ ਨਿਰੰਤਰ ਚਲ ਰਹੀ ਹੈ। ਸੱਚ ਦੀ ਅਵਸਥਾ ਤੇ ਆ ਕੇ ਤੁਹਾਨੂੰ ਨਿਰੰਕਾਰ ਦੇ ਸਾਰੇ ਡਰਾਮੇ ਦੀ ਸਮਝ ਆ ਜਾਏਗੀ ਅਤੇ ਉਹਦੀ ਹੋਂਦ ਦਾ ਖੁਦ ਨੂੰ ਹੀ ਅਹਿਸਾਸ ਹੋ ਜਾਵੇਗਾ ਜਿਸ ਦਾ ਦਰ ਅਸਲ ਬਿਆਨ ਕੀਤਾ ਹੀ ਨਹੀ ਜਾ ਸਕਦਾ। ਇਹ ਤਾਂ ਉਹ ਅਨੁਭਵ ਹੈ ਜੋ ਤੁਸੀ ਖੁਦ ਹੀ ਮਹਿਸੂਸ ਕਰੋਗੇ।

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥ ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥

ਸਿੱਧ ਨਾਥ ਸਭ ਗਦ ਗਦ ਹੋ ਗਏ। ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ ਦਾ ਜੈਕਾਰੇ ਉਠ ਰਹੇ ਸਨ।

ਸਿੱਧਾਂ ਪੁੱਛਿਆ ਬਾਬਾ ਜੀ ਦੱਸੋ ਹੁਣ ਸਾਡੇ ਲਈ ਕੀ ਹੁਕਮ ਹੈ। ਅਸੀ ਹੁਣ ਕੀ ਕਰੀਏ? ਬਾਬਾ ਜੀ ਨੇ ਕਿਹਾ ਕਿ ਹੁਣ ਤਾਂ ਸਵਾਲ ਬਚਣੇ ਹੀ ਨਹੀ ਚਾਹੀਦੇ। ਕਿਉਕਿ ਜਵਾਬ ਰਜਾ ਵਿੱਚ ਹੈ। ਸਿੱਧਾਂ ਦੇ ਦਿਮਾਗ ਜਗ ਮਗਾ ਗਏ। ਜੁੱਟ ਗਏ ਇੱਕ ਸਰਬਵਿਆਪਕ ਨਿਰੰਕਾਰ ਦੇ ਪ੍ਰਚਾਰ ਵਿਚ।

ਫਿਰ ਜਦੋਂ ਮੇਲਾ ਉਜੜਿਆ

ਬਟਾਲੇ ਵਿੱਚ ਪਹਿਲਾਂ ਵੀ ਕੁੱਝ ਲੋਕਾਂ ਨੇ ਗੁਰੂ ਸਾਹਿਬ ਦੀ ਮਖਾਲਫਤ ਕੀਤੀ ਸੀ। ਜਦੋਂ ਪਤਾ ਲੱਗਾ ਕਿ ਅੱਚਲ ਜੋਗੀਆਂ ਦੇ ਮਹੰਤ ਨੂੰ ਜੁੱਤੀਆਂ ਪਈਆਂ ਹਨ ਤਾਂ ਕੁੱਝ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਫਿਰ ਜਦੋਂ ਸਾਰੀ ਗਲ ਸਾਫ ਹੋ ਗਈ ਕਿ ਇਹ ਓਹੋ ਗੁਰੂ ਨਾਨਕ ਹੀ ਹੈ ਜਿਸ ਨੇ ਹਿੰਦੂ ਰਹੁ ਰੀਤਾਂ ਦਾ ਖੰਡਨ ਕੀਤਾ ਹੈ ਤਾਂ ਕੁੱਝ ਫਿਰਕਾਪ੍ਰਸਤ ਇਕੱਠੇ ਹੋ ਕੇ ਗੁਰੂ ਸਾਹਿਬ ਦਾ ਵਿਰੋਧ ਕਰਨ ਅੱਚਲ ਪਹੁੰਚ ਗਏ। ਖੁੱਦ ਸਿੱਧ ਜੋਗੀਆ ਨੇ ਇਨਾਂ ਫਿਰਕਾਪ੍ਰਸਤ ਵਿਰੋਧੀਆਂ ਨੂੰ ਅਜਿਹਾ ਕਰਨ ਤੋਂਵਰਜਿਆ ਪਰ ਫਿਰ ਵੀ ਇਹ ਗੁਰੂ ਸਾਹਿਬ ਦੀ ਵਿਰੋਧਤਾ ਕਰੀ ਗਏ। ◘

ਇਨਾਂ ਵਿਰੋਧੀਆਂ ਵਿੱਚ ਮੁਖ ਤੌਰ ਤੇ ਇੱਕ ਮਰਵਾਹਾ ਖੱਤਰੀ ਸੀ ਜਿਸ ਦੀ ਪਿੱਠ ਤੇ ਕੁੱਝ ਬ੍ਰਾਹਮਣ ਸਨ। ਗੁਰੂ ਸਾਹਿਬ ਦੀ ਬਟਾਲਾ ਦੀ ਇੱਕ ਪਹਿਲੀ ਫੇਰੀ ਵੇਲੇ ਇਸ ਮਰਵਾਹੇ ਨੇ ਵਿਰੋਧਤਾ ਕੀਤੀ ਸੀ। ◘

ਓਧਰ ਹਫਤਾ ਦਸ ਦਿਨ ਚਲੇ ਇਸ ਮੇਲੇ ਵਿੱਚ ਰੌਣਕਾਂ ਵੀ ਹੁਣ ਖਤਮ ਹੋ ਚੁੱਕੀਆ ਸਨ। ਗੁਰੂ ਸਾਹਿਬ ਨੇ ਫਿਰ ਸਿੱਖਾਂ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ ਤੇ ਕਰਤਾਰਪੁਰ ਨੂੰ ਰਵਾਨਾ ਹੋ ਗਏ।

—▲—

ਚੇਤੇ ਰਹੇ

*ਬੀ:40-104, ਸੋਢੀ:2- 69, ਬਾਲਾ-262, ਅਤੇ ਮਨੀ ਸਿੰਘ- 564 ਅਤੇ 595 ਦੇ ਆਧਾਰ ਤੇ

ਧਿਆਨ ਰਹੇ ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੀ ਸਿਧ ਗੋਸਟਿ ਬਾਣੀ ਹੈ ਉਹ ਸੁਮੇਰ ਪਰਬਤ ਤੇ ਉਚਾਰੀ ਗਈ ਹੈ। ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਸਾਹਿਬਾਨ ਇਸ ਬਾਣੀ ਦਾ ਅੱਚਲ ਬਟਾਲੇ ਵਿਖੇ ਉਚਾਰਿਆ ਜਾਣਾ ਲਿਖਿਆ ਹੈ ਪਰ ਖੁੱਦ ਇਸ ਬਾਣੀ ਤੋਂ ਸਾਬਤ ਹੁੰਦਾ ਹੈ ਕਿ ਬਾਣੀ ਸੁਮੇਰ ਤੇ ਹੀ ਰਚੀ ਗਈ ਸੀ। ਜਨਮ ਸਾਖੀਆਂ ਵੀ ਸੁਮੇਰ ਤੇ ਹੀ ਰਚਣ ਦੀ ਗਲ ਕਰਦੀਆਂ ਹਨ। ਕਈ ਪ੍ਰਸਿੱਧ ਵਿਦਵਾਨਾਂ ਜਿੰਨਾਂ ਡੂੰਘਾਈ ਵਿੱਚ ਜਾ ਕੇ ਜੀਵਨੀ ਤੇ ਕੰਮ ਕੀਤਾ ਉਨਾਂ ਇਹੋ ਸਾਬਤ ਕੀਤਾ ਹੈ ਕਿ ਬਾਣੀ ਸੁਮੇਰ ਤੇ ਰਚੀ ਗਈ ਸੀ।

○ ਇਨਾਂ ਹੀ ਦਿਨਾਂ ਵਿੱਚ ਫਿਰ ਨੇੜੇ ਦੇ ਕਸਬੇ ਕਲਾਨੌਰ ਵਿੱਚ ਕਾਲੇਸ਼ਵਰ ਸ਼ਿਵ ਮੰਦਰ ਬਣਾਇਆ ਗਇਆ ਸੀ।

ਸਿੱਖ ਰਾਜ ਵੇਲੇ ਫਿਰ ਬਟਾਲੇ ਦੇ ਭੰਡਾਰੀ ਸਿੱਖ ਪ੍ਰਵਾਰ ਨੇ ਇਸ ਮੰਦਰ ਨੂੰ ਦੁਬਾਰਾ ਬਣਵਾਇਆ। ਜਿਵੇ ਫਿਰ ਓਨੀ ਦਿਨੀ ਹੁੰਦਾ ਸੀ, ਮੰਦਰ ਅੰਦਰ ਚਿਤ੍ਰਕਾਰੀ ਵੀ ਕਰਵਾਈ ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵੀ ਬਣਵਾਈਆਂ।

⊙ ਅੱਚਲ ਮੇਲਾ ਸ਼ਿਵਰਾਤਰੀ ਤੇ ਲਗਦਾ ਹੈ। ਸਾਲ 1534 ਈ. ਸਾਡਾ ਅੰਦਾਜ਼ਾ ਹੈ।

◈ ਅੰਮ੍ਰਿਤਸਰ ਤੋਂ ਦੱਖਣ ਪਾਸੇ 16 ਕਿ. ਮੀ ਚੇਤਨਪੁਰਾ ਪਿੰਡ ਵਿਖੇ ਅਜਿਹੇ ਹੀ ਇੱਕ ਸਿੱਖ ਜੋਗੀ ਦਾ ਗੁਰਦੁਆਰਾ ਹੈ ਜਿਸ ਨੇ ਕੰਧ ਉਡਾਈ ਸੀ। ਇਹ ਪਿੰਡ ਬਟਾਲਾ ਤੋਂ 30 ਕਿ. ਮੀ. ਪੱਛਮ ਵਿੱਚ ਹੈ।

● ਸੋਢੀ:2- 125, ◘ ਬਾਲਾ-260

ਬਾਬ-65

# ਬਾਬਾ ਬੁੱਢਾ, ਫੈਲਸੂਫ, ਉਮਰੇ ਖਾਨ ਅਤੇ ਅਦਰਮਾਨ

## ਕਰਤਾਰਪੁਰ ਤੋਂ ਰਮਦਾਸ, ਧਰਮਕੋਟ, ਸੌੜੀਆਂ, ਵੈਰੋਕੇ ਤੋਂ ਲਹੌਰ ਵਲ।ਵੇਰਕਾ

**ਬਾਬਾ ਬੁੱਢਾ-** ਕਰਤਾਰਪੁਰ ਤੋਂ ਗੁਰੂ ਸਾਹਿਬ ਲਹੌਰ ਨੂੰ ਨਿਕਲੇ। ਜਿਸ ਪ੍ਰਕਾਰ ਰਮਦਾਸ, ਧਰਮਕੋਟ, ਸੌੜੀਆਂ ਅਤੇ ਵੈਰੋਕੇ ਵਿਖੇ ਗੁਰੂ ਸਾਹਿਬ ਦੇ ਚਰਨ ਪੈਣ ਦੇ ਸਬੂਤ ਮਿਲਦੇ ਹਨ ਉਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਆਪਣੀਆ ਯਾਤਰਾਵਾਂ ਮੌਕੇ ਸਿੱਧਾ (ਸ਼ਾਰਟ ਕਟ) ਰਸਤਾ ਅਖਤਿਆਰ ਕਰਦੇ ਸਨ। ਮੰਨਣਾ ਪਵੇਗਾ ਕਿ ਓਨੀ ਦਿਨੀ ਵੀ ਨਕਸ਼ੇ ਦਾ ਇਸਤੇਮਾਲ ਹੁੰਦਾ ਸੀ।

ਗੁਰੂ ਸਾਹਿਬ ਨਾਲ ਇਕ ਦੋ ਸਿੱਖ ਹੋਰ ਵੀ ਸਨ।* ਮਾਘ ਫੱਗਣ ਦੇ ਦਿਨ ਸਨ। ਹਾਲਾਂ ਗੁਰੂ ਸਾਹਿਬ ਨੇ ਕਰਤਾਰਪੁਰ ਵਿਖੇ ਆ ਸਾਧੂਆਂ ਫਕੀਰਾਂ ਵਾਲਾ ਲਿਬਾਸ ਤਿਆਗ ਦਿੱਤਾ ਸੀ, ਫਿਰ ਵੀ ਯਾਤਰਾਵਾਂ ਮੌਕੇ ਉਹ ਜੋਗੀ/ਫਕੀਰ ਜਿਹਾ ਲਿਬਾਸ ਪਾ ਕੇ ਹੀ ਨਿਕਲਦੇ ਸਨ। ਸਾਹਿਬ ਕਰਤਾਰਪੁਰ ਤੋਂ ਪੱਖੋਕੇ ਠੇਠਰਕੇ (ਧਰਮਕੋਟ ਰੰਧਾਵਾ) ਤੋਂ ਗੱਗੋਮਾਹਲ ਹੁੰਦੇ ਹੋਏ ਪਿੰਡ ਰਮਦਾਸ ਦੇ ਬਾਹਰਵਾਰ ਖੂਹ ਤੇ ਜਾ ਬਿਰਾਜੇ।

ਪਿੰਡ ਵਿੱਚ ਸਾਧੂਆਂ ਦੇ ਆਉਣ ਦੀ ਜਦੋਂ ਗਲ ਚਲੀ ਤਾਂ 20-25 ਸਾਲਾਂ ਦੇ ਬੂੜਾ ਨਾਂ ਦੇ ਜਵਾਨ ਮੁੰਡੇ ਦੇ ਮੰਨ ਵਿੱਚ ਸੇਵਾ ਭਾਵ ਜਾਗਿਆ। ਦੁੱਧ ਦੀ ਗੜ੍ਹਵੀ ਲੈ ਜਾ ਕੇ ਸਾਧੂਆਂ ਨੂੰ ਆ ਮੱਥਾ ਟੇਕਿਆ।

ਗੁਰੂ ਸਾਹਿਬ ਇਸ ਜਵਾਨ ਦੀ ਸੇਵਾ ਭਾਵਨਾ ਤੋਂ ਬੜੇ ਪ੍ਰਭਾਵਤ ਹੋਏ ਤੇ ਉਸ ਨਾਲ ਗੱਲਾਂ ਬਾਤਾਂ ਸ਼ੁਰੂ ਕਰੀਆਂ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਇਸ ਜਵਾਨ ਨੂੰ ਰੂਹਾਨੀਅਤ ਦੀ ਕਾਫੀ ਸੋਝੀ ਹੈ।



ਗੁਰਦੁਆਰਾ ਸਮਾਧ ਬਾਬਾ ਬੁੱਢਾ ਜੀ ਰਮਦਾਸ। 1933 ਵਿਚ ਇਹ ਅਸਥਾਨ ਗੁਰੂ ਨਾਨਕ ਪਾਤਸ਼ਾਹ ਦੀ ਚਰਨ ਛੋਹ ਕਰਕੇ ਪ੍ਰਸਿੱਧ ਸੀ। ਅੱਜ ਗੁਰੂ ਨਾਨਕ ਦਾ ਨਾਂ ਇਸ ਅਸਥਾਨ ਤੋਂ ਮਿੱਟ ਚੁੱਕਾ ਹੈ ਤੇ ਸਿਰਫ ਸਮਾਧ ਬਾਬਾ ਬੁੱਢਾ ਜੀ ਕਰਕੇ ਹੀ ਜਾਣਿਆ ਜਾਂਦਾ। ਸ਼੍ਰੋਮਣੀ ਕਮੇਟੀ ਦੇ ਰੰਗ ਢੰਗ ਨਿਆਰੇ।

ਪੈੜ ਸਫਾ

* ਬਾਲੇ ਨੇ ਲਿਖਿਆ ਕਿ ਇਸ ਯਾਤਰਾ 'ਚ ਬਾਲਾ, ਅਜਿਤਾ ਰੰਧਾਵਾ ਅਤੇ ਬਾਬਾ ਬੁੱਢਾ ਗੁਰੂ ਸਾਹਿਬ ਦੇ ਨਾਲ ਸਨ। ਉਂਜ ਬਾਬਾ ਬੁੱਢਾ ਜੀ ਦੀ ਜੀਵਨੀ ਦੇਖਣ ਤੋਂ ਪਤਾ ਲਗਦਾ ਹੈ ਕਿ ਉਹ ਪਹਿਲੀ ਵਾਰ ਗੁਰੂ ਸਾਹਿਬ ਨੂੰ 1518 ਈ. ਨੂੰ ਮਿਲੇ ਸਨ। ਪਰ ਏਸੇ ਜੀਵਨੀ ਵਿਚ ਦਰਜ ਹੈ ਕਿ ਬੁੱਢਾ ਗੁਰੂ ਸਾਹਿਬ ਨਾਲ ਬਾਬਰ ਦੇ ਹਮਲੇ ਦੌਰਾਨ ਹੋਈ ਬਰਬਾਦੀ ਦੀ ਵੀ ਗਲ ਕਰਦਾ ਹੈ। ਸੰਭਾਵਨਾ ਇਹੋ ਹੈ ਕਿ ਬਾਬਾ ਬੁੱਢੇ ਦੀ ਗੁਰੂ ਸਾਹਿਬ ਨਾਲ ਪਹਿਲੀ ਮਿਲਣੀ ਚੌਥੀ ਉਦਾਸੀ ਤੋਂ ਬਾਦ ਹੀ ਹੋਈ।




ਗੁਰਦੁਆਰਾ ਪਾਤਸ਼ਾਹੀ ਪਹਿਲੀ, ਨੇੜੇ ਸਮਾਧ ਬਾਬਾ ਬੁੱਢਾ ਜੀ। ਰਮਦਾਸ ਦੇ ਉੱਤਰ ਵਿਚ।(ਸਾਈਕਲ ਯਾਤਰੀ 4 ਮਈ, 1933)

ਬੂੜੇ ਨੇ ਵੀ ਆਪਣਾ ਹਿਰਦਾ ਖੋਲ ਹੀ ਦਿੱਤਾ। ਕਹਿਣ ਲੱਗਾ:

"ਜੀ ਇਹ ਦੁੱਧ ਸਾਡਾ ਨਹੀ ਇਹ ਤੁਹਾਡਾ ਹੀ ਹੈ। ਇਸ ਦੁਨੀਆਂ ਵਿੱਚ ਕਿਹੜੀ ਚੀਜ ਕਿਸੇ ਦਾ ਸਦੀਵੀ ਸਾਥ ਦਿੰਦੀ ਹੈ? ਕੋਈ ਨਹੀ। ਅਸੀ ਐਵੇ ਜੋੜਦੇ ਮਰਦੇ ਰਹਿੰਦੇ ਹਾਂ। ਵਸਤਾਂ ਤਾਂ ਕਿਸੇ ਨਾਲ ਨਹੀ ਨਿੱਭਦੀਆਂ। ਆਹ ਅਜੇ ਕੁਝ ਸਾਲ ਪਹਿਲਾਂ ਦੀ ਹੀ ਗਲ ਹੈ ਇਥੇ ਬਾਬਰਵਾਣੀ ਆਈ ਸੀ। ਸਭ ਮਾਲ ਡੰਗਰ ਕੱਟਾ ਵੱਛਾ ਹਿੱਕ ਕੇ ਲੈ ਗਈ। ਕੱਚੀਆਂ ਪੱਕੀਆਂ ਫਸਲਾਂ ਕੁਝ ਵੱਢ ਲਈਆਂ ਕੁਝ ਉਜਾੜ ਗਏ। ਮੈਂ ਤਾਂ ਸਮਝਦਾ ਹਾਂ ਕਿ ਬੰਦੇ ਨੂੰ ਚਾਹੀਦਾ ਹੈ ਕਿ ਰਲ ਮਿਲ ਕੇ ਖਾ ਲਵੇ। ਕਲ੍ਹ ਦਾ ਕੀ ਭਰੋਸਾ?"

ਜਦੋਂ ਗੁਰੂ ਸਾਹਿਬ ਨੇ ਅਜਿਹੀਆਂ ਗੱਲਾਂ ਇਸ ਅਲੜ੍ਹ ਜਵਾਨ ਦੇ ਮੂੰਹੋ ਸੁਣੀਆਂ ਤਾਂ ਕਹਿਣ ਲੱਗੇ ਭਾਈ ਤੂੰ ਤਾਂ ਬੁੱਢਿਆਂ ਵਾਲੀਆਂ ਗੱਲਾਂ ਕਰਦਾ। ਤੇਰੇ ਤੇ ਤਾਂ ਭਗਵਾਨ ਮਿਹਰਵਾਨ ਹੈ।

ਓਦੋਂ ਤੋਂ ਬੂੜੇ ਦਾ ਨਾਂ ਬੁੱਢਾ ਪੈ ਗਿਆ।

ਜਦੋਂ ਬੁੱਢੇ ਨੂੰ ਪਤਾ ਲੱਗਾ ਕਿ ਇਹ ਤਾਂ ਖੁਦ ਗੁਰੂ ਨਾਨਕ ਸਾਹਿਬ ਨੇ ਤਾਂ ਉਹ ਹੋਰ ਵੀ ਗਦ ਗਦ ਹੋ ਉਠਿਆ। ਇਲਾਕੇ ਵਿੱਚ ਦੁਹਾਈ ਦੇ ਦਿੱਤੀ ਕਿ ਖੁੱਦ ਗੁਰੂ ਨਾਨਕ ਸਾਡੀ ਬਹਿਕ ਤੇ ਪਧਾਰੇ ਹੋਏ ਨੇ।

ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਵੇਲੇ ਤੱਕ ਭਾਈ ਬੁੱਢੇ ਦਾ ਕਰਤਾਰਪੁਰ ਆਉਣ ਜਾਣ ਲਗਾਤਾਰ ਬਣਿਆ ਹੀ ਰਿਹਾ।

ਗੁਰੂ ਸਾਹਿਬ ਨੇ ਬੁੱਢੇ ਤੇ ਕਿਰਪਾ ਕਰਕੇ ਉਨ੍ਹੰ ਨਾਮ ਦੀ ਦਾਤ ਬਖਸ਼ੀ। ਬੁੱਢੇ ਨੂੰ ਇਲਾਕੇ ਵਿੱਚ ਸਿੱਖੀ ਦੀ ਮੰਜੀ ਪ੍ਰਾਪਤ ਹੋ ਗਈ। ਭਾਈ ਬੁੱਢੇ ਨੇ ਲੰਮੀ ਜਿੰਦਗੀ ਸਿੱਖੀ ਵਿੱਚ ਹੰਢਾਈ ਤੇ 1631 ਈ ਵਿੱਚ ਸਰੀਰ ਤਿਆਗਿਆ। ਓਦੋਂ ਤੱਕ ਗੁਰੂ ਹਰਗੋਬਿੰਦ ਸਾਹਿਬ ਦਾ ਵੇਲਾ ਸੀ। ਇਤਹਾਸ ਵਿੱਚ ਆਉਦਾ ਹੈ ਭਾਈ ਬੁੱਢੇ ਦੇ ਅੰਤਮ ਵੇਲੇ ਖੁੱਦ ਗੁਰੂ ਹਰਗੋਬਿੰਦ ਸਾਹਿਬ ਉਸ ਦੇ ਕੋਲ ਸਨ। ਅੰਤ ਵੇਲੇ ਜਪੁਜੀ ਸਾਹਿਬ ਦਾ ਪਾਠ ਚਲ ਰਿਹਾ ਸੀ। ਸਲੋਕਾਂ ਤੇ ਆਣ ਭਾਈ ਸਾਹਿਬ ਨੇ ਅੰਤਮ ਸਵਾਸ ਲਿਆ ਸੀ।

ਸੋ ਭਾਈ ਬੁੱਢੇ ਨੂੰ ਥਾਪ ਕੇ ਗੁਰੂ ਸਾਹਿਬ ਅੱਗੇ 15 ਕਿ. ਮੀ. ਦਾ

ਪੈਂਡਾ ਕਰਕੇ ਪੱਕਾ ਸ਼ਹਿਰ ਚਮਿਆਰੀ ਆ ਪਹੁੰਚੇ। ਚਮਿਆਰੀ ਉਨੀਂ ਦਿਨੀ ਇਲਾਕੇ ਦਾ ਵੱਡਾ ਸ਼ਹਿਰ ਸੀ। ਇਹ ਸ਼ਹਿਰ ਲੱਗ ਪਗ 2000 ਸਾਲ ਪੁਰਾਣਾ ਹੈ। ਇਕ ਦੋ ਦਿਨ ਇਥੇ ਗੁਰਮਤ ਦਾ ਪ੍ਰਚਾਰ ਕਰਕੇ ਅੱਗੇ ਜਸਤਰਵਾਲ ਨੂੰ ਨਿਕਲ ਗਏ।

-----◈-----

## ਫੈਲਸੂਫ ਸ਼ੇਖ ਮਾਲੋ

ਅਜਨਾਲੇ ਤੋਂ 6 ਕਿ. ਮੀ. ਪੱਛਮ ਦੱਖਣ ਵਿੱਚ ਮੌਜੂਦ ਪਿੰਡ ਜਸਤਰਵਾਲ ਵੀ ਬਹੁਤ ਪੁਰਾਣਾ ਕੋਈ ਬੋਧੀ ਸਥਾਨ ਰਿਹਾ ਹੈ। ਇਥੋਂ ਦਾ ਛੰਬ ਮੀਲਾਂ ਵਿੱਚ ਫੈਲਿਆ ਹੋਇਆ ਸੀ। ਜਸਤਰਵਾਲ (ਦਸ਼ਰਥ ਵਾਲਾ- ਰਾਜਾ ਦਸ਼ਰਥ ਅਤੇ ਮਾਪੇ ਭਗਤ ਸਰਵਣ ਦੀ ਕਹਾਣੀ ਵਾਲਾ) ਗੁਰੂ ਸਾਹਿਬ ਦੇ ਵੇਲਿਆਂ ਵਿੱਚ ਵੀ ਵੱਡਾ ਸ਼ਹਿਰ ਤੇ ਮੰਡੀ ਸੀ। ਖੱਤਰੀ, ਅਰੋੜੇ, ਬਾਣੀਆਂ ਕੌਮਾਂ ਦਾ ਗੜ੍ਹ ਰਿਹਾ ਹੈ ਇਹ।

ਗੁਰੂ ਸਾਹਿਬ ਇਥੇ ਹੀ ਬਿਰਾਜੇ ਹੋਏ ਸਨ ਕਿ ਪਿੰਡ ਧਰਮਕੋਟ○ ਦੇ ਫੈਲਸੂਫ (ਫਿਲਾਸਫਰ ਦੀ ਫਾਰਸੀ ਭਾਵ ਦਾਨਿਸ਼ਵਰ ) ਸ਼ੇਖ ਮਾਲੋ ਨੂੰ ਕਿਸੇ ਕੋਲੋ ਪਤਾ ਲੱਗਾ ਕਿ ਗੁਰੂ ਨਾਨਕ ਜਸਤਰਵਾਲ ਪਧਾਰੇ ਹੋਏ ਨੇ। ਸ਼ੇਖ ਮਾਲੋ ਜਾਤ ਦਾ ਤਰਖਾਣ ਸੀ ਤੇ ਬਹੁਤ ਹੀ ਪੜਿਆ ਲਿਖਿਆ ਵਿਦਵਾਨ ਸੀ ਜੋ ਵਕਤ ਪਾ ਕੇ ਮੁਸਲਮਾਨ ਫਕੀਰ ਹੋ ਗਿਆ। ਇਹਦੀ ਵਿਦਵਤਾ ਚੁਫੇਰੇ ਮਸ਼ਹੂਰ ਸੀ।

ਮਾਲੋ ਦੇ ਹੀ ਕਿਸੇ ਸੱਜਣ (ਪਿੰਡ ਦੇ ਹੀ ਭਾਈ ਭਗਤੂ) ਨੇ ਇਸ ਨੂੰ ਸਲਾਹ ਦਿੱਤੀ ਕਿ ਮਾਲੋ ਤੂੰ ਇਕ ਵੇਰਾ ਗੁਰੂ ਨਾਨਕ ਨੂੰ ਤਾਂ ਮਿਲ ਕੇ ਵੇਖ ਤੇਰੇ ਸਾਰੇ ਸ਼ੰਕੇ ਦੂਰ ਹੋ ਜਾਣਗੇ।● ਪਰ ਕਿਸੇ ਹੋਰ ਰਾਂਹੀ ਇਸ ਨੇ ਸੁਣ ਲਿਆ ਕਿ ਗੁਰੂ ਸਾਹਿਬ ਸਾਹਿਬ ਇਸਲਾਮ ਤੇ ਹਿੰਦੂਮਤ ਦੋਵਾਂ ਨੂੰ ਹੀ ਨਹੀ ਮੰਨਦੇ। ਸ਼ੇਖ ਨੂੰ ਇਸ ਗਲ ਤੇ ਗੁੱਸਾ ਸੀ। ਸ਼ੇਖ ਦਾ ਮੰਨਣਾ ਸੀ ਕਿ ਗੁਰੂ ਸਾਹਿਬ ਨੂੰ ਕੋਈ ਹੱਕ ਨਹੀ ਕਿ ਹਿੰਦੂ ਧਰਮ ਤੇ ਇਸਲਾਮ ਦੀਆ ਰਹੁ ਰੀਤਾਂ ਦੀ ਖੰਡਨਾ ਕਰਨ। ਜਿਵੇ ਅੱਜ ਕਲ੍ਹ ਪੜਿਆ ਲਿਖਿਆ ਬੰਦਾ ਅੰਗਰੇਜੀ ਦੇ ਗਿਆਨ ਤੋਂ ਜਾਣਿਆ ਜਾਂਦਾ ਹੈ ਓਨੀ ਦਿਨੀ ਪੰਜਾਬੀ ਲੋਕ ਫੁਕਰੀ ਮਾਰਨ ਮੌਕੇ ਫਾਰਸੀ ਬੋਲਿਆ ਕਰਦੇ ਸਨ।

ਸ਼ੇਖ ਮਾਲੋ ਨੇ ਵੀ ਆ ਕੇ ਗੁਰੂ ਸਾਹਿਬ ਨਾਲ ਆਪਣੀ ਫਾਰਸੀ ਝਾੜਨੀ ਸ਼ੁਰੂ ਕਰੀ। ਪਰ ਗੁਰੂ ਸਾਹਿਬ ਤਾਂ ਈਰਾਨ ਇਰਾਕ ਤੱਕ ਘੁੰਮ ਫਿਰ ਆਏ ਸਨ ਉਹ ਮਾਲੋ ਦੀ ਫਾਰਸੀ ਤੋਂ ਕਦੋਂ ਪ੍ਰਭਾਵਤ ਹੁੰਦੇ। ਗੱਲਾਂ ਇਸਲਾਮ ਦੇ ਗਲਬੇ ਦੀਆਂ ਚੱਲ ਰਹੀਆਂ ਸਨ ਕਿ ਵਿੱਚੇ ਪੰਜਾਬੀਆਂ ਦਾ ਫੁਕਰਾਪਣ ਵੀ ਸਾਹਮਣੇ ਸੀ। ਮਾਲੋ ਨਾਲ ਗੱਲ ਬਾਤ ਦੌਰਾਨ ਅਜਿਹੇ ਮਸਲੇ ਉਠੇ ਕਿ ਗੁਰੂ ਨੇ ਬਾਣੀ ਰਚੀ:-

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥ ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥ ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਾਰੀ ॥੧॥ ਰਹਾਉ ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥ ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥ ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥੪॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥੭॥ ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ



ਫੈਲਸੂਫ ਜਾਂ ਫਿਲਾਸਫਰ ਸ਼ੇਖ ਮਾਲੂ ਗੁਰੂ ਸਾਹਿਬ ਨਾਲ ਗੁਫਤਗੂ ਕਰਦਾ ਹੋਇਆ। ਬੀ:40 ਤਸਵੀਰ (ਇਥੇ ਫਿਰ ਭਾਈ ਮਰਦਾਨੇ ਨੂੰ ਨਾਲ ਵਿਖਾ ਦਿਤਾ ਹੈ ਜਦੋਂ ਕਿ ਉਸ ਦਾ ਚਲਾਣਾ ਹੋ ਚੁੱਕਾ ਸੀ। )

ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥੮॥੧॥੮॥

ਇਸ਼ਾਰੇ ਇਸ਼ਾਰੇ ਨਾਲ ਫੈਲਸੂਫ ਦਾ ਘਰ ਪੂਰਾ ਕਰ ਦਿੱਤਾ। ਇਸ ਮੁਸਲਮਾਨ ਵਿਦਵਾਨ ਕੋਲ ਇਸ ਸਰਕਾਰੀ ਪੱਖ-ਪਾਤ ਦਾ ਕੀ ਜਵਾਬ ਸੀ ਕਿ ਮੰਦਰਾਂ ਦੇਵਾਲਿਆਂ ਤੇ ਸਰਕਾਰ ਨੇ ਟੈਕਸ ਲਾਏ ਹੋਏ ਸਨ। ਨਾਲ ਹੀ ਗੁਰੂ ਸਾਹਿਬ ਨੇ ਸਾਰਾ ਅਕਾਲ ਪੁਰਖ ਦਾ ਹੁਕਮ ਦੱਸਿਆ ਕਿ ਕਿਵੇ ਤਬਦੀਲੀਆਂ ਜੁੱਗਾਂ ਜੁੱਗਾਂ ਤੋਂ ਚਲਦੀਆਂ ਆਈਆ ਹਨ। ਜਦੋਂ ਕਿਸੇ ਮਾਨਤਾ ਵਿੱਚ ਬੁਰਾਈਆਂ ਭਾਰੂ ਹੋ ਜਾਣ ਤਾਂ ਓਥੇ ਕੁਦਰਤ ਵਲੋਂ ਹੀ ਸੁਧਾਰ ਲਹਿਰ ਚਲਦੀ ਹੈ।

ਫਿਰ ਵੀ ਫਿਲਾਸਫਰ ਬੋਲ ਉਠਿਆ ਕਿ ਬਾਬਾ ਜੀ ਤੁਹਾਨੂੰ ਮੁਸਲਮਾਨੀ ਸ਼ਰਾ ਦੀ ਹਾਨੀ ਨਹੀ ਕਰਨੀ ਚਾਹੀਦੀ। ਗੁਰੂ ਸਾਹਿਬ ਨੇ ਉਨੂੰ ਸਮਝਾਇਆ ਕਿ ਖੁੱਦ ਮੁਸਲਮਾਨ ਲੋਕ ਇਸਲਾਮ ਵਿੱਚ ਆਈਆਂ ਬੁਰਾਈਆਂ ਦੇ ਖਿਲਾਫ ਅਵਾਜ ਬੁਲੰਦ ਕਰ ਰਹੇ ਹਨ ਤੁਸੀ ਇਹੋ ਜਿਹੀ ਕੱਟੜ ਸੋਚ ਕਿਓ ਅਪਣਾਈ ਹੋਈ ਹੈ? ਗੁਰੂ ਸਾਹਿਬ ਨੇ ਅਰਬ-ਈਰਾਨ ਦੁਨੀਆ ਦੇ ਕਈ ਵਿਦਵਾਨਾਂ ਦੇ ਜਿਕਰ ਕੀਤੇ ਜਿਹੜੇ ਸ਼ਰਾ ਦੀਆਂ ਕਈ ਗਲਤੀਆਂ ਉਜਾਗਰ ਕਰਦੇ ਹਨ।

ਫਿਰ ਗੁਰੂ ਸਾਹਿਬ ਨੇ ਭਗਤ ਕਬੀਰ ਸਾਹਿਬ ਦਾ ਜਿਕਰ ਕੀਤਾ ਕਿ ਵੇਖੋ ਉਹ ਮੁਸਲਮਾਨ ਘਰ ਵਿੱਚ ਹੀ ਪੈਦਾ ਹੋਏ ਸਨ ਪਰ ਉਹ ਤਾਂ ਡੱਟ ਕੇ ਸ਼ਰਾ ਦੀ ਵਿਰੋਧਤਾ ਕਰਦੇ ਹਨ। ਕਬੀਰ ਸਾਹਿਬ ਦੀ ਰਚਨਾ ਪੜੀ:

ਆਸਾ ॥ ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥ ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥ ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥ ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥

ਮਾਲੋ ਦੀਆਂ ਅੱਖਾਂ ਖੁੱਲ ਰਹੀਆਂ ਸਨ।

ਮਾਲੋ ਦਾ ਇਕ ਹੋਰ ਗਿਲਾ ਇਹ ਵੀ ਸੀ ਕਿ ਗੁਰੂ ਨਾਨਕ ਫਕੀਰੀ ਛੱਡ ਕੇ ਵਾਪਸ ਗ੍ਰਿਸਤ ਧਰਮ ਵਿੱਚ ਕਿਓ ਆਏ ਹਨ। ਦਰ



ਧਰਮਕੋਟ (ਨੇੜੇ ਪਿੰਡ ਸੌੜੀਆਂ ਅਤੇ ਕੜਿਆਲ) ਵਿਖੇ ਮੌਜੂਦ ਯਾਦਗਾਰੀ ਅਸਥਾਨ ਅਤੇ ਬੇਰੀ ਦਾ ਵਿਸ਼ਾਲ ਰੁੱਖ।

ਅਸਲ ਗੁਰੂ ਸਾਹਿਬ ਖਿਲਾਫ ਇਹ ਸ਼ਕਾਇਤ ਹਰ ਗੁਰੂ ਘਰ ਵਿਰੋਧੀ ਝੰਡੇ ਤੇ ਚਾੜ ਰਿਹਾ ਸੀ। ਕਿਉਕਿ ਜਦੋਂ ਕੋਈ ਸਾਧੂ ਬਣਿਆ ਜਵਾਨ ਸੰਨਿਆਸ ਤਿਆਗ ਵਾਪਸ ਘਰ ਆ ਜਾਂਦਾ ਸੀ ਤਾਂ ਲੋਕ ਉਹਨੂੰ ਬੁਰਾ ਸਮਝਦੇ ਸਨ। ਇਹ ਮੰਨਿਆ ਜਾਂਦਾ ਸੀ ਕਿ ਸੰਨਿਆਸ ਦੇ ਕਠਨ ਰਸਤੇ ਨੂੰ ਬੰਦਾ ਤਿਆਗ ਆਇਆ ਹੈ।▫ ਇਸ ਤੇ ਮਾਲੋ ਨੇ ਵੀ ਸਵਾਲ ਉਠਾਇਆ ਕਿ ਬਾਬਾ ਜੀ ਤੁਹਾਡੀ ਇਹ ਗਲ ਸਾਨੂੰ ਨਹੀ ਜਚੀ। ਕਦੀ ਤੁਸੀ ਸਾਧੂਆਂ ਵਾਲਾ ਲਿਬਾਸ ਵੀ ਕਰ ਲੈਂਦੇ ਹੋ? ਮੁਕਦੀ ਗਲ ਫੈਲਸੂਫ ਨੇ ਸਿੱਧਾ ਗੁਰੂ ਸਾਹਿਬ ਨੂੰ ਸਵਾਲ ਕਰਾ ਕਿ ਤੁਸੀ ਫਕੀਰੀ ਜਾਂ ਸੰਨਿਆਸ ਨੂੰ ਕਿਉ ਤਿਆਗਿਆ?

ਗੁਰੂ ਸਾਹਿਬ ਨੇ ਕਿਹਾ ਬੰਦਾ ਮਨ ਕਰਕੇ ਸਾਧੂ ਫਕੀਰ ਹੋਣਾ ਚਾਹੀਦਾ ਹੈ। ਇਹ ਤੁਸੀ ਘਰ ਰਹਿਕੇ ਵੀ ਕਰ ਸਕਦੇ ਹੋ।

ਫਿਰ ਫੈਲਸੂਫ ਨੇ ਸਵਾਲ ਕੀਤਾ ਕਿ ਕੀ ਤੁਸੀ ਸੰਨਿਆਸ ਜਾਂ ਫਕੀਰੀ ਨੂੰ ਗਲਤ ਮੰਨਦੇ ਹੋ?

ਗੁਰੂ ਸਾਹਿਬ ਨੇ ਫੈਲਸੂਫ ਨੂੰ ਸਮਝਾਇਆ:

"ਜੇ ਬੰਦਾ ਦਿਲੋਂ ਫਕੀਰ ਨਹੀ ਤਾਂ ਇਹ ਸੰਨਿਆਸ ਆਪਣੇ ਆਪ ਨਾਲ ਧੋਖਾ ਹੈ। ਮਿਸਾਲ ਦੇ ਤੌਰ ਤੇ ਕਈ ਫਿਰਕਿਆਂ ਦੇ ਸਾਧੂ ਖੱਫਣੀ ਪਾਉਦੇ ਹਨ ਤਾਂ ਉਹਦਾ ਮਤਲਬ ਹੁੰਦਾ ਹੈ ਕਿ ਅਸਾਂ ਮੌਤ ਨੂੰ ਸਵੀਕਾਰ ਕਰ ਲਿਆ ਹੈ ਕਿ ਇਹ ਇਕ ਦਿਨ ਆਉਣੀ ਹੀ ਆਉਣੀ ਹੈ। ਕਿਉਕਿ ਖੱਫਣ ਮੁਰਦੇ ਨੂੰ ਪਾਇਆ ਜਾਂਦਾ ਹੈ। ਸੋ ਖੱਫਣੀ ਫਕੀਰ ਨੂੰ ਹਮੇਸ਼ਾਂ ਮੌਤ ਯਾਦ ਕਰਾਉਦੀ ਰਹਿੰਦੀ ਹੈ। ਪਰ ਜੇ ਕੋਈ ਖਫਣੀ ਪਾ ਕੇ ਵੀ ਘਰ ਘਰ ਮਾਇਆ ਮੰਗਦਾ ਫਿਰੇ ਖੱਫਣ ਪਾਉਣ ਦਾ ਕੀ ਫਾਇਦਾ। ਮੌਤ ਨੂੰ ਵਸਾਰੀ ਫਿਰੋ ਤਾਂ ਇਹਦਾ ਕੀ ਫਾਇਦਾ?

ਹੱਥ ਵਿੱਚ ਸਰੀਰ ਦੀ ਭਸਮ ਇਕੱਠੀ ਕਰਨ ਵਾਲੀ ਪਹੌੜੀ ਲਈ ਫਿਰੇ ਜਾਂ ਭਸਮ ਵਾਲੀ ਪੁੱਠੀ ਡੱਬੀ (ਜਿੰਨੂ ਜੋਗੀ ਲੋਕ ਬਟੂਆ ਆਖਦੇ ਨੇ) ਕੋਲ ਰੱਖਣ ਦਾ ਕੀ ਫਾਇਦਾ ਜੇ ਮਨ ਨੇ ਮੌਤ ਸਵੀਕਾਰ ਨਹੀ ਕੀਤੀ।

ਵੇਖੋ ਫੈਲਸੂਫ ਜੀ ਇਹ ਚੀਜ਼ਾਂ ਤਾਂ ਸਾਧੂ ਨੂੰ ਨਾਲ ਦਿੱਤੀਆਂ ਕਿ ਬੰਦਿਆ ਹਰ ਪਲ ਮੌਤ ਨਾਂ ਵਿਸਾਰੀ। ਬੰਦਾ ਜਦੋਂ ਵੀ ਆਪਣੀ ਖੱਫਣੀ ਵਲ ਨਿਗਾਹ ਮਾਰੇਗਾ ਮੌਤ ਯਾਦ ਆਵੇਗੀ। ਸੋ ਜੇ ਤਾਂ ਬੰਦਾ ਮੌਤ ਨੂੰ ਮਨੋਂ ਸਵੀਕਾਰ ਕਰ ਲਏ ਫਿਰ ਤਾਂ ਭਲਾ ਨਹੀ ਤਾਂ ਅਜਿਹਾ ਸਾਧੂਪੁਣਾ ਨਿਰਾ ਵਿਖਾਵਾ ਹੀ ਹੈ।

ਪ੍ਰਵਾਰਕ ਜੀਵਨ ਦਾ ਤਿਆਗ ਕੀਤਾ ਸੀ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨੂੰ ਵਿਸਾਰਨ ਦਾ ਜੇ ਸਾਧੂ ਬਣ ਕੇ ਵੀ ਬੰਦਾ ਦਰ ਦਰ ਭਿਖਿਆ ਮੰਗਦਾ ਫਿਰੇ ਤਾਂ ਫਿਰ ਘਰ ਤਿਆਗਣ ਦਾ ਕੀ ਫਾਇਦਾ ਹੋਇਆ? ਅਸੀ ਫਕੀਰ ਵੇਖੇ ਹਨ ਜੋ ਰੱਬ ਦੀ ਰਜਾ ਵਿੱਚ ਰਹਿੰਦੇ ਹਨ ਜੇ ਮਿਲ ਗਇਆ ਤਾਂ ਖਾ ਲਿਆ ਨਹੀ ਤੇ ਬਸ ਢਿੱਡ ਨੂੰ ਗੰਢ ਦੇ ਰੱਖੀ। ਸਾਧੂ ਫਕੀਰ ਦਾ ਮਾਇਆ ਨਾਲ ਕੀ ਕੰਮ? ਅਜਿਹੇ ਸਾਧੂ ਸੰਨਿਆਸੀ ਨਿਰੇ ਸਵਾਂਗੀ (ਐਕਟਰ) ਹੀ ਨਹੀ ਇਹ ਮਸਖਰੇ ਨੇ।

ਸੋ ਜੇ ਕੋਈ ਗ੍ਰਿਸਤੀ ਬੰਦਾ ਮਨੋ ਤਿਆਗੀ ਹੋ ਜਾਵੇ ਤਾਂ ਉਹ ਪਾਖੰਡੀ ਸੰਨਿਆਸੀਆ ਨਾਲੋ 100 ਗੁਣਾਂ ਬਿਹਤ੍ਰ। ਸਵਾਲ ਤਾਂ ਹੈ ਦਿਲੋ ਹੋ ਕੇ ਸੱਚ ਜਾਂ ਮੌਤ ਨੂੰ ਮੰਨਣਾ। ਫਿਰ ਗ੍ਰਿਸਤੀ ਬੰਦਾ ਮੁਆਸ਼ਰੇ ਤੇ ਬੋਝ ਵੀ ਨਹੀ ਹੁੰਦਾ। ਇਸ ਪ੍ਰਕਾਰ ਕਿਰਤੀ ਇਨਸਾਨ ਸਭ ਤੋਂ ਵੱਡਾ ਸਾਧੂ ਜੇ ਉਹ ਸੱਚ ਤੇ ਚਲ ਪਵੇ ਤਾਂ।

ਇਸ ਤਰਾਂ ਸੰਨਿਆਸੀਆਂ ਦਾ ਹਾਲ ਦੱਸਦੇ ਹੋਏ ਗੁਰੂ ਸਾਹਿਬ ਨੇ ਵਜੰਤਰੀ ਨੂੰ ਸੁਚੇਤ ਕੀਤਾ ਤੇ ਕਿਹਾ ਕਿ ਮਾਰੂ ਦੀ ਧੁੰਨ ਲਾਓ। ਸਾਹਿਬ ਨੇ ਸ਼ਬਦ ਬੋਲਿਆ:-

ਮਾਰੂ ਮਹਲਾ ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ (ਪੂਰਾ ਸ਼ਬਦ ਵੇਖੋ ਸਫਾ ..... ਣਣਣਣਣਣ)

ਫੈਲਸੂਫ ਬੋਲ ਉਠਿਆ ਵਾਹ ਬਾਬਾ ਵਾਹ! ਐਂਵੇ ਨਹੀ ਤੈਨੂੰ ਦੁਨੀਆ ਮੰਨਦੀ। ਮੇਰੇ ਸਾਰੇ ਸ਼ੰਕੇ ਦੂਰ ਕੀਤੇ ਤੁਸਾਂ। ਤੁਸੀ ਤਾਂ ਖੁੱਦ ਹੀ ਖੁਦਾ ਦੀ ਮੂਰਤ ਹੋ। ਫੈਲਸੂਫ ਨੇ ਵੀ ਸਿੱਖੀ ਧਾਰਨ ਕਰ ਲਈ। ਮਾਲੋ ਕਰਕੇ ਤਰਖਾਣਾਂ ਦਾ ਸਾਰਾ ਪਿੰਡ ਸਿੱਖ ਬਣ ਗਇਆ। ਇਸ ਨੇ ਇਲਾਕੇ ਵਿੱਚ ਹੋਰ ਵੀ ਸਿੱਖੀ ਪ੍ਰਚਾਰ ਕੀਤਾ।

-----◈-----

## ਬਾਬਾ ਕੀ ਤੈਨੂੰ ਕੋਈ ਮਜ਼ਬ ਪਸੰਦ ਹੈ ਵੀ ਸਹੀ? – ਸੌੜੀਆਂ ਦਾ ਉਮਰੇ ਖਾਨ

ਧਰਮਕੋਟ ਦੇ ਲਾਗੇ ਹੀ ਕਿਲੋ ਮੀਟਰ ਤੇ ਪੁਰਾਣਾ ਕਸਬਾ ਸੌੜੀਆਂ ਹੈ। ਅੱਜ ਤੋਂ ਕੋਈ 200 ਸਾਲ ਪਹਿਲਾਂ ਤੱਕ ਸੌੜੀਆਂ ਹੀ ਇਸ ਇਲਾਕੇ ਦਾ ਸਭ ਤੋਂ ਵੱਡਾ ਕਸਬਾ ਸੀ। ਅੰਗਰੇਜਾਂ ਦੇ ਰਾਜ ਵੇਲੇ ਹੀ ਸੌੜੀਆਂ ਦੀ ਥਾਂ ਅਜਨਾਲੇ ਨੂੰ ਤਹਿਸੀਲ ਬਣਾਇਆ ਗਇਆ ਸੀ।

ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਫਿਰ ਰਹੇ ਸਨ ਤਾਂ ਓਨੀ ਦਿਨੀ ਸੌੜੀਆਂ ਵਿੱਚ ਵੀ ਇਕ ਵਿਦਵਾਨ ਰਹਿੰਦਾ ਸੀ: ਉਮਰ ਖਾਨ। ਉਮਰ ਖਾਂ ਨਿਰਾ ਪੜਿਆ ਲਿਖਿਆ ਹੀ ਨਹੀ ਉਹ ਇਲਾਕੇ ਦਾ ਮੋਅਤਬਰ ਆਗੂ ਬੰਦਾ ਸੀ। ਉਮਰ ਖਾਂ ਅਤੇ ਸ਼ੇਖ ਮਾਲੋ ਦੀ ਆਪਸ ਵਿੱਚ ਗੂੜੀ ਯਾਰੀ ਸੀ। ਮਾਲੋ ਨੂੰ ਮੁਸਲਮਾਨ ਮਜ਼ਬ ਵਿੱਚ ਲਿਆਉਣ ਵਿੱਚ ਉਮਰ ਖਾਨ ਦਾ ਹੀ ਯੋਗਦਾਨ ਸੀ।

ਜਦੋਂ ਗੁਰੂ ਸਾਹਿਬ ਜਸਤਰਵਾਲ ਵਿਖੇ ਠਹਿਰੇ ਹੋਏ ਸਨ ਤਾਂ ਸ਼ੇਖ ਮਾਲੋ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਆਉਣ ਵਾਸਤੇ ਸੱਦਾ ਭੇਜਿਆ।▪

ਓਧਰ ਗੁਰੂ ਸਾਹਿਬ ਦੇ ਧਰਮਕੋਟ ਆਉਣ ਤੋਂ ਪਹਿਲਾਂ ਮਾਲੋ ਆਪਣੇ ਯਾਰ ਉਮਰ ਖਾਨ ਨੂੰ ਆਪਣੇ ਘਰ ਸੱਦ ਲੈ ਆਇਆ। ਉਮਰ ਖਾਂ ਨੂੰ ਵੀ ਥੋੜਾ ਗਿਲਾ ਤਾਂ ਸੀ ਕਿ ਗੁਰੂ ਨਾਨਕ ਕਿਸੇ ਵੀ ਫਿਰਕੇ ਨੂੰ ਮਾਨਤਾ ਨਹੀ ਦੇ ਰਹੇ।

ਗੁਰੂ ਸਾਹਿਬ ਦਾ ਧਰਮਕੋਟ ਆਉਣ ਤੇ ਸ਼ੇਖ ਮਾਲੋ ਤੇ ਨਗਰ



ਸੌੜੀਆਂ ਵਿਖੇ ਗੁਰੂ ਨਾਨਕ ਅਤੇ ਉਮਰ ਖਾਂ ਗੋਸ਼ਟਿ ਦਾ ਯਾਦਗਾਰੀ ਅਸਥਾਨ।

ਨਿਵਾਸੀਆਂ ਨੇ ਸਵਾਗਤ ਕੀਤਾ। ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਸ਼ੇਖ ਮਾਲੋ ਤੇ ਇਲਾਕਾ ਨਿਵਾਸੀਆਂ ਨੇ ਵੱਡਾ ਇਕੱਠ ਕੀਤਾ ਹੋਇਆ ਸੀ। ਗੁਰੂ ਸਾਹਿਬ ਨੇ ਕੀਰਤਨ ਕੀਤਾ। ਸਤਿਨਾਮ ਵਾਹਿਗੁਰੂ ਦਾ ਪ੍ਰਚਾਰ ਕੀਤਾ। ਜਗਿਆਸੂਆਂ ਦੇ ਸਵਾਲਾਂ ਦੇ ਜਵਾਬ ਦਿਤੇ?

ਉਮਰ ਖਾਨ ਵੀ ਉਠ ਖਲੋਤਾ ਕਹਿਣ ਲੱਗਾ ਬਾਬਾ ਜੀ ਕੋਈ ਇਕ ਮਜ਼ਬ ਤਾਂ ਚੰਗਾ ਹੋਵੇਗਾ ਤੁਸੀ ਤਾਂ ਸਾਰਿਆਂ ਦੇ ਹੀ ਪਾਜ ਉਦੇੜੀ ਜਾ ਰਹੇ ਹੋ। ਗੁਰੂ ਸਾਹਿਬ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਉਮਰ ਖਾਂ ਤੂੰ ਹੀ ਦੱਸ ਦੇ ਕਿਹੜਾ ਫਿਰਕਾ ਅੱਜ ਅਸੂਲ ਤੇ ਚਲ ਰਿਹਾ ਹੈ? ਉਮਰ ਖਾਨ ਨੇ ਜਿਵੇ ਜਿਵੇ ਸੰਪਰਦਾਵਾਂ ਗਿਣਾਈਆਂ ਗੁਰੂ ਸਾਹਿਬ ਨੇ ਤਿਵੇ ਤਿਵੇਂ ਉਨਾਂ ਦਾ ਨਕਸ਼ਾ ਖਿਚ ਸੰਗਤਾਂ ਨੂੰ ਜਾਣੂ ਕਰਵਾਇਆ। ਸਾਹਿਬ ਨੇ ਫਿਰ ਵਜੰਤਰੀਆਂ ਨੂੰ ਸੁਚੇਤ ਕਰ ਬਾਣੀ ਗਾਈ:-

ਸਲੋਕੁ ਮਃ ੧ ॥ ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥ ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥ ਮਃ ੧ ॥ ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥ ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥ ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥ ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥ ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥ ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥ ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥ ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥ ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥ ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥

ਉਮਰ ਖਾਂ ਦੇ ਸਾਰੇ ਸਵਾਲ ਮੁੱਕ ਗਏ। ਅੰਤ ਵਿੱਚ ਚਰਨੀ ਲੱਗਾ। ਕਹਿਣ ਲੱਗਾ ਜੈਸਾ ਨਾਨਕ ਸੁਣਿਆ ਸੀ ਓਸੇ ਤਰਾਂ ਦਾ ਹੀ ਪਾਇਆ ਹੈ।

ਗੁਰੂ ਸਾਹਿਬ ਕੁਝ ਦਿਨ ਸੌੜੀਆਂ ਰਹੇ। ਇਥੇ ਵੀ ਖੱਤਰੀਆਂ ਦੇ ਵਾਹਵਾ ਟੱਬਰ ਸਨ। ਇਕ ਦਿਨ ਉਮਰ ਖਾਨ ਰੇਸ਼ਮੀ ਕੱਪੜੇ ਦਾ ਥਾਨ ਲੈ ਕੇ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖ ਹੱਥ ਜੋੜ ਬੇਨਤੀ ਕੀਤੀ ਕਿ 'ਗੁਰੂ ਸਾਹਿਬ ਆਹ ਤੁੱਛ ਜਿਹੀ ਦਾਸ ਦੀ ਭੇਟ ਪ੍ਰਵਾਨ ਕਰੋ। ਤੁਹਾਡੇ ਬਸਤਰ ਜਿਆਦਾ ਬਜੁਰਗ ਹੋ ਗਏ ਨੇ ਕਿਰਪਾ ਕਰੋ ਤੇ ਸਿਵਾਂ ਕੇ ਇਸ ਨੂੰ ਪਹਿਨੋ।'

ਗੁਰੂ ਸਾਹਿਬ ਨੇ ਕਿਹਾ ਉਮਰ ਖਾਂ ਅਸੀ ਫਕੀਰ ਲੋਕ ਹਾਂ। ਸਾਨੂੰ ਇਹੋ ਜਿਹੇ ਰੇਸ਼ਮੀ ਕਪੜੇ ਨਹੀ ਸੋਹਦੇ। ਤੇਰੀ ਭੇਟ ਸਾਨੂੰ ਪ੍ਰਵਾਨ ਹੋਈ। ਇਹ ਕਪੜਾ ਤੁਸੀ ਹੀ ਵਰਤੋ।

ਉਮਰ ਖਾਂ ਨੇ ਗੁਰੂ ਸਾਹਿਬ ਦੇ ਪੈਰ ਫੜ੍ਹ ਲਏ, "ਗੁਰੂ ਜੀ ਏਨੀ ਮੇਰੇ ਤੇ ਕਿਰਪਾ ਕਰੋ। ਮੇਰੀ ਭੇਟ ਕਬੂਲ ਕਰੋ।"

ਗੁਰੂ ਸਾਹਿਬ ਨੇ ਉਹਦੀ ਭਾਵਨਾ ਨੂੰ ਦੇਖਦੇ ਹੋਏ ਉਹ ਥਾਨ ਸਵੀਕਾਰ ਕੀਤਾ ਹਾਲਾਂ ਮਹਿੰਗਾ ਰੇਸ਼ਮੀ ਕਪੜਾ ਗੁਰੂ ਸਾਹਿਬ ਦੀ ਸੋਚ ਅਨੁਸਾਰ ਠੀਕ ਨਹੀ ਸੀ। ਸਿੱਖ ਨੂੰ ਹੁਕਮ ਕੀਤਾ ਕਿ ਹੁਣ ਦਰਜੀ ਨੂੰ ਲੈ ਕੇ ਆਓ।

ਦਰਜੀ ਆਇਆ ਤਾਂ ਚੋਲਾ ਸਿਵਾਉਣ ਦੇ ਬਿਜਾਏ ਗੁਰੂ ਨਾਨਕ ਨੇ ਦਰਜੀ ਕੋਲੋ ਕਪੜੇ ਦੇ ਦੋ ਚੱਦਰੇ ਬਣਵਾ ਲਏ। ਅਮੂਮਨ ਸਰਦੀਆਂ ਵਿੱਚ ਗੁਰੂ ਸਾਹਿਬ ਚੱਦਰ ਦੀ ਬੁੱਕਲ ਮਾਰ ਲਿਆ ਕਰਦੇ ਸਨ ਪਰ ਐਤਕਾਂ ਇਕ ਚਾਦਰ ਉਨਾਂ ਆਪਣੇ ਤੇੜ ਬੰਨਣ ਲਈ ਬਣਵਾ ਲਈ ਤੇ ਦੂਸਰੀ ਆਪਣੇ ਸਾਥੀ ਸਿੱਖ ਦੇ ਤੇੜ ਲਈ।

ਇਹ ਵੇਖ ਉਮਰ ਖਾਨ ਬਾਗ ਬਾਗ ਹੋ ਗਇਆ ਕਹਿਣ ਲੱਗਾ ਮੈਨੂੰ ਇਓ ਲੱਗ ਰਿਹਾ ਹੈ ਜਿਵੇ ਮੇਰਾ ਰੇਜਾ ਆਪ ਖੁਦਾ ਨੇ ਪਹਿਨ ਲਿਆ ਹੈ।

-----◆-----

**ਵੈਰੋਕੇ–ਉਮਰ ਖਾਨ ਨੇ ਸ਼ਾਹ ਅਦਰਮਾਨ**- ਸੌੜੀਆਂ ਤੋਂ 6 ਕੁ ਕਿ. ਮੀ. ਚੜ੍ਹਦੇ ਪਾਸੇ ਪਿੰਡ ਵੈਰੋਕੇ ਹੈ। ਇਥੇ ਸੂਫੀ ਫਕੀਰ ਸ਼ਾਹ ਅਦਰਮਾਨ ਦਾ ਤਕੀਆ ਅੱਜ ਵੀ ਮੌਜੂਦ ਹੈ। ਅਦਰ ਅਰਬੀ ਲਫਜ ਹੈ ਜਿਸਦਾ ਮਤਲਬ ਹੁੰਦਾ ਹੈ ਸ਼ਹਿਜਾਦਾ।

ਗੁਰੂ ਸਾਹਿਬ ਦੇ ਵੇਲਿਆਂ ਵੇਲੇ ਹੀ ਸ਼ਾਹ ਅਦਰਮਾਨ ਹੋਇਆ ਹੈ। ਇਲਾਕੇ ਵਿੱਚ ਉਹਦੀ ਚੋਖੀ ਮਾਨਤਾ ਸੀ। ਉਮਰ ਖਾਂ ਵੀ ਉਹਦਾ ਮੁਰੀਦ ਸੀ। ਉਮਰ ਖਾਂ ਨੇ ਸਿੱਖੀ ਧਾਰਨ ਕਰਨ ਉਪਰੰਤ ਗੁਰੂ ਸਾਹਿਬ ਨੂੰ ਸ਼ਾਹ ਅਦਰਮਾਨ ਬਾਰੇ ਦੱਸਿਆ। ਇਕ ਦਿਨ ਗੁਰੂ ਸਾਹਿਬ ਨੇ ਉਮਰ ਖਾਨ ਨੂੰ ਹੁਕਮ ਕੀਤਾ ਕਿ ਜਾਓ ਸ਼ਾਹ ਅਦਰਮਾਨ ਨੂੰ ਮੇਰਾ ਸੁਨੇਹਾ ਦੇਣਾ ਕਿ ਮੈਂ ਉਨਾਂ ਦੇ ਦਰਸ਼ਨਾਂ ਲਈ ਫਲਾਣੇ ਦਿਨ ਆਉਣਾ ਚਾਹੁੰਦਾ ਹਾਂ।

ਜਿਵੇ ਉਮਰ ਖਾਨ ਨੇ ਸ਼ਾਹ ਅਦਰਮਾਨ ਨੂੰ ਗੁਰੂ ਨਾਨਕ ਸਾਹਿਬ ਦਾ ਸੁਨੇਹਾ ਦਿੱਤਾ ਤਾਂ ਉਮਰ ਖਾਂਨ ਤਾਂ ਇਕ ਦਮ ਅੱਗ ਬਬੂਲਾ ਹੋ ਗਿਆ, "ਓਏ ਤੂੰ ਮੋਮਨ ਹੋ ਕੇ ਕਾਫਰ ਦਾ ਨੌਕਰ ਬਣਿਆ ਪਿਐ? ਪੀਰ ਨੇ ਉਮਰ ਖਾਂ ਦੀ ਬਹੁਤ ਲਾਹ ਪਾਹ ਕਰ ਦਿੱਤੀ।

ਉਮਰ ਖਾਂ ਨੇ ਪੀਰ ਸਾਹਿਬ ਨੂੰ ਕਿਹਾ ਕਿ ਗੁਰੂ ਸਾਹਿਬ ਹਿੰਦੂ ਮੁਸਲਮਾਨ ਤੋਂ ਉੱਤੇ ਦੀ ਗਲ ਹੈ। ਗੁਰੂ ਨਹੀ ਮੰਨਦਾ ਹਿੰਦੂ ਮਾਨਤਾਵਾਂ ਨੂੰ।

ਅੱਗੋ ਪੀਰ ਬੋਲਿਆ, "ਕੀ ਉਹ ਮੁਸਲਮਾਨ ਹੈ?"

ਉਮਰ ਖਾਂ ਕਹਿਣ ਲੱਗਾ "ਬੇਸ਼ਕ ਉਹ ਮੁਸਲਮਾਨ ਵੀ ਨਹੀ ਪਰ ਉਹ ਖੁਦਾ ਦੀ ਸ਼ਾਖਸਾਤ ਮੂਰਤ ਹੈ।"

ਪੀਰ ਅੱਗੋ ਬੋਲਿਆ, "ਚੰਗਾ ਆਉਣ ਦੇ ਤੇਰੇ ਖੁਦਾ ਨੂੰ ਮੇਰੇ ਕੋਲ, ਵੇਖੀ ਕਿਵੇ ਮੈਂ ਉਹਦੀਆਂ ਦੌੜਾਂ ਲਵਾਉਦਾ।"

ਜਦੋਂ ਉਮਰ ਖਾਂ ਮੁੜ ਸੌੜੀਆਂ ਆਇਆ ਤਾਂ ਗੁਰੂ ਸਾਹਿਬ ਨੇ ਮੁਸਕਰਾਉਂਦੇ ਹੋਏ ਪੁੱਛਿਆ ਕਿਓ ਭਾਈ ਉਮਰ ਖਾਂ ਮਿਲਿਆ ਪੀਰ?



ਗੁਰਦੁਆਰਾ ਬੇਰ ਸਾਹਿਬ ਵੈਰੋਕੇ। ਪਿਛੇ ਜਿਹੇ ਜਦੋਂ ਕਾਰ ਸੇਵਾ ਬਾਬੇ ਗੁਰਦੁਆਰਾ ਸਾਹਿਬ ਬਣਾ ਰਹੇ ਸਨ ਤਾਂ ਇਤਹਾਸਿਕ ਬੇਰੀ ਵੱਢ ਦਿੱਤੀ। ਦੂਸਰੇ ਪਾਸੇ ਬਾਬੇ ਕਹਿੰਦੇ ਹਨ ਕਿ ਬੇਰੀ ਸੁੱਕ ਗਈ ਸੀ। ਹੁਣ ਉਸ ਦੇ ਬੀਅ ਤੋਂ ਨਵਾ ਰੁੱਖ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਯਾਦ ਰਹੇ ਕਾਰ ਸੇਵਾ ਵਾਲੇ ਪੁਰਾਤਨਤਾ ਦੀ ਰਤਾ ਪ੍ਰਵਾਹ ਨਹੀ ਕਰਦੇ।

ਉਮਰ ਖਾਂ ਬੋਲਿਆ, "ਗੁਰੂ ਜੀ ਪੀਰ ਦੀਆਂ ਗੱਲਾਂ ਛੱਡੋ। ਉਹ ਕਹਾਉਂਦਾ ਤਾਂ ਫਕੀਰ ਹੈ ਪਰ ਫਕੀਰੀ ਉਸ ਤੋਂ ਦੂਰ ਹੈ।"

ਗੁਰੂ ਜੀ ਨੇ ਕਿਹਾ, "ਉਮਰ ਖਾਂ ਝਕੋ ਨਾਂ, ਬੇ ਝਿਜਕ ਕਹੋ ਕੀ ਕਿਹਾ ਪੀਰ ਜੀ ਨੇ?"

ਉਮਰ ਖਾਂ ਨੇ ਸਾਰੀ ਗਲ ਸਾਫ ਸਾਫ ਗੁਰੂ ਸਾਹਿਬ ਨੂੰ ਦੱਸੀ।

ਉਮਰ ਖਾਂ ਕਹਿਣ ਲੱਗਾ ਕਿ ਗੁਰੂ ਸਾਹਿਬ ਜਦੋਂ ਤੁਸੀ ਜਾਂਦੇ ਹੋ ਮੈਨੂੰ ਵੀ ਨਾਲ ਲਈ ਚਲਣਾ।

ਗੁਰੂ ਸਾਹਿਬ ਨੇ ਕਿਹਾ ਠੀਕ ਹੈ। "ਪਰ ਉਮਰ ਖਾਂ ਤੂੰ ਸਾਥੋਂ ਪਹਿਲਾਂ ਚਲਾ ਜਾਵੀ। ਮਸਾਂ ਕਿਤੇ ਪੀਰ ਇਹ ਨਾਂ ਸੋਚੇ ਕਿ ਉਮਰ ਖਾਂ ਗੁਰੂ ਨਾਨਕ ਨੂੰ ਚੜ੍ਹਾ ਕੇ ਲੈ ਆਇਆ ਹੈ।"

ਉਮਰ ਖਾਂ ਕਹਿਣ ਲੱਗਾ, "ਬਾਬਾ ਜੀ ਮੈਂ ਨਹੀ ਐਹੋ ਜਿਹੇ ਹੰਕਾਰੀ ਪੀਰਾਂ ਕੋਲੋਂ ਡਰਦਾ। ਮੇਰਾ ਉਹ ਕੀ ਵਗਾੜ ਲਵੇਗਾ?"

ਗੁਰੂ ਸਾਹਿਬ ਨੇ ਕਿਹਾ, "ਨਹੀ ਉਮਰ ਖਾਂ। ਅਸੀ ਉਸ ਦੇ ਪੀਰੀ ਲਿਬਾਸ ਦੀ ਵੀ ਕਦਰ ਕਰਨੀ ਹੈ। ਇੱਜਤ ਨਾਲ ਪੇਸ਼ ਆਉਣਾ ਉਹਦੇ ਵੀ।"

ਉਮਰ ਖਾਂ ਬੋਲ ਉਠਿਆ, "ਬਸ ਇਹੋ ਫਰਕ ਹੈ, ਤੁਹਾਡੇ ਤੇ ਉਸ ਵਿਚ।"

ਅਗਲੇ ਦਿਨ ਫਿਰ ਗੁਰੂ ਸਾਹਿਬ ਨੇ ਸਾਥੀ ਸਿੱਖਾਂ ਨੂੰ ਹੁਕਮ ਕੀਤਾ ਚਲੋ ਭਾਈ ਅੱਜ ਪੀਰ ਦੀ ਫੂਕ ਕੱਢਦੇ ਚਲੀਏ।

ਗੁਰੂ ਸਾਹਿਬ ਜਿਵੇ ਵੈਰੋਕੇ ਪੀਰ ਦੇ ਤਕੀਏ ਤੇ ਪਹੁੰਚੇ ਤਾਂ ਪੀਰ ਅਦਰ ਮਾਨ ਤਾਂ ਸ਼ਾਹੀ ਠਾਠ ਵਿੱਚ ਪਾਲਕੀ ਵਿੱਚ ਬਹਿ ਓਥੋਂ ਜਾਣ ਲਈ ਅਜੇ ਤੁਰਿਆ ਸੀ ਕਿ ਗੁਰੂ ਨਾਨਕ ਨਜਰ ਆ ਗਏ। ਪੀਰ ਨੇ ਆਪਣੀ ਪਾਲਕੀ ਹੇਠਾਂ ਰੱਖਵਾ ਲਈ ਤੇ ਉਤਰ ਆਇਆ।

ਗੁਰੂ ਸਾਹਿਬ ਸਾਹਮਣੇ ਖਲੋ ਗਏ।

ਸ਼ਾਹ ਅਦਰ ਮਾਨ ਬੋਲਿਆ ਕੀ ਹਾਲ ਹੈ ਨਾਨਕ ਤਪਾ?

ਗੁਰੂ ਸਾਹਿਬ ਨੇ ਕਿਹਾ ਖੁਦਾ ਦਾ ਸ਼ੁਕਰ ਹੈ ਪੀਰ ਜੀ।

ਅਦਰਮਾਨ ਕਹਿਣ ਲੱਗਾ ਕਿਵੇ ਆਉਣਾ ਹੋਇਆ ਨਾਨਕ ਤਪਾ।

ਗੁਰੂ ਸਾਹਿਬ ਨੇ ਕਿਹਾ ਮੈਂ ਤਾਂ ਸੁਨੇਹਾ ਭੇਜਿਆ ਸੀ ਕਿ ਤੁਹਾਡੇ ਦਰਸ਼ਨ ਕਰਨੇ ਨੇ ਪਰ ਤੁਸੀ ਤਾਂ ਮੇਰੇ ਤੇ ਗੁੱਸੇ ਲੱਗਦੇ ਹੋ। ਪੀਰ ਜੀ ਮੈਂ ਤੁਹਾਡਾ ਕੀ ਵਿਗਾੜਿਆ ਹੈ?

ਪੈੜ ਸਫਾ

ਬਾਲਾ -289 ਅਤੇ ਬੀ:40 - 150 ਅਧਾਰਤ

ਫੈਲਸੂਫ- ਫਾਰਸੀ ਵਿੱਚ ਫਿਲਾਸਫਰ ਨੂੰ ਆਖਦੇ ਹਨ।

○ਗਲ ਸੌੜੀਆਂ ਇਲਾਕੇ ਦੀ ਚਲ ਰਹੀ ਹੈ। ਸੌੜੀਆਂ ਦੇ ਲਾਗੇ ਹੀ ਪਿੰਡ ਧਰਮਕੋਟ ਹੈ ਜਿੱਥੇ ਗੁਰੂ ਨਾਨਕ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ। ਇਹ ਪਿੰਡ ਕਿਸੇ ਵੇਲੇ ਨਿਰੋਲ ਤਰਖਾਣਾਂ ਦਾ ਹੁੰਦਾ ਸੀ। ਸ਼ੇਖ ਮਾਲੋ ਵੀ ਤਰਖਾਣ ਸੀ। ਸੋ ਇਹੋ ਸੰਭਾਵਨਾ ਬਣਦੀ ਹੈ ਕਿ ਮਾਲੋ ਧਰਮਕੋਟ ਨਿਵਾਸੀ ਸੀ।

● ਕੁਦਰਤੀ ਹੈ ਇਹ ਧਰਮਕੋਟ ਦਾ ਭਾਈ ਭਗਤੂ ਹੀ ਹੋਵੇਗਾ।

ਬਾਲਾ-291 ਨੇ ਕਬੀਰ ਸਾਹਿਬ ਦੇ ਅਣਢੁਕਵੇਂ ਸਲੋਕ ਦਾ ਹਵਾਲਾ ਦਿੱਤਾ ਹੈ। ਇਸ ਕਰਕੇ ਅਸਾਂ ਢੁੱਕਵਾਂ ਸਲੋਕ ਉਪਰ ਪਾਇਆ ਹੈ। ਜੋ ਬਾਲਾ ਨੇ ਦਿੱਤਾ ਹੈ ਉਹ ਇਸ ਪ੍ਰਕਾਰ ਹੈ:-

**ਏਕੋ ਜੋਤ ਏਕਾ ਮਲ ਮੂਤ੍ਰ ਏਕੋ ਪਵਨ ਦੁਹਾਂ ਦੀ। ਏਕ ਮਾਈ ਤੇ ਸਭ ਜਗ ਉਪਜਿਆ ਕਉਣ ਬ੍ਰਾਹਮਣ ਕੌਣ ਸੂਦਾ।੧। ਭਾਈ ਰੇ ਭਰਮ ਭੁਲੇ ਹੋ ਭਾਰੀ। ਬੇਦ ਕਤੇਬ ਸਭ ਦੋਜਕ ਜਾਵੇ ਕਉਣ ਨਾਰੀ। ਰਹਾਉ। ਮਾਟੀ ਕੇ ਘਟਿ ਸਾਜਿ ਨਿਵਾਜਿਆ ਨਾਦੇ ਬਿੰਦ ਸਮਾਨਾ। ਘਟ ਬਿਨਸੇ ਕਿਆ ਨਾਮ ਧਰੋਗੇ ਗਾਫਲ ਭਏ ਸਤਾਨਾ।੨। ਹਿੰਦੂ ਕ੍ਰਿਸਨ ਬਿਸਨ ਕਹਿਤੇ ਹੈਂ ਅਰ ਕਹਿਤੇ ਤੁਰਕ ਰਸੂਲਾ। ਏਕ ਖੁਦਾਇ ਨ ਕਿਨਹੂ ਜਾਨਾ ਦੋਨੋ ਭਰਮਹਿ ਭੂਲਾ।੩। ਰਜਗੁਣ ਬ੍ਰਹਮਾ ਤਮ ਗੁਣ ਸੰਕਰ ਸਾਂਤਕ ਗੁਣ ਬਿਸਨੋਈ। ਕਹਿਤ ਕਬੀਰ ਸਚ ਮਾਨ ਮਾਨਿਆ ਹਿੰਦੂ ਤੁਰਕ ਨ ਕੋਈ।੪।**

◘ ਸ਼ੇਖ ਮਾਲੋ ਨੇ ਕਿਉਕਿ ਸ਼ੁਰੂ ਵਿੱਚ ਇਸ ਗਲ ਤੇ ਵਿਰੋਧ ਜਿਤਾਇਆ ਸੀ ਕਿ ਗੁਰੂ ਸਾਹਿਬ ਨੇ ਸਾਧੂ ਸੰਤ ਹੋਣ ਦੇ ਬਾਵਜੂਦ ਵਾਪਸ ਗ੍ਰਿਸਤ ਵਿੱਚ ਕਿਓ ਪੈਰ ਪਾਇਆ ਹੈ। ਇਸ ਸਾਖੀ ਨੂੰ ਲੈ ਕੇ ਹੰਦਾਲ ਨਿਰੰਜਣੀਏ ਦੇ ਪੁੱਤਰ ਬਿੱਧੀ ਚੰਦ ਨੇ ਮਨ ਘੜਤ ਗੱਲਾਂ ਬਣਾ ਲਈਆਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਦੂਸਰਾ ਵਿਆਹ ਕਰਵਾ ਲਿਆ ਸੀ। ਕਿਉਕਿ ਬਿੱਧੀ ਚੰਦ ਨੇ ਆਪਣੀ ਜਨਾਨੀ ਦੇ ਹੁੰਦਿਆ ਇਕ ਮੁਸਲਮਾਨੀ ਰੱਖ ਲਈ ਸੀ। ਆਪਣੀ ਕਮਜੋਰੀ ਨੂੰ ਜਾਇਜ ਠਹਿਰਾਉਣ ਵਾਸਤੇ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੀ ਪਵਿਤ੍ਰ ਸ਼ਖਸੀਅਤ ਨੂੰ ਦਾਗ ਲਾਉਣ ਦੀ ਕੋਸ਼ਿਸ਼ ਕੀਤੀ। ਬਿੱਧੀ ਚੰਦ ਨੇ ਜਨਮ ਸਾਖੀ ਦੇ ਉਤਾਰੇ ਕਰਵਾਏ ਜਿੰਨਾ ਵਿੱਚ ਇਸ ਨੇ ਹੰਦਾਲ ਨੂੰ ਗੁਰੂ ਸਾਹਿਬ ਤੋਂ ਵੀ ਉਪਰ ਪਹੁੰਚਿਆ ਹੋਇਆ ਅਵਤਾਰ ਦੱਸਿਆ। ਕਿਤੇ ਹੰਦਾਲ ਨੂੰ ਕਬੀਰ ਸਾਹਿਬ ਤੋਂ ਉਪਰ ਦੱਸਿਆ। ਗੁਰੂ ਸਾਹਿਬ ਦੇ ਪੂਰਬਲੇ ਜਨਮ ਬਾਰੇ ਜਨਮ ਸਾਖੀ ਵਿੱਚ ਗੱਲਾਂ ਲਿਖਵਾਈਆਂ। ਮਿਸਾਲ ਦੇ ਤੌਰ ਤੇ ਧ੍ਰੂ ਭਗਤ ਵਾਲੀ ਸਾਖੀ ਵਿੱਚ (ਬਾਲਾ- 238) ਤੇ ਲਿਖਿਆ ਹੈ:-

"ਇਸ ਕਲਜੁਗ ਵਿਚਿ ਆਗੇ ਕਬੀਰ ਭਗਤ ਆਹਾ ਧੁਰ ਇਥੇਹ ਧੁਰ ਪਹੁੰਚਿਆ ਹੈ। ਅਤੇ ਇਕ ਤੂ ਭੀ ਆਇ ਪਹੁੰਚਿਆ ਹੈ। ..ਤਾਂ ਮਰਦਾਨੇ ਪੁੱਛਿਆ ..ਅਜੀ ਕੋਈ ਇਥੇ ਹੋਰ ਭੀ ਪਹੁਚਸੀ.। ਤਾਂ ਪ੍ਰਹਲਾਦ ਭਗਤ ਕਿਹਾ ਸੁਣ ਭਾਈ ਇਕ ਅਸਾਡਾ ਗੁਰ ਭਾਈ ਸੋ ਇਥੇ ਆਇ ਪਹੁਚੇਗਾ। ਹੋਰਸ ਦਾ ਕੰਮ ਨਾਹੀ। ਫਿਰ ਮਰਦਾਨੇ ਪੁੱਛਿਆ ਜੀ ਉਹ ਕਦ ਹੋਸੀ। ਤਾਂ ਪ੍ਰਹਲਾਦ ਭਗਤਿ ਕਹਿਆ ਸੁਣ ਭਾਈ ਕਲਜੁਗ ਵਿਚਿ ਹੋਵੇਗਾ। ਜਦ ਨਾਨਕ ਦੇਹ ਛੋਡੇਗਾ ਇਸ ਤੇ ਸਉ ਬਰਸ ਬਾਦ ਹੋਸੀ। ਅਤੇ ਨਾਨਕ ਤਪੇ ਨਾਲੋਂ ਵੀ ਉਪਰ ਹੋਵੇਗਾ। ਇਨਾਂ ਤ੍ਰਿਹਾ ਤੁਲ ਹੋਰ ਕੋਈ ਭਗਤ ਨਾਹੀ।"

ਫਿਰ ਅੱਗੇ ਵੇਖੋ ਕਿੰਨੀ ਬੇਸ਼ਰਮੀ ਵਿਖਾਈ ਹੈ। (ਬਾਲਾ- 265) ਤੇ ਲਿਖਿਆ ਹੈ:-

"...ਤਾਂ ਖਤਰੇਟੇ ਨੇ ਕਿਹਾ ਅਰੇ ਭਾਈ ਤੂੰ ਕਦ ਕੀ ਬਾਤ ਕਰਤਾ ਹੈ। ਤ੍ਰੇਤੇ ਮੇਂ ਰਾਜਾ ਜਨਕ ਹੂਆ ਥਾ।..ਤਾਂ ਗੁਰੂ ਨਾਨਕ ਕਿਹਾ ਤਦ ਮੇਰਾ ਨਾਂ ਗੋਵਰਧਨ ਥਾ। ਅਰ ਰਾਜੇ ਜਨਕ ਕੇ ਹਮ ਸਿਖ ਹੋਤੇ ਥੇ।...ਔਰ ਏਕ ਹਮਾਰਾ ਭਾਈ ਹੰਦਾਲ ਹੋਵੇਗਾ। ਅਰ ਉਹ ਜਦ ਮੁਸਕੇਗਾ ਤਦ ਤੁਮਾਰੀ ਦੇਹ ਛੁਟੇਗੀ।...ਤਬ ਉਸਕਾ (ਹੰਦਾਲ) ਕਾ ਨਾਉ ਬੀਰਮ ਦੇਉ ਥਾ। ਅਰ ਰਾਜੇ ਉਦੇ ਸਿੰਘ ਕਾ ਬੇਟਾ ਥਾ। ਅਰ ਰਾਜੇ ਜਨਕ ਕਾ ਦਾਮਾਦ ਥਾ।"

ਮਤਲਬ ਇਸ ਤਰਾਂ ਦੀਆਂ ਝੂਠੀਆਂ ਵਡਿਆਈਆਂ ਆਪਣੇ ਪਿਤਾ ਹੰਦਾਲ ਦੀਆਂ ਜਨਮ ਸਾਖੀ ਵਿੱਚ ਪਵਾਈਆਂ। ਕਿਉਕਿ ਇਹ ਜੰਡਿਆਲਾ ਗੁਰੂ ਵਿਖੇ ਰਹਿੰਦਾ ਸੀ ਜਿਹੜਾ ਕਿ ਹਰਮੰਦਰ ਸਾਹਿਬ ਅੰਮ੍ਰਿਤਸਰ ਤੋਂ ਸਿਰਫ 18 ਕਿ. ਮੀ. ਦੂਰੀ ਤੇ ਹੈ ਇਸ ਨੇ ਵੱਡੀ ਬੇਈਮਾਨੀ ਕਰਕੇ ਉਸ ਮਿਲਾਵਟ ਵਾਲੀ ਜਨਮ ਸਾਖੀ ਨੂੰ ਆ ਰਹੀਆ ਸੰਗਤਾਂ ਵਿੱਚ ਵੇਚਿਆ। ਜਿਸ ਦੇ ਥਾਂਈ ਥਾਂਈ ਪੁਰਾਤਨ ਉਤਾਰੇ ਮਿਲੇ ਹਨ।

ਬਿੱਧੀ ਚੰਦ ਦੇ ਪ੍ਰਵਾਰ ਦੀ ਇਨੀ ਬਦਨਾਮੀ ਹੋ ਗਈ ਕਿ ਹੌਲੀ ਹੌਲੀ ਅੱਗੋ ਇਸ ਦੀ ਔਲਾਦ ਸਿੱਖੀ ਤੋਂ ਬਾਗੀ ਹੀ ਹੋ ਗਈ। ਫਿਰ ਉਹ ਦੌਰ ਆਇਆ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਤਾਂ ਏਸੇ ਦੀ ਓਲਾਦ ਵਿਚੋਂ ਵਿਚੋਂ ਹਰਭਗਤ ਨਿਰੰਜਨੀਆ ਹੋਇਆ ਹੈ ਜਿਸ ਨੇ ਸਿੱਖਾਂ ਖਿਲਾਫ ਮੁਖਬਰੀ ਕਰਨੀ ਸ਼ੁਰੂ ਕਰੀ।

ਯਾਦ ਰਹੇ ਗੁਰੂ ਅਮਰਦਾਸ ਸਾਹਿਬ ਨੇ ਜਿਹੜੀਆਂ 22 ਮੰਜੀਆਂ ਥਾਪੀਆਂ ਸਨ ਹੰਦਾਲ ਓਨਾਂ ਵਿਚੋਂ ਇਕ ਸੀ। ਇਹ ਵੱਖਰੀ ਗਲ ਹੈ ਉਸ ਦਾ ਮੁੰਡਾ ਕੁਕਰਮੀ ਨਿਕਲ ਆਇਆ।



ਵੈਰੋਕਿਆਂ ਵਿਖੇ ਪੀਰ ਅਦਰਮਾਨ ਦਾ ਮਕਬਰਾ। ਹੁਣ ਗੁੰਬਦ ਡਿੱਗ ਚੁੱਕਾ ਹੈ। ਪਿੰਡ ਦੇ ਵਸਨੀਕਾਂ ਨੇ ਫਿਰ ਵੀ ਮੁਰੰਮਤ ਕਰਕੇ ਸਥਾਨ ਦੀ ਖੂਬਸੂਰਤੀ ਬਰਕਰਾਰ ਰੱਖੀ। ਲੰਮਾ ਇਤਹਾਸ ਹੋਣ ਕਰਕੇ ਲੋਕ ਪੀਰ ਅਦਰ ਮਾਨ ਦਾ ਨਾਂ ਭੁੱਲ ਗਏ ਅਤੇ ਇਸ ਥਾਂ ਨੂੰ ਪੀਰ ਬਖਤਿਆਰ ਦਾ ਸਥਾਨ ਕਰਕੇ ਯਾਦ ਕਰਦੇ ਹਨ। ਸਥਾਨ ਬਹੁਤ ਖੁੱਲਾ, ਕਈ ਕਿੱਲਿਆਂ ਵਿਚ ਹੈ। ਕਈ ਕਬਰਾਂ ਹਨ ਇਥੇ। ਖੂਬਸੂਰਤ ਮਸੀਤ ਅੱਜ ਵੀ ਕਾਇਮ ਹੈ।

ਸ਼ਰਮਿੰਦਾ ਹੋਇਆ ਪੀਰ ਬੋਲ ਉਠਿਆ "ਕਿਹੜਾ ਬੇਵਕੂਫ ਕਹਿੰਦਾ ਕਿ ਮੈਂ ਤੁਹਾਡੇ ਨਾਲ ਖਫਾ ਹਾਂ?"

ਲਾਗੋ ਉਮਰ ਖਾਂ ਬੋਲ ਉਠਿਆ, "ਕਿਓ ਪੀਰ ਜੀ ਤੁਸਾਂ ਕਿਹਾ ਨਹੀ ਸੀ ਕਿ ਆਉਣ ਦਿਓ ਨਾਨਕ ਨੂੰ ਵੇਖਣਾ ਕਿਵੇ ਦੌੜ ਲਵਾਉਦਾ ਮੈਂ ਉਹਦੀ?"

ਪੀਰ ਇਹ ਸੱਚ ਸੁਣ ਕੇ ਪਾਣੀਓ ਪਾਣੀ ਹੋ ਗਿਆ।

ਗੁਰੂ ਸਾਹਿਬ ਨੇ ਉਮਰ ਖਾਂ ਨੂੰ ਟੋਕ ਦਿੱਤਾ ਕਿਹਾ ਤੁਸੀ ਵਿੱਚ ਦਖਲਅੰਦਾਜ਼ੀ ਨਾਂ ਦਿਓ। ਅਸੀ ਆਪਸ ਵਿੱਚ ਸਭ ਸਮਝ ਲੈਂਨੇ ਆਂ। ਇਹ ਸਾਡੀ ਪੀਰਾਂ ਫਕੀਰਾਂ ਦੀ ਪ੍ਰੇਮ ਬੋਲੀ ਹੈ। ਗੁਰੂ ਸਾਹਿਬ ਨੇ ਪੀਰ ਜੀ ਨੂੰ ਜੱਫੀ ਵਿੱਚ ਲੈ ਲਿਆ।

ਗੁਰੂ ਸਾਹਿਬ ਤੇ ਅਦਰ ਮਾਨ ਦੀਆਂ ਖੂਬ ਗੱਲਾਂ ਬਾਤਾਂ ਹੋਈਆਂ।

ਬਾਲਾ ਜਨਮਸਾਖੀ ਦੇ ਲਿਖਾਰੀ ਨੇ ਖੂਬਸੂਰਤ ਕਾਵਿ ਅੰਦਾਜ਼ ਵਿੱਚ ਇਹ ਸਵਾਲ ਜਵਾਬ ਪੇਸ਼ ਕੀਤੇ ਹਨ:

ਜਿਵੇ ਅਦਰ ਮਾਨ ਨੇ ਪੁੱਛਿਆ ਨਾਨਕ ਤੂੰ ਹਿੰਦੂ ਹੈ ਕਿ ਮੁਸਲਮਾਨ ਤਾਂ ਗੁਰੂ ਸਾਹਿਬ ਜਵਾਬ ਦਿੰਦੇ ਹਨ:-

ਬੇਦ ਨਾ ਪੜੈ, ਨਾ ਪੜੈ ਕੁਰਾਨ।

ਦਨੋ ਬੀਚ ਬਸੈ ਸੈਤਾਨ। ਏਕਾ ਏਕੀ ਹੈ ਸੁਬਹਾਨ।

ਕਹੈ ਨਾਨਕ ਸੁਣ ਪੀਰ ਅਦ੍ਰ ਮਾਨ। ਦਾਵਾ ਭੂਲੇ ਤਾਂ ਏਕ ਪਛਾਨ।

ਤਾਂ ਸੇਖ ਅਦ੍ਰ ਮਾਨ ਕਹਿਆ: ਸੁਣ ਨਾਨਕ ਤੇਰਾ ਮਜਬ ਕਿਆ ਹੈ? ਤਦ ਗੁਰੂ ਨਾਨਕ ਕਿਹਾ:-

ਮਜਬ ਹਮਾਰਾ ਸਾਚਾ ਨਾਉਂ। ਜਿਨਿ ਏਕ ਤੇ ਅਨੇਕ ਕੀਏ ਉਪਾਵ।

ਪੂੰਜੀ ਸਾਚ ਸਚਾ ਵਾਪਾਰ। ਝੂਟੋ ਝੂਠ ਹੋਇ ਖੁਆਰ।

ਜੋ ਆਇਆ ਸੋ ਚਲਣਹਾਰ। ਤਿਸ ਪਰ ਨਜਰ ਕਰੇ ਗਵਾਰ।

ਸਚ ਖੁਦਾਇ ਬੰਦਾ ਹੈ ਝੂਠ। ਦਾਵੈ ਅਗਨ ਖੜੇ ਸਭ ਲੂਟ। ਸੁਣ ਦਾਵੇ ਮੈਂ ਨਹੀ ਖੁਦਾਇ। ਨਾਨਕ ਦਸੈ ਸਾਚਾ ਰਾਹਿ।

ਇਸ ਤੇ ਅਦਰ ਮਾਨ ਨੇ ਕਿਹਾ ਕਿ ਨਾਨਕ ਜੀ ਜਿਹੜੇ ਖੁਦਾ ਦੇ ਪਿਆਰੇ ਨੇ ਇਹਦਾ ਮਤਲਬ ਉਹ ਕੁਝ ਨਹੀ। ਤਾਂ ਫਿਰ ਗੁਰੂ ਨਾਨਕ ਨੇ ਫਰਮਾਇਆ:

ਜੋ ਖੁਦਾਇ ਦੇ ਪਿਆਰੇ ਹੈਨ, ਤਿਨਾ ਖੁਦਾਇ ਪਿਆਰਾ। ਦਿਲ ਮੇਂ ਬਸਤ ਏਕ ਅੰਕਾਰਾ। ਪੀਛੇ ਪਵਨ ਝੂਠਾ ਭੇਖ। ਸਭ ਸੂਰਤ ਮਹਿ ਏਕਾ ਦੇਖ। ਜਹਾ ਦੇਖੇ ਤਹਾ ਹਇ ਸਲਾਮੀ। ਖਾਇ ਹਲਾਲ ਸਭ ਸਤੇ ਹਰਾਮੀ। ਜੋ ਬੰਦਾ



ਪਿਛੇ ਜਿਹੇ ਆਰ ਐਸ ਐਸ ਦੇ ਖੁਫੀਆ ਮਹਿਕਮੇ ਦੇ ਅਜੈਂਟ ਜਿੰਨਾਂ ਨੂੰ 'ਸਤਿਕਾਰ ਕਮੇਟੀ ਦੇ ਸਿੰਘ' ਕਹਿੰਦੇ ਹਨ ਨੇ ਪੀਰ ਦੇ ਤਕੀਏ ਤੇ ਜਾ ਕੇ ਓਥੇ ਜੋ ਗੁਰੂ ਸਾਹਿਬ ਦੀਆਂ ਹੱਥ ਬਣਤ ਤਸਵੀਰਾਂ ਮੌਜੂਦ ਸਨ ਓਨਾਂ ਨੂੰ ਚੁੱਕਵਾ ਦਿੱਤਾ। ਉਪਰੀ ਤਸਵੀਰ ਸੰਨ 2007 ਦੀ ਹੈ ਜਦੋਂ ਇਹ ਲਿਖਾਰੀ ਪਹਿਲੀ ਵਾਰ ਵੈਰੋਕੇ ਗਇਆ ਸੀ। ਅੱਜ ਤਸਵੀਰਾਂ ਅਲੋਪ ਹਨ। ਅਖੌਤੀ ਸਤਿਕਾਰ ਕਮੇਟੀ ਨੂੰ ਸਿੱਖੀ ਦਾ ਇਸਲਾਮ ਨਾਲ ਜੋ ਥੋੜਾ ਬਹੁਤ ਸਬੰਧ ਹੈ ਉਹ ਬਹੁਤ ਚੁੱਭਦਾ ਹੈ। ਆਰ ਐਸ ਐਸ ਸਿੱਖੀ ਨੂੰ ਹਿੰਦੂਮਤ ਦੀ ਸ਼ਾਖ ਬਣਾਉਣਾ ਚਾਹੁੰਦੀ ਹੈ।

ਪੈੜ ਸਫ਼ਾ

■ ਜਸਤਰਵਾਲ ਦੇ ਪਠਾਣ ਬਹੁਤ ਮਸ਼ਹੂਰ ਹੋਇਆ ਕਰਦੇ ਸਨ। ਸਾਡਾ ਅੰਦਾਜ਼ਾ ਹੈ ਕਿ ਉਮਰ ਖਾਨ ਦੇ ਖਾਨਦਾਨ ਦੇ ਲੋਕ ਹੀ ਬਾਦ ਵਿੱਚ ਜਸਤਰਵਾਲ ਆ ਵਸੇ ਹੋਣਗੇ। ਜਸਤਰਵਾਲ ਦੀ ਪਠਾਨਾਂ ਦੀ ਪੁਰਾਣੀ ਮਸੀਤ ਵਿੱਚ ਵੀ ਅੱਜ ਗੁਰਦੁਆਰਾ ਸ਼ੁਸ਼ੋਭਿਤ ਹੈ।

✚ ਪਿੰਡ ਵੈਰੋਕੇ ਵਿੱਚ ਸ਼ਾਹ ਅਦਰ ਮਾਨ ਤੇ ਗੁਰੂ ਸਾਹਿਬ ਦੇ ਮੇਲ ਦੀ ਪ੍ਰੰਪਰਾ ਮੌਜੂਦ ਹੈ। ਗੁਰਦੁਆਰਾ ਸਾਹਿਬ ਅਤੇ ਪੀਰ ਦਾ ਤਕੀਆ ਵੀ ਮੌਜੂਦ ਹੈ। ਹਾਲਾਂ ਇਲਾਕੇ ਦੀ ਪ੍ਰੰਪਰਾ ਵਿੱਚ ਪੀਰ ਦਾ ਨਾਂ ਸ਼ਾਹ ਬਖਤਿਆਰ ਦੱਸਿਆ ਗਇਆ ਹੈ। ਦਰ ਅਸਲ ਪੀਰ ਬਖਤਿਆਰ ਸ਼ਾਹ ਦੇ ਜਾਨਸ਼ੀਨਾਂ ਵਿਚੋਂ ਕੋਈ ਸੀ। ਕਿਉਕਿ ਤਲਵੰਡੀ (ਨਨਕਾਣਾ ਸਾਹਿਬ ਤੋਂ) ਜਾਂ ਲਹੌਰ ਤੋਂ ਪੱਖੋਕੇ (ਕਰਤਾਰਪੁਰ ਸਾਹਿਬ) ਜਾਣ ਵੇਲੇ ਵੈਰੋਕੇ, ਸੌੜੀਆਂ, ਰਮਦਾਸ ਐਨ ਰਾਹ ਵਿੱਚ ਪੈਂਦੇ ਹਨ ਇਹ ਜਰੂਰੀ ਹੈ ਕਿ ਗੁਰੂ ਸਾਹਿਬ ਇਸ ਰਸਤੇ ਇਕ ਤੋਂ ਵੱਧ ਵਾਰ ਨਿਕਲੇ ਹੋਣਗੇ। ਸੋ ਜੋ ਇਲਾਕੇ ਵਿੱਚ ਪ੍ਰੰਪਰਾ ਹੈ ਉਹ ਗੁਰੂ ਸਾਹਿਬ ਦੀ ਦੂਸਰੀ ਫੇਰੀ ਬਾਬਤ ਹੋਵੇਗੀ ਜਦੋਂ ਗਰਮੀਆਂ ਦੇ ਦਿਨ ਸਨ। ਪ੍ਰੰਪਰਾ ਕੁਝ ਇਸ ਪ੍ਰਕਾਰ ਹੈ:-

ਸ਼ਾਹ ਅਦਰ ਮਾਨ ( ਪੀਰ ਬਖਤਿਆਰ) ਨੂੰ ਗੁਰੂ ਨਾਨਕ ਦੇਵ ਜੀ ਮਿਲਣ ਲਈ ਆਏ। ਸ਼ਾਹ ਦੀ ਪਤਨੀ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਮੀਆਂ ਜੀ ਤਾਂ ਭੀਲੋਵਾਲ ਗਏ ਹੋਏ ਹਨ। ਗੁਰੂ ਸਾਹਿਬ ਨੇ ਬਚਨ ਕਹਿ 'ਬੀਬੀ ਵਸੇ ਦਮੋਦਮ, ਮੀਆਂ ਭੀਲੋਵਾਲ, ਸੁੰਞੇ ਮਹਿਲ ਡਰਾਵਣੇ ਬਰਕਤ ਮਰਦਾ ਨਾਲ'। ਗੁਰੂ ਸਾਹਿਬ ਨੇ ਕਿਹਾ ਕਿ ਇਥੇ ਸ਼ਹਿਰ ਵਸਣਾ ਸੀ ਜੇ ਸ਼ਾਹ ਹੁਰੀ ਏਥੇ ਮਿਲਦੇ ਤਾਂ। ਇਨਾਂ ਬਚਨ ਕਹਿ ਕੇ ਗੁਰੂ ਸਾਹਿਬ ਭੀਲੋਵਾਲ ਨੂੰ ਤੁਰ ਪਏ।

ਓਧਰ ਸ਼ਾਹ ਭੀਲੋਵਾਲ ਤੋਂ ਵੈਰੋਕੇ ਵਲ ਤੁਰ ਪਿਆ। ਇਨਾਂ ਦਾ ਮੇਲ ਜਿੱਥੇ ਹੋਇਆ ਉਥੇ ਗੁਰਦੁਆਰਾ ਸਾਹਿਬ ਸ਼ਸ਼ੋਭਤ ਹੈ। ਗੁਰੂ ਸਾਹਿਬ ਰਸਤੇ ਵਿੱਚ ਹੀ ਮਲੇ ਦੀ ਝਾੜੀ ਦੇ ਲਾਗੇ ਬੈਠੇ ਹੋਏ ਸਨ। ਸ਼ਾਹ ਕਹਿਣ ਲੱਗਾ ਗੁਰੂ ਸਾਹਿਬ ਚਲੋ ਕਿਤੇ ਛਾਂਵੇ ਬਹਿਨੇ ਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਲੇ ਨੂੰ ਪਾਣੀ ਪਾਓ। ਗੁਰੂ ਸਾਹਿਬ ਦਾ ਅਜਿਹਾ ਕੌਤਕ ਹੋਇਆ ਕਿ ਪਾਣੀ ਤਰੌਕਣ ਨਾਲ ਮਲੇ ਨੇ ਓਥੇ ਵੱਡੀ ਬੇਰੀ ਦਾ ਰੂਪ ਲੈ ਗਿਆ। ਜਿਸ ਥੱਲੇ ਬਹਿ ਪੀਰ ਅਦਰ ਮਾਨ ਤੇ ਗੁਰੂ ਸਾਹਿਬ ਦੀ ਫਿਰ ਗੋਸ਼ਟਿ ਹੋਈ ਸੀ।

ਵਕਤ ਪਾ ਕੇ ਉਹ ਬੇਰੀ ਸੁੱਕੀ ਤੇ ਡਿੱਗ ਪਈ। ਉਸਦਾ ਮੋਛਾ ਕਾਫੀ ਸਾਲ ਪਿਆ ਰਿਹਾ ਸੀ। ਪ੍ਰੰਪਰਾ ਨੇ ਉਸ ਬੇਰੀ ਦੇ ਮੋਛੇ ਨਾਲ ਕਹਾਣੀ ਜੋੜੀ। ਓਸੇ ਬੇਰੀ ਨਾਲ ਹੋਰ ਬੇਰੀਆਂ ਵੀ ਹੋਈਆਂ।

ਵੈਰੋਕੇ : ਇਸ ਮੁਸਲਮਾਨਾਂ ਪਿੰਡ ਵਿਖੇ ਇਕ ਬੇਰੀ ਹੁੰਦੀ ਸੀ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ। ਹੁਣ ਇਕ ਕਾਰ ਸੇਵਾ ਵਾਲੇ ਬਾਬੇ ਨੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਤਾਂ ਬਣਾਈ ਹੈ ਪਰ ਬੇਰੀ ਜਿਸ ਦਾ ਉਲਾਰ ਇਮਾਰਤ ਵਾਲੇ ਪਾਸੇ ਸੀ ਉਸ ਦੀ 'ਕਾਰ ਸੇਵਾ' ਵੀ ਕਰ ਦਿੱਤੀ। ਹੁਣ ਬਾਬਿਆਂ ਦੀ ਅੱਖ ਖੁੱਲੀ ਹੈ ਤੇ ਨਾਲ ਦੀ ਇਕ ਛੋਟੀ ਬੇਰੀ ਨੂੰ ਪਾਲਣ ਪੋਸਣ ਦਾ ਯਤਨ ਕੀਤਾ ਜਾ ਰਿਹਾ ਹੈ।

ਦੂਸਰੇ ਪਾਸੇ ਪਿੰਡ ਵਿੱਚ ਸ਼ਾਹ ਬਖਤਿਆਰ ਦਾ ਡੇਰਾ ਪੂਰੀ ਤਰਾਂ ਸਾਬਤ ਹੈ। ਓਥੇ ਪਹੁੰਚ ਕੇ ਪੁਰਾਤਨਤਾ ਮਹਿਸੂਸ ਹੁੰਦੀ ਹੈ। ਸ਼ਾਹ ਦਾ ਭੋਰਾ, ਕਬਰ, ਮਸੀਤ ਤੇ ਪੁਰਾਣੇ ਕਰੀਰ ਵਗੈਰਾ ਜਿਓ ਦੇ ਤਿਓ ਖੜੇ ਹਨ। ਪਰ ਸਿੱਖਾਂ ਨੇ ਗੁਰੂ ਸਾਹਿਬ ਨਾਲ ਸਬੰਧਤ ਕੋਈ ਪੁਰਾਤਨ ਚੀਜ ਰਹਿਣ ਨਹੀ ਦਿੱਤੀ। ਹਾਂ ਇਕ ਪੁਰਾਤਨ ਖੂਹ ਮੌਜੂਦ ਹੈ।

ਵੈਰੋਕੇ ਲਹੌਰ ਤੋ 17 ਕਿਲੋਮੀਟਰ, ਅੰਮ੍ਰਿਤਸਰ ਤੋ 26 ਕਿਲੋਮੀਟਰ ਤੇ ਲੋਪੋਕੇ ਤੋਂ ਇਕ ਕਿਲੋਮੀਟਰ ਹੈ।


ਨਾਨਕਸਰ ਵੇਰਕਾ (ਗੂਗਲ ਮੈਪ ਤਸਵੀਰ)

ਦਰਗਹਿ ਮੈਂ ਖਰਾ। ਏਕ ਕੀ ਸਿਫਤ ਦੂਜੇ ਤੇ ਡਰਾ। ਨਾਨਕ ਕਹੈ ਸੁਣ ਪੀਰ ਅਦ੍ਰ ਮਾਨ। ਏਕ ਖੁਦਾਇ ਦੂਜਾ ਸੈਤਾਨ।

ਅਦ੍ਰ ਮਾਨ ਕਹਿਣ ਲੱਗਾ ਨਾਨਕ ਤੇਰੀ ਨਿਗਾਹ ਵਿੱਚ ਫਿਰ ਕੋਈ ਭੀ ਸਹੀ ਨਹੀ? ਤਾਂ ਗੁਰੂ ਸਾਹਿਬ ਨੇ ਕਿਹਾ:

ਨਜਰ ਹਮਾਰੀ ਸਭ ਤੇ ਦੂਰ। ਏਕ ਖੁਦਾਇ ਕੇ ਰਹੈ ਹਜੂਰ।
ਇਕ ਦਮ ਕਬਹੂੰ ਭੁਲ ਨ ਪਾਇ। ਐਸਾ ਦੀਆ ਰਾਹਿ ਬਤਾਇ।
ਖਾਲਕ ਏਕ ਸਭ ਕੀਏ ਬੰਦੇ। ਜਿਸ ਪਰ ਰਹਮ ਸੋ ਕਿਸੇ ਨਾ ਨਿੰਦੇ।
ਸਭ ਕੋ ਜਾਣੈ ਆਪ ਤੇ ਭਲਾ। ਸੋਈ ਹਾਜਰ ਖਾਲਕ ਦਰ ਖਲਾ।
ਸੁਣ ਸੇਖਾ ਜਿਨ ਆਪ ਘਟਾਇਆ। ਕਹੇ ਨਾਨਕ ਖਾਲਕ ਤਿਨ ਪਾਇਆ।

ਫਿਰ ਅਦ੍ਰ ਮਾਨ ਬੋਲਿਆ ਗੁਰੂ ਸਾਹਿਬ ਇਹ ਤੁਹਾਡੀ ਵੱਡੀ ਇਨਾਇਤ ਹੈ ਜਿਹੜਾ ਤੁਸੀ ਦਰਸ਼ਨ ਦਿੱਤੇ ਹਨ। ਮੇਰੇ ਤੇ ਮਿਹਰ ਕੀਤੀ ਹੈ।

ਤਾਂ ਗੁਰੂ ਜੀ ਨੇ ਕਿਹਾ ਸ਼ੇਖ ਜੀ ਵੱਡੀ ਮਿਹਰਬਾਨੀ ਏਹੋ ਹੁੰਦੀ ਹੈ ਜੋ ਕੀਤੇ ਨੋ ਕੀਤਾ ਜਾਣਨਾ ਅਤੇ ਆਪਣੇ ਆਪ ਨੂੰ ਅੱਗੇ ਨਹੀ ਧਰਨਾਂ ਭਾਵ ਕਿਸੇ ਪ੍ਰਾਪਤੀ ਦਾ ਦਾਵਾ ਨਹੀ ਕਰਨਾਂ ਕਿ ਮੈਂ ਕੀਤਾ। ਯਾਦ ਰੱਖਣਾ ਜੋ ਕੁਝ ਤੁਸੀ ਦੇਖ ਰਹੇ ਹੋ ਸਾਰੀ ਦੀ ਸਾਰੀ ਪੈਦਾਇਸ਼ ਖੁਦਾ ਦੀ ਹੈ। ਜਿਸ ਨੇ ਆਪਣੇ ਆਪ ਨੂੰ ਨੀਚ ਕਹਾਇਆ ਉਹ ਹੀ ਅਸਲ ਵਿੱਚ ਉਤਮ ਹੈ। ਖੁਦ ਕਹਿ ਕੇ ਕੋਈ ਅੱਜ ਤੱਕ ਨਾਂ ਤਾਂ ਚੰਗਾ ਹੋ ਪਾਇਆ ਹੈ ਤੇ ਨਾਂ ਕੋਈ ਮੰਦਾ ਹੀ ਹੋਇਆ ਹੈ।

ਅਦ੍ਰ ਮਾਨ ਨੇ ਗੁਰੂ ਸਾਹਿਬ ਦੇ ਪੈਰਾਂ ਤੇ ਹੱਥ ਰੱਖ ਕੇ ਕਿਹਾ ਕਿ ਜੇ ਸਾਡੇ ਕੋਲੋਂ ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਮਾਫ ਕਰਨੀ।

ਤਾਂ ਗੁਰੂ ਸਾਹਿਬ ਨੇ ਕਿਹਾ ਸ਼ੇਖ ਜੀ ਰੱਬ ਦੇ ਪਿਆਰਿਆਂ ਦੀ ਆਪਸ ਵਿੱਚ ਕੋਈ ਗੁਸਤਾਖੀ ਨਹੀ ਹੁੰਦੀ। ਜੇ ਹੋ ਜਾਇ ਤਾਂ ਖੁਦਾ ਬਖਸ਼ਿੰਦ ਹੈ। ਪਰ ਬੰਦੇ ਨੂੰ ਆਪਣੇ ਵਲੋਂ ਖਬਰਦਾਰ ਰਹਿਣਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਕਿਹਾ ਸ਼ੇਖ ਜੀ ਜੋ ਖੁਦਾ ਦੇ ਪਿਆਰੇ ਨੇ ਉਨਾਂ ਦੇ ਦਿੱਲ ਵਿੱਚ ਅੱਠੇ ਪਹਿਰ ਰੱਬ ਦਾ ਖੌਫ (ਡਰ) ਬਣਿਆ ਰਹਿੰਦਾ ਹੈ। ਇਹ ਕਦੀ ਵੀ ਲਾਪਰਵਾਹ ਨਹੀ ਹੁੰਦੇ।

ਫਿਰ ਮਿਲਣ ਦਾ ਵਾਇਦਾ ਕਰਕੇ ਇਥੋਂ (ਵੈਰੋਕਿਆਂ ਤੋਂ) ਗੁਰੂ ਸਾਹਿਬ, ਭੀਲੋਵਾਲ ਨੂੰ ਚਲੇ ਗਏ। ਭੀਲੋਵਾਲ ਵੀ ਕਿਸੇ ਵੇਲੇ ਵੱਡਾ ਕਸਬਾ ਹੁੰਦਾ ਸੀ। ਇਸ ਦਾ ਜਿਕਰ ਇਤਹਾਸ ਵਿੱਚ ਵੀ ਆਉਦਾ ਹੈ। ਭੀਲੋਵਾਲ ਕੁਝ ਸਮਾਂ ਉਪਦੇਸ਼ ਕਰਦੇ ਹੋਏ ਸਾਹਿਬ ਲਹੌਰ ਨੂੰ ਨਿਕਲ ਗਏ।

-----◈-----

ਹੇਠ ਆਈ ਵੇਰਕੇ ਵਾਲੀ ਸਾਖੀ ਦਾ ਸਬੰਧ ਉਪਰ ਦਿੱਤੀ ਕਰਤਾਰਪੁਰ- ਲਾਹੌਰ ਯਾਤਰਾ ਨਹੀ ਹੈ। ਸਮਾਂ ਨੇੜੇ ਤੇੜੇ ਹੋਣ ਕਰਕੇ ਇਸਨੂੰ ਇਸ ਚੈਪਟਰ ਵਿਚ ਦੇ ਦਿੱਤਾ ਹੈ।

-----------

## 'ਸੂਕੇ ਹਰੇ ਕੀਏ ਖਿਨ ਮਾਹੇ॥ '–ਨਾਨਕਸਰ ਵੇਰਕਾ⊙

ਵੱਲਾ ਤੇ ਵੇਰਕਾ ਅੰਮ੍ਰਿਤਸਰ ਨਾਲੋਂ ਪੁਰਾਣੇ ਪਿੰਡ ਹਨ। ਅੱਜ ਕਲ੍ਹ ਤਾਂ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਹੀ ਆ ਗਏ ਹਨ।

ਇਤਹਾਸ ਦੱਸਦਾ ਹੈ ਕਿ ਜਿੱਥੇ ਅੱਜ ਹਰਮੰਦਰ ਸਾਹਿਬ ਹੈ ਇਥੇ ਵੀ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਸਨ ਜਦੋਂ ਉਹ ਕਰਤਾਰਪੁਰ ਤੋਂ ਖਡੂਰ ਸਾਹਿਬ ਜਾ ਰਹੇ ਸਨ। ਓਦੋਂ ਲਾਗੇ ਢਾਬ ਹੁੰਦੀ ਸੀ ਤੇ ਜਿੱਥੇ ਦੁੱਖ ਭੰਜਨੀ ਬੇਰੀਜ ਹੈ ਇਥੇ ਗੁਰੂ ਸਾਹਿਬ ਬਿਰਾਜੇ ਸਨ। ਇਹ ਇਲਾਕਾ ਡੋਗਰ ਜਾਤ ਦੇ ਹਿੰਦੂਆਂ ਦਾ ਹੁੰਦਾ ਸੀ ਜੋ ਵਕਤ ਪਾ ਕੇ ਸਾਰੇ ਮੁਸਲਮਾਨ ਹੋ ਗਏ।

ਇਲਾਕੇ ਵਿੱਚ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਫਿਰ ਪਿੰਡ ਵੇਰਕਾ ਪਹੁੰਚੇ ਸਨ। ਜਿਸ ਦਿਨ ਇਥੇ ਗੁਰੂ ਸਾਹਿਬ ਦੇ ਚਰਨ ਪਏ ਓਦੋਂ 12 ਚੇਤ੍ਰ ਸੰਮਤ 1596 (ਮਾਰਚ 1539 ਈ) ਸੀ।

ਵੇਰਕੇ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਸਾਰਾ ਇਲਾਕਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਹੁੰਮ ਹੁੰਮਾ ਕੇ ਪਹੁੰਚਾ। ਹਰ ਕੋਈ ਆਪਣੇ ਦੁੱਖਾਂ ਦਲਿਦ੍ਰਾਂ ਤੋਂ ਮੁਕਤੀ ਪਾ ਰਿਹਾ ਸੀ। ਓਦੋਂ ਹੀ ਇੱਕ ਮਾਂ ਆਪਣੇ ਬੱਚੇ ਨੂੰ ਲੈ ਰੋਂਦੀ ਰੋਂਦੀ ਗੁਰੂ ਸਾਹਿਬ ਦੇ ਚਰਨਾਂ 'ਚ ਹਾਜਰ ਹੋਈ ਜਿਸ ਦਾ ਬੱਚਾ ਸੋਕੜੇ ਨਾਲ ਪੀੜਤ ਸਿਰਫ ਹੱਡਾਂ ਦਾ ਢਾਂਚਾ ਰਹਿ ਗਇਆ ਸੀ।

ਗੁਰੂ ਸਾਹਿਬ ਨੇ ਮਾਂ ਨੂੰ ਹੁਕਮ ਕੀਤਾ ਕਿ ਨਾਲ ਦੀ ਛਪੜੀ ਵਿੱਚ ਬੱਚੇ ਨੂੰ ਤੁਰੰਤ ਇਸ਼ਨਾਨ ਕਰਾਏ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਮਾਂ ਨੇ ਬੱਚੇ ਨੂੰ ਇਸ਼ਨਾਨ ਕਰਾਇਆ। ਹੌਲੀ ਹੌਲੀ ਬੱਚਾ ਨੌ ਬਰ ਨੌ ਹੋ ਗਿਆ। ਵਕਤ ਪਾ ਵੱਡਾ ਹੋ ਕੇ ਇਹ ਇਲਾਕੇ ਦੇ ਮੋਹਰੀ ਬੰਦਿਆਂ ਵਿਚੋਂ ਗਿਣਿਆ ਗਿਆ।

ਗੁਰੂ ਸਾਹਿਬ ਦੀ ਯਾਦ ਵਿੱਚ ਫਿਰ ਇਥੇ ਗੁਰਦੁਆਰਾ ਸਾਹਿਬ ਸਥਾਪਤ ਹੋਇਆ ਅਤੇ ਉਹ ਛਪੜੀ ਸਰੋਵਰ ਦਾ ਰੂਪ ਧਾਰਨ ਕਰ ਗਈ ਅਤੇ ਨਾਨਕਸਰ ਕਹਿਲਾਈ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਹਰ ਸਾਲ ਏਥੇ ਚੇਤ੍ਰ ਦੇ ਮਹੀਨੇ ਮੇਲਾ ਭਰਦਾ ਹੈ।

ਪੰਚਮ ਪਾਤਸ਼ਾਹ ਜਦੋਂ ਚੇਤ੍ਰ ਦੇ ਮਹੀਨੇ ਇਥੇ ਪਧਾਰੇ ਤਾਂ ਸ਼ਬਦ ਰਚਿਆ:

ਗਉੜੀ ਮਹਲਾ ੫ ॥ ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ ਕਾਟੇ ਕਸਟ ਪੂਰੇ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥੧॥ ਰਹਾਉ ॥ ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥ ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥ ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥੪॥

ਪੈੜ ਸਫਾ

⊙ ਸਾਈਕਲ ਯਾਤਰੀ-333. ਲਗਦਾ ਹੈ ਗੁਰੂ ਸਾਹਿਬ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਕਦੀ ਭਾਈ ਲਹਿਣੇ ਕਰਕੇ ਇਸ ਇਲਾਕੇ ਵਿਚ ਆਏ ਹੋਣਗੇ।

ਇਕ ਇਲਾਕਾ ਹੋਣ ਕਰਕੇ ਅਸੀ ਇਹ ਸਾਖੀ ਸੌੜੀਆਂ-ਵੈਰੋਕੇ-ਰਮਦਾਸ ਨਾਲ ਦਿੱਤੀ ਹੈ। ਹੋਰ ਕੋਈ ਸਬੰਧ ਨਹੀ ਹੈ। ਵਕਤ ਵੀ ਦੋਵਾਂ ਸਾਖੀਆਂ ਦੇ ਵੱਖਰੇ ਵੱਖਰੇ ਹਨ।

ਇਹ ਵੀ ਵੀਚਾਰ ਹੈ ਕਿ ਵੇਰਕੇ ਤੋਂ ਬਾਦ ਗੁਰੂ ਸਾਹਿਬ ਸ਼ੇਖ ਫਤੇ ਵਾਲੇ ਪਾਸੇ ਗਏ ਜਾਂ ਉਸ ਪਾਸਿਓ ਆਏ ਹੋਣ।

ਬਾਬ-65ਅ

# ਲਾਹੌਰ ਦੇ ਕੌਤਕ

## ਵੱਖ ਵੱਖ ਸਮਿਆਂ/ਸਾਲਾਂ ਵਿਚ ਗੁਰੂ ਸਾਹਿਬ ਦੀ ਲਾਹੌਰ ਆਮਦ ਵੇਲੇ

ਵੱਖ ਵੱਖ ਸਮਿਆਂ ਤੇ ਗੁਰੂ ਸਾਹਿਬ ਲਹੌਰ ਗਏ ਜਾਂ ਲਹੌਰ ਥਾਂਣੀ ਲੰਘੇ। ਕਈ ਸਾਖੀਆਂ ਚੌਥੀ ਉਦਾਸੀ ਤੋਂ ਪਹਿਲਾਂ ਦੀਆਂ ਹਨ, ਪਰ ਅਸਾਂ ਇਨਾਂ ਨੂੰ ਲਹਿਣਾ ਮਿਲਾਪ ਤੋਂ ਬਾਦ ਸਮੇਂ ਵਿੱਚ ਰੱਖਿਆ ਹੈ ਕਿਉਕਿ ਲਹੌਰੀਆਂ ਨੇ ਬਾਬੇ ਦੀ ਕਦਰ ਓਦੋਂ ਪਾਈ ਜਦੋਂ ਸਾਰੀ ਦੁਨੀਆ ਬਾਬੇ ਅੱਗੇ ਝੁਕ ਗਈ ਸੀ। 1524 ਵਿਚ ਜਦੋਂ ਬਾਬਰ ਨੇ ਲਹੌਰ ਤੇ ਹਮਲਾ ਕੀਤਾ ਸੀ ਤਾਂ ਲਹੌਰੀਆਂ ਨੇ ਇਕੱਠੇ ਹੋ ਕੇ ਬਾਬਰ ਦਾ ਟਾਕਰਾ ਕੀਤਾ ਸੀ। ਜਿਸ ਕਰਕੇ ਬਾਬਰ ਲਾਹੌਰੀਆਂ ਤੇ ਬਹੁਤ ਬੁਖਲਾਅ ਗਇਆ ਸੀ। ਲਾਹੌਰ ਫਤਹਿ ਕਰਨ ਉਪਰੰਤ ਉਸ ਨੇ ਬਜਾਰਾਂ ਵਿਚ ਅੱਗ ਲਾ ਕੇ ਜਿੱਤ ਦਾ ਜਸ਼ਨ ਮਨਾਇਆ ਅਤੇ ਜੋ ਸਾਹਮਣੇ ਦਿੱਸਿਆ ਕਤਲ ਕਰ ਦਿੱਤਾ ਗਇਆ। ਉਦੋਂ ਤਾਂ ਹੀ ਸਾਹਿਬ ਨੇ ਉਚਾਰਿਆ ਸੀ

ਲਾਹੌਰ ਸਹਰੁ, ਜਹਰੁ, ਕਹਰੁ ਸਵਾ ਪਹਰੁ ॥

ਸੋ ਇਕ ਅੱਧੀ ਛੱਡ ਕੇ ਹੇਠਲੀਆਂ ਬਹੁਤੀਆਂ ਸਾਖੀਆਂ ਭਾਈ ਲਹਿਣਾ ਮਿਲਾਪ ਤੋਂ ਬਾਦ ਦੀਆਂ ਹੀ ਲੱਗਦੀਆਂ ਨੇ। ਪਹਿਲੀਆਂ ਸਾਖੀਆਂ ਵਿਚ ਭਾਈ ਮਰਦਾਨੇ ਦਾ ਹਾਜਰ ਹੋਣਾ ਸੁਭਾਵਿਕ ਹੈ।

### 'ਤੂੰ ਫਕੀਰ ਦਾ ਮਿਰਾਸੀ ਮੈਂ ਸ਼ਾਹੂਕਾਰ ਦਾ'○

ਗਲ ਲਹੌਰ ਦੀ ਹੈ। ਗੁਰੂ ਸਾਹਿਬ ਸਰਾਫਾ ਬਜਾਰ ਵਿੱਚ ਬੈਠੇ ਸਨ। ਕੁਦਰਤੀ ਉਸ ਵੇਲੇ ਉਨਾਂ ਦੁਆਲੇ ਭੀੜ ਨਹੀ ਸੀ। ਇਕ ਮਿਰਾਸੀ ਆਇਆ ਤੇ ਮਰਦਾਨੇ ਨਾਲ ਲੱਗਾ ਗੱਲਾਂ ਕਰਨ। ਉਹ ਲਹੌਰ ਦੇ ਕਿਸੇ ਵੱਡੇ ਸਰਾਫ ਕੋਲ ਕੰਮ ਕਰਦਾ ਸੀ। ਇਤਫਾਕ ਕਿ ਸਰਾਫ ਵੀ ਕੋਈ ਖੱਤਰੀ ਹੀ ਸੀ। ਮਰਦਾਨੇ ਨੇ ਉਸ ਮੁਲਾਜਮ ਨੂੰ ਦੱਸਿਆ ਕਿ ਮੇਰਾ ਸਾਹਿਬ ਵੀ ਖੱਤਰੀ ਕੁਲ ਵਿਚੋਂ ਹੀ ਹੈ।

ਮਰਦਾਨੇ ਦੀ ਜਦੋਂ ਉਸ ਬੰਦੇ ਨਾਲ ਗਲ ਬਾਤ ਚਲ ਰਹੀ ਸੀ ਤਾਂ ਪਤਾ ਲੱਗਾ ਕਿ ਉਹ ਵੀ ਮਿਰਾਸੀ ਹੀ ਹੈ। ਮਰਦਾਨੇ ਨੇ ਕਿਹਾ ਕਿ ਮੈਂ ਵੀ ਮਿਰਾਸੀ ਹੀ ਹਾਂ। ਉਹ ਬੰਦਾ ਬੜੇ ਮਾਣ ਵਿਚ ਆਇਆ ਤੇ ਕਹਿਣ ਲੱਗਾ ਕਿ ਭਾਈ ਮੈਂ ਸ਼ਾਹੂਕਾਰ ਦਾ ਮਿਰਾਸੀ ਹਾਂ ਤੂੰ ਸੜ੍ਹਕ ਛਾਪ ਫਕੀਰ ਦਾ ਮਿਰਾਸੀ ਹੈਂ।

ਮਰਦਾਨੇ ਨੇ ਕਿਹਾ ਉਹ ਭੋਲਿਆ ਤੈਨੂੰ ਕੀ ਪਤਾ ਇਹ ਕਿੱਢਾ ਵੱਡਾ ਸਰਾਫ ਹੈ। ਸਰਾਫ ਤਾਂ ਕੀ ਵੱਡੇ ਵੱਡੇ ਬਾਦਸ਼ਾਹ ਸੁਲਤਾਨ ਵੀ ਇਸ ਦੇ ਅਧੀਨ ਹਨ। ਤੂੰ ਸਰਾਫਾਂ ਦੇ ਕੰਮ ਕਰਦੈ ਪਰ ਤੈਨੂੰ ਹੀਰੇ ਦੀ ਪਰਖ ਹੈਨੀ।

ਓਦੋਂ ਫਿਰ ਮਰਦਾਨੇ ਨੇ ਆਪ ਮੁਹਾਰੇ ਆਸਾ ਰਾਗ ਦੀ ਧੁੰਨ ਰਬਾਬ ਤੇ ਵਜਾਈ ਅਤੇ ਉੱਚਾ ਲੰਮਾ ਅਲਾਪ ਆਸਾ ਵਿੱਚ ਲਾਇਆ। ਬਜਾਰ ਵਿੱਚ ਆਏ ਲੋਕ ਇਕੱਠੇ ਹੋ ਗਏ। ਮਰਦਾਨੇ ਨੇ ਗੁਰੂ ਸਾਹਿਬ ਦਾ ਰਚਿਆ ਸ਼ਬਦ ਗਾਇਆ।(ਛੇਤੀ ਹੀ ਸਾਥ ਗੁਰੂ ਸਾਹਿਬ ਨੇ ਵੀ ਦੇ ਦਿੱਤਾ):-

ਰਾਗੁ ਆਸਾ ਮਹਲਾ ੧ ॥ ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥ ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥ ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥ ਆਸਾ ਮਨਸਾ ਸਬਦਿ ਜਲਾਏ ॥ ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥ ਕੰਚਨ ਕਾਇਆ ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋ ਧਨੁ ਪਲੈ ਸਾਚੁ ਅਖੂਟੁ ॥੪॥ ਪੰਚ ਤੀਨਿ ਨਵ ਚਾਰਿ ਸਮਾਵੈ ॥ ਧਰਣਿ ਗਗਨੁ ਕਲ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥ ੫॥ ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥ ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥ ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥

-----◈-----

### ਜੋਗੀ ਆਸਣ ਬਦਾਮੀ ਬਾਗ ਲਹੌਰ ਵਿਖੇ ਬਾਬਾ◈

ਜਿਥੇ ਅਜਕਲ ਬੰਗਾਲੀ ਬਾਗ ਕਬਰਾਂ ਹਨ ਉਨਾਂ ਲਾਗੇ ਮਤਲਬ ਲਹੌਰ ਦੇ ਪਹਾੜ ਪਾਸੇ ਬਦਾਮੀ ਬਾਗ ਰੇਲਵੇ ਸਟੇਸ਼ਨ ਤੋਂ ਪਹਾੜ ਪਾਸੇ ਸਵਾ ਕੁ ਕਿ. ਮੀ. ਦੂਰ ਲਹੌਰ ਦਾ ਮਸਹੂਰ ਜੋਗੀ ਮੱਠ ਜਾਂ ਆਸਣ ਹੁੰਦਾ ਸੀ। ਗੁਰੂ ਸਾਹਿਬ ਜੋਗ ਤੇ ਸੰਨਿਆਸ ਨੂੰ ਇਥੇ ਵੀ ਵਿਅੱਰਥ ਦੱਸ ਕੇ ਜੋਗੀਆਂ ਨੂੰ ਨਾਮ ਨਾਲ ਜੋੜਿਆ ਸੀ।

ਗੁਰੂ ਜਦੋਂ ਵੀ ਲਹੌਰ ਦੇ ਇਸ ਪਾਸਿਓ ਲੰਘਦੇ ਤਾਂ ਉਨਾਂ ਦਾ ਟਿਕਾਣਾ ਇਹੋ ਹੁੰਦਾ ਸੀ। ਕਿਉਕਿ ਵਕਤ ਪਾ ਕੇ ਸਾਰੇ ਜੋਗੀ ਸਿੱਖ ਬਣ ਗਏ ਸਨ। ਇਥੇ ਵੀ ਫਿਰ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਸਾਹਿਬ ਹੀ ਬਣ ਗਇਆ ਸੀ, ਜਿਹੜਾ ਗੁਰਦਵਾਰਾ ਨਾਨਕਗੜ੍ਹ ਕਹਾਉਦਾ ਸੀ।

ਦੁਨੀ ਚੰਦ ਕਰੋੜੀਏ ਦੇ ਪਿਓ ਦੇ ਸਰਾਧ ਤੇ ਵੀ ਗੁਰੂ ਸਾਹਿਬ ਇਥੋਂ ਹੀ ਗਏ ਸਨ। ਅੱਜ ਇਹ ਗੁਰਦੁਆਰਾ ਸਾਹਿਬ ਅਲੋਪ ਹੋ ਚੁੱਕਾ ਹੈ।@

-----◈-----

### ਤੂੰ ਸਰਾਧ ਕਰਾ ਰਿਹੈ, ਪਿਓ ਤੇਰਾ ਤਾਂ ਤਿੰਨ ਦਿਨਾਂ ਤੋਂ ਭੁੱਖਾ ਬੈਠਾ•

ਗੁਰੂ ਸਾਹਿਬ ਨੇ ਭਾਰਤੀ ਸਮਾਜ ਵਿੱਚ ਪ੍ਰਚੱਲਤ ਅਨੇਕਾਂ ਵਿਅੱਰਥ ਰੀਤਾਂ ਰਵਾਜਾਂ ਅਤੇ ਕਰਮ ਕਾਡਾਂ ਤੋਂ ਲੋਕਾਈ ਨੂੰ ਵਰਜਿਆ ਸੀ। ਮਰ ਗਏ ਪੁਰਖਿਆਂ ਨੂੰ ਭੋਜਨ ਕਰਾਉਣ ਵਾਲੀ ਸਰਾਧ ਨਾਂ ਦੀ ਰਸਮ ਭਾਰਤ ਵਿੱਚ ਕੁਝ ਜਿਆਦਾ ਹੀ ਪ੍ਰਚਲਤ ਸੀ। ਜਿਸ ਦੇ ਖੰਡਣ ਬਾਰੇ ਕਈ ਸਾਖੀਆਂ ਮਿਲਦੀਆਂ ਹਨ।

ਇਹ ਸਾਖੀ ਕਰਤਾਰਪੁਰ ਬੰਨਣ ਉਪਰੰਤ ਲੱਗ ਪਗ 1525 ਈ. ਦੀ ਹੈ।

ਕਲਾਨੌਰ ਦੇ ਕਰੋੜੀਆ (ਟੈਕਸ ਕਲੈਕਟਰ) ਦੁਨੀ ਚੰਦ ਦਾ ਘਰ ਲਹੌਰ ਦਿੱਲੀ ਦਰਵਾਜੇ ਦੇ ਅੰਦਰ ਚੁਹੱਟਾ ਮੁਫਤੀ ਬਾਕਰ ਵਿੱਚ ਹੁੰਦਾ ਸੀ। ਉਹਨੀ ਦਿਨੀਂ ਇਨੂੰ ਸਿਰੀਆਂ ਵਾਲਾ ਬਜਾਰ ਜਾਂ ਚੁਹੱਟਾ ਮੁਹੱਲਾ ਜਵਾਹਰ ਮੱਲ ਆਖਿਆ ਜਾਂਦਾ ਸੀ। ਜਵਾਹਰ ਮੱਲ ਦੁਨੀ ਚੰਦ ਕ੍ਰੋੜੀਏ ਦਾ ਦਾਦਾ ਹੀ ਸੀ।

ਦੁਨੀ ਚੰਦ ਵੀ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਉਸ ਨੇ ਕੋਈ 100 ਕੁ ਬ੍ਰਾਹਮਣਾਂ ਨੂੰ ਭੋਜਨ ਕਰਾ ਦਿੱਤਾ ਸੀ ਕਿ ਕਿਸੇ ਬ੍ਰਾਹਮਣ ਕੋਲੋਂ ਹੀ ਉਨ੍ਹੂੰ ਪਤਾ ਲੱਗਾ ਕਿ ਗੁਰੂ ਨਾਨਕ ਸਾਹਿਬ ਵੀ ਲਹੌਰ ਦੇ ਬਦਾਮੀ ਬਾਗ ਨੇੜੇ ਉਤਰੇ ਹੋਏ ਹਨ।



ਧਰਮਸਾਲ ਪਹਿਲੀ ਪਾਤਸ਼ਾਹੀ ਚੁਹੱਟਾ ਮੁਫਤੀ ਬਾਕਰ, ਲਾਹੌਰ।-ਤਸਵੀਰ ਕੈਸਰ

ਪਤਾ ਕਰਕੇ ਦੁਨੀ ਚੰਦ ਗੁਰੂ ਸਾਹਿਬ ਕੋਲ ਪਹੁੰਚਾ ਤੇ ਉਨਾਂ ਨੂੰ ਘਰ ਲੈ ਆਇਆ ਅਤੇ ਸਾਰਾ ਦੱਸਿਆ ਕਿ ਅਸੀ ਹੁਣ ਤੱਕ 100 ਕੁ ਬ੍ਰਹਾਮਣਾਂ ਨੂੰ ਜਿਮਾ ਚੁੱਕੇ ਹਾਂ, ਮੇਰਾ ਪਿਤਾ ਜੀ ਦਾ ਸਰਾਧ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਭੋਲਿਆ ਤੂੰ ਆਪੇ ਪਿਤਾ ਦੇ ਨਾਂ ਤੇ ਸਰਾਧ ਕਰਦਾ ਪਿਐ ਕਿ ਉਨ੍ਹੂੰ ਸਵੱਰਗਾਂ ਵਿੱਚ ਭੋਜਨ ਪਹੁੰਚੇ ਪਰ ਸੱਚ ਗੱਲ ਤਾਂ ਇਹ ਹੈ ਕਿ ਤੇਰਾ ਪਿਤਾ ਅੱਜ ਤਿੰਨ ਦਿਨਾਂ ਤੋਂ ਭੁੱਖਾ ਹੈ। ਜਾ ਉਨ੍ਹੂੰ ਤਾਂ ਕੁਝ ਖਵਾ ਕੇ ਆ।

ਦੁਨੀ ਚੰਦ ਹੈਰਾਨੀ ਨਾਲ ਚੀਕ ਉਠਿਆ, "ਬਾਬਾ ਜੀ ਕਿਥੇ ਹੈ ਮੇਰਾ ਪਿਤਾ?"

ਗੁਰੂ ਸਾਹਿਬ ਨੇ ਕਿਹਾ ਇਥੋਂ ਪੰਜ ਕੋਹ ਦੂਰ ਫਲਾਣੇ ਜੰਗਲ ਵਿੱਚ ਬਘਿਆੜ ਦੀ ਜੂਨੇ ਪਿਆ ਉਹ ਝਾੜੀਆਂ ਵਿੱਚ ਲੁਕਿਆ ਬੈਠਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜਾ ਕੇ ਉਨ੍ਹੂੰ ਕੁਝ ਖਵਾਓ ਪਿਲਾਓ। ਡਰਨਾਂ ਨਾਂ, ਉਹ ਤੁਹਾਨੂੰ ਕੁਝ ਨਹੀ ਕਹੇਗਾ।

ਦੁਨੀ ਚੰਦ ਗੁਰੂ ਸਾਹਿਬ ਦੇ ਕੌਤਕ ਤਾਂ ਪਹਿਲਾਂ ਵੀ ਵੇਖ ਸੁਣ ਚੁੱਕਾ ਸੀ।

ਸਾਰਾ ਟੱਬਰ ਹੁਣ ਇਕ ਦੂਜੇ ਵਲ ਬਿਟ੍ਹ ਬਿਟ੍ਹ ਤੱਕ ਰਿਹਾ ਸੀ।

ਸਾਹਿਬ ਨੇ ਮਰਦਾਨੇ ਦੀ ਰਬਾਬ ਆਸਾ ਦੀ ਵਾਰ ਦੀ ਪਉੜੀ ਗਾਈ:-

**..ਸਲੋਕੁ ਮਃ ੧ ॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥...**

ਇਕ ਘੜੀ ਮੰਨ ਲਓ ਕੋਈ ਬੰਦਾ ਚੋਰੀ ਚਕਾਰੀ ਕਰਕੇ ਆਪਣੇ ਬਜੁਰਗਾਂ (ਪਿਤਰਾਂ) ਦੇ ਨਮਿਤ ਸਰਾਧ ਕਰਾਵੇ ਤਾਂ ਭਾਈ ਪਰਲੋਕ ਵਿਚ ਤਾਂ ਉਹ ਪਦਾਰਥ ਪਛਾਣੇ ਜਾਣੇ ਨੇ। ਇਸ ਤਰ੍ਹਾਂ ਕਰਕੇ ਉਹ ਬੰਦਾ ਖੁਦ ਹੀ ਆਪਣੇ ਪਿਤਰਾਂ ਨੂੰ ਭੀ ਚੋਰ ਬਣਾਂਦਾ ਹੈ ਕਿਉਂਕਿ ਜਾਣੀ ਜਾਣ ਪ੍ਰਭੂ ਸਾਹਮਣੇ ਉਹਨਾਂ ਪਾਸੋਂ ਚੋਰੀ ਦਾ ਮਾਲ ਨਿਕਲ ਆਉਂਦਾ ਹੈ। ਰੱਬ ਤਾਂ ਇਹ ਨਿਆਂ ਕਰਦਾ ਹੈ ਕਿ ਇਹ ਚੋਰੀ ਦਾ ਮਾਲ ਅਪੜਾਣ ਵਾਲੇ ਦਲਾਲ ਭਾਵ ਬ੍ਰਾਹਮਣ ਦੇ ਹੱਥ ਵੱਢੇ ਜਾਂਦੇ ਹਨ।

ਗੁਰੂ ਸਾਹਿਬ ਕਹਿੰਦੇ ਹਨ ਕਿ ਸੱਚੀ ਗਲ ਤਾਂ ਇਹ ਹੈ ਕਿ ਕਿਸੇ ਦਾ ਅਪੜਾਇਆ ਹੋਇਆ ਅੱਗੇ ਕੀਹ ਮਿਲਣਾ ਹੈ? ਅਗਾਂਹ ਤਾਂ ਮਨੁੱਖ ਨੂੰ ਉਹੀ ਕੁਝ ਮਿਲਦਾ ਹੈ ਜੋ ਖੱਟਦਾ ਹੈ, ਕਮਾਂਦਾ ਹੈ ਤੇ ਹੱਥੀਂ ਦੇਂਦਾ ਹੈ।

ਗੁਰੂ ਸਾਹਿਬ ਨੇ ਬ੍ਰਾਹਮਣਾਂ ਸਮੇਤ ਸਭ ਤੋਂ ਉਪਦੇਸ਼ ਦਿੱਤਾ ਕਿ ਕਿਵੇ ਇਹ ਸਰਾਧ ਨਾਂ ਦੀ ਰਸਮ ਵਿਅੱਰਥ ਹੈ।

ਗੁਰੂ ਸਾਹਿਬ ਜਦੋਂ ਕੋਠੇ ਤੋਂ ਬਾਹਰ ਆਏ ਤਾਂ ਕੀ ਵੇਖਦੇ ਹਨ ਕਿ ਦੁਨੀ ਚੰਦ ਦੇ ਘਰ ਤੇ ਸੱਤ ਝੰਡੇ ਝੂਲ ਰਹੇ ਸਨ। ਗੁਰੂ ਸਾਹਿਬ ਨੇ ਕਿਹਾ ਭਾਈ ਇਹ ਝੰਡਿਆਂ ਦਾ ਕੀ ਮਤਲਬ? ਦੁਨੀ ਚੰਦ ਕਹਿਣ ਲੱਗਾ ਕਿ ਇਹ ਦੇਵਤਿਆਂ (ਬ੍ਰਾਹਮਣਾਂ) ਦੀ ਬਖਸ਼ਸ਼ ਹੈ ਜਿਹੜੇ ਮੈਂ ਦਾਨ ਕੀਤਾ ਹੈ। ਲੱਖ ਲੱਖ ਦਾ ਇਕ ਇੱਕ ਧੁਜ ਹੈ।

ਗੁਰੂ ਸਾਹਿਬ ਕੁਝ ਚਿਰ ਚੁੱਪ ਰਹੇ ਤੇ ਬਾਦ ਵਿੱਚ ਇਕ ਛੋਟੀ ਜਿਹੀ ਸੂਈ ਦੁਨੀ ਚੰਦ ਨੂੰ ਫੜਾਈ। ਦੁਨੀ ਚੰਦ ਕਹਿਣ ਲੱਗਾ ਕਿ ਬਾਬਾ ਜੀ ਇਹ ਕਾਹਦੇ ਲਈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਮੇਰੀ ਅਮਾਨਤ ਹੈ ਸਾਂਭ ਕੇ ਰੱਖੀ। ਅੱਗੇ ਦਰਗਾਹ ਵਿੱਚ ਮੈਂ ਤੁਹਾਥੋਂ ਲੈ ਲਵਾਂਗਾ।

ਦੁਨੀ ਚੰਦ ਇਹਦਾ ਰਾਜ ਸਮਝ ਹੀ ਨਹੀ ਪਾਇਆ ਤੇ ਅੰਦਰ ਜਾ ਕੇ ਸੂਈ ਆਪਣੀ ਤੀਵੀਂ ਨੂੰ ਜਾ ਫੜਾਈ ਕਿ ਇਹ ਸਾਂਭ ਕੇ ਰੱਖ ਗੁਰੂ ਸਾਹਿਬ ਦੀ ਅਮਾਨਤ ਹੈ ਉਨਾਂ ਕਿਹਾ ਕਿ ਅੱਗੇ ਦਰਗਾਹ ਵਿੱਚ ਮੈਂ ਤੇਰੇ ਕੋਲੋਂ ਲੈ ਲਵਾਂਗਾ।

ਪਤਨੀ ਬੋਲੀ "ਐ ਭੋਲੇ ਪੰਛੀ ਕਦੀ ਮਰਨ ਤੋਂ ਬਾਦ ਵੀ ਕੋਈ ਚੀਜ਼ ਨਾਲ ਲਿਜਾ ਸਕਦੈ? ਜਾ ਵਾਪਸ ਕਰਦੇ ਗੁਰੂ ਸਾਹਿਬ ਨੇ ਤੇਰੇ ਨਾਲ ਮਖੌਲ ਕੀਤਾ ਹੈ।"

ਦੁਨੀ ਚੰਦ ਸੂਈ ਮੋੜ ਕੇ ਗੁਰੂ ਸਾਹਿਬ ਨੂੰ ਦੇ ਦਿੰਦਾ ਹੈ ਤੇ ਬੇਨਤੀ ਕਰਦਾ ਕਿ ਸਾਹਿਬ ਮੌਤ ਤੋਂ ਬਾਦ ਤਾਂ ਕੋਈ ਵਸਤੂ ਨਾਲ ਨਹੀ ਜਾਣੀ। ਇਹ ਕੀ ਮਖੌਲ ਕੀਤਾ ਤੁਸਾਂ ਮੇਰੇ ਨਾਲ?

ਗੁਰੂ ਸਾਹਿਬ ਨੇ ਕਿਹਾ ਕਿ ਭਾਈ ਦੁਨੀ ਚੰਦ ਜੇ ਇਹ ਸੂਈ ਤੇਰੇ ਨਾਲ ਨਹੀ ਜਾਣੀ ਤਾਂ ਆਹ ਲੱਖਾਂ ਦੇ ਜਿਹੜੇ ਪਰਵਾਨੇ ਜਾਂ ਝੰਡੇ (ਸਰਟੀਫਿਕੇਟ) ਤੂੰ ਲਈ ਫਿਰਦੈ ਇਨਾਂ ਦਾ ਕੀ ਮਤਲਬ?

ਦੁਨੀ ਚੰਦ ਦੀ ਬੁੱਧ ਦੇ ਦਰਵਾਜੇ ਖਿੜਕੀਆਂ ਖੁੱਲ ਗਏ। ਫਿਰ ਚਰਨੀ ਢਹਿ ਪਿਆ।

ਗੁਰੂ ਸਾਹਿਬ ਇਥੇ ਕੁਝ ਦਿਨ ਠਹਿਰੇ ਤੇ ਰੋਜ ਕੀਰਤਨ ਹੋਇਆ ਕਰੇ। ਸੋ ਆਸਾ ਦੀ ਵਾਰ ਸੁਣਨ ਵਾਲੇ ਬਹੁਤੇ ਲਹੌਰੀਏ ਹੀ ਸਨ। ਕਿਉਕਿ ਇਤਹਾਸ ਵਿੱਚ ਆਉਦਾ ਹੈ ਕਿ 15 ਪਉੜੀਆਂ ਤਾਂ ਇਥੇ ਹੀ ਰਚੀਆਂ ਗਈਆਂ।

-----◆-----

## ਲਾਭ ਛੱਡਿਆ, ਬਾਬਾ ਇਨੂੰ ਕਹੋ, ਮੇਰਾ ਮੂਲ ਈ ਮੋੜ ਦੇ॰

ਇਕ ਵੇਰਾਂ ਲਹੌਰ ਦਾ ਇਕ ਬਜੁਰਗ ਧਨਾਢ ਵਪਾਰੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਇਕ ਦੋ ਦਿਨ ਕਰਤਾਰਪੁਰ ਰਹਿਣ ਉਪਰੰਤ ਉਸ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਤਾ ਨਾਲ ਬੇਨਤੀ ਕੀਤੀ ਕਿ ਗੁਰੂ ਜੀ ਲਹੌਰ ਦਾ ਇਕ ਗੇੜਾ ਹੁਣ ਵੀ ਕੱਢੋ। ਗੁਰੂ ਸਾਹਿਬ ਨੇ ਹਾਂ ਕੀਤੀ ਤੇ ਤਹਿ ਕੀਤੇ ਦਿਨ ਤੇ ਸਾਹਿਬ ਲਹੌਰ ਪਹੁੰਚ ਗਏ।

ਰੂਹਾਨੀਅਤ ਬਾਬਤ ਗੁਰੂ ਸਾਹਿਬ ਦੇ ਨਵੇ ਸਿਧਾਂਤ ਵਲ ਵਪਾਰੀ ਇਕ ਦਮ ਖਿੱਚੇ ਆਏ। ਚਾਹੇ ਉਹ ਬਾਣੀਏ ਸਨ, ਖੱਤਰੀ, ਅਰੋੜੇ, ਭਾਵੇਂ ਸੁਨਿਆਰੇ, ਸਭ ਗੁਰੂ ਸਾਹਿਬ ਵਲ ਖਿੱਚੇ ਜਾ ਚੁੱਕੇ ਸਨ। ਲਹੌਰ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਜਿਆਦਾ ਵਪਾਰੀਆਂ ਨੇ ਹੀ ਗੁਰੂ ਸਾਹਿਬ ਦੀ ਆਓ ਭਗਤ ਕੀਤੀ। ਓਦੋਂ ਲਹੌਰ ਕੌਮਾਂਤਰੀ ਵਪਾਰ ਲਈ ਪ੍ਰਸਿੱਧ ਸੀ। ਇਥੋਂ ਕਾਬਲ, ਕੰਧਾਰ, ਬੁਖਾਰਾ, ਬਲਖ, ਮੁਕਦੀ ਗਲ ਪੱਛਮ ਦਾ ਲੱਗ ਪਗ ਸਾਰਾ ਵਪਾਰ ਲਹੌਰ ਥਾਣੀਂ ਹੀ ਗੁਜਰਦਾ ਸੀ।

ਸੋਢੀ ਮਿਹਰਬਾਨ ਨੇ ਉਸ ਮੌਕੇ ਵਪਾਰੀਆਂ ਦੀਆਂ ਜੋ ਕਿਸਮਾਂ ਵਰਨਣ ਕੀਤੀਆਂ ਹਨ ਉਹ ਇਸ ਪ੍ਰਕਾਰ ਹਨ:- 1. ਸਰਾਫ, 2. ਬਜਾਜ, 3.ਕੋਠੀਵਾਲ (ਉਸ ਵੇਲੇ ਦੇ ਬੈਂਕ ਜੋ ਹੁੰਡੀ ਦਾ ਕੰਮ ਕਰਦੇ ਸਨ।) 4. ਸ਼ਾਹ (ਬੈਂਕ ਜੋ ਪੈਸਾ ਬਿਆਜ ਤੇ ਦਿੰਦੇ ਸਨ), 5. ਵਣਜਾਰੇ (ਜੋ ਦੂਰ ਦੁਰਾਡੇ ਦੇਸਾਂ ਵਿੱਚ ਮਾਲ ਲੈ ਕੇ ਜਾਂਦੇ ਸਨ)

ਇਹ ਕੁਦਰਤੀ ਹੈ ਕਿ ਅਕਸਰ ਲੋਕ ਅਸਰ ਰਸੂਖ ਵਾਲੇ ਬੰਦੇ ਤਕ ਆਪਸੀ ਝਗੜੇ ਨਿਪਟਾਉਣ ਲਈ ਵੀ ਪਹੁੰਚ ਕਰਦੇ ਹਨ। ਕਿਉਂਕਿ ਹਰ ਵਪਾਰੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਚੁੱਕਾ ਸੀ ਇਸ ਕਰਕੇ ਕਦੀ ਗੁਰੂ ਸਾਹਿਬ ਨੂੰ ਝਗੜੇ ਨਿਪਟਾਉਣ ਵਾਸਤੇ ਵੀ ਕਿਹਾ ਜਾਂਦਾ ਸੀ। ਏਸੇ ਤਰਾਂ ਇਕ ਸ਼ਾਹ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਵਣਜਾਰੇ ਨੂੰ ਕਹੋ ਕਿ ਮੇਰੀ ਮੂਲ ਰਕਮ ਤਾਂ ਵਾਪਸ ਕਰ ਦੇਵੇ, ਬਿਆਜ ਜਾਂ ਲਾਭ ਮੈਂ ਛੱਡਿਆ। ਵਣਜਾਰਾ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਅਗਲਾ ਕਹਿਣ ਲੱਗਾ ਕਿ ਮੇਰੇ ਰੱਬਾ ਮੈਂ ਕੀ ਕਰਾਂ ਜਦੋਂ ਮੈਨੂੰ ਘਾਟਾ ਪੈ ਗਇਆ ਹੈ ਤੇ ਕਿਥੋ ਦੇਵਾਂ।

ਇਨਾਂ ਹਾਲਾਤਾਂ ਦੇ ਚਲਦਿਆ ਗੁਰੂ ਸਾਹਿਬ ਨੇ ਵਪਾਰੀਆਂ ਨੂੰ ਸੁਚੇਤ ਕੀਤਾ ਕਿ ਭਰਾਵੋ ਤੁਹਾਨੂੰ ਇਥੋਂ ਦੀ ਪੂੰਜੀ ਦਾ ਤਾਂ ਫਿਕਰ ਹੈ ਪਰ ਜਿਹੜਾ ਵਪਾਰ ਕਰਨ ਲਈ ਤੁਸੀ ਜਨਮ ਲਿਆ ਹੈ ਉਹ ਭੁੱਲੇ ਪਏ ਹੋ। ਤੁਸੀ ਭੁੱਲੇ ਪਏ ਹੋ ਕਿ ਇਹ ਪੂੰਜੀ, ਇਹ ਮਾਲ, ਇਹ ਰਾਸ, ਇਕ ਦਿਨ ਤੁਹਾਨੂੰ ਛੱਡ ਕੇ ਰਵਾਨਾ ਹੋਣਾ ਪੈਣਾ ਹੈ। ਓਥੇ ਫਿਰ ਉਸ ਵੱਖਰ ਦਾ ਕੀ ਹਿਸਾਬ ਦਿਓਗੇ ਜਿਸ ਖਾਤਰ ਤੁਸੀ ਆਏ ਹੋ ਭਾਵ ਰੱਬ ਨੂੰ ਤਾਂ ਤੁਸੀ ਕਦੀ ਯਾਦ ਕੀਤਾ ਹੀ ਨਹੀ। ਇਸ ਮੌਕੇ ਗੁਰੂ ਸਾਹਿਬ ਨੇ ਫਿਰ ਸਬਦ ਗਾਵਿਆ, ਸਜ਼ਾਦੇ ਦੀ ਰਬਾਬ ਨੇ ਵੀ ਰੰਗ ਬੰਨ ਦਿੱਤਾ। ਹੋਰ ਵਜੰਤਰੀ ਵੀ ਨਾਲ ਸਨ:-

ਸਿਰੀਰਾਗੁ ਮਹਲਾ ੧ ॥ ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥ ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥ ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥

ਸੰਗਤ ਕਰਨ ਦਾ ਫਿਰ ਵਪਾਰੀਆਂ ਨੂੰ ਹਰ ਪਾਸੇ ਲਾਹਾ ਹੋ ਰਿਹਾ ਸੀ। ਜਦੋਂ ਗੁਰੂ ਸਾਹਿਬ ਅਖੀਰ ਵਾਲਾ ਲਮਹਾ (ਪਲ) ਯਾਦ ਦਿਵਾ ਰਹੇ ਸਨ ਤਾਂ ਬੰਦੇ ਚਲਾਕੀਆਂ ਛੱਡੀ, ਸੱਚ ਵਲ ਪਰੇਰੇ ਜਾ ਰਹੇ ਸਨ। ਝਗੜੇ ਆਪਣੇ ਆਪ ਸੁਲਝਣੇ ਸ਼ੁਰੂ ਹੋ ਗਏ ਸਨ। ਸਭ ਪਾਸੇ ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ ਹੋ ਰਿਹਾ ਸੀ।

-----◈-----

## ਰੱਬ ਦੇ ਦਰਬਾਰ 'ਚ ਕਿਵੇ ਪਹੁੰਚੀਏ?॰

ਜਦੋਂ ਗੁਰੂ ਸਾਹਿਬ ਲਹੌਰ ਡੇਰਾ ਲਾਈ ਬੈਠੇ ਸਨ ਤਾਂ ਵੈਸ਼ਨੋ ਬਿਰਤੀ ਦੇ ਕੁਝ ਲਹੌਰੀ ਆ ਗੁਰੂ ਸਾਹਿਬ ਨੂੰ ਮਿਲੇ। ਕਹਿਣ ਲੱਗੇ ਸਾਰੇ ਧਰਮ ਰੱਬ ਬਾਰੇ ਆਪਣੇ ਆਪਣੇ ਹਿਸਾਬ ਗੱਲਾਂ ਦੱਸਦੇ ਨੇ। ਬਾਬਾ ਜੀ ਤੁਹਾਡੀਆਂ ਬੜੀਆਂ ਸਿਫਤਾਂ ਸੁਣੀਆਂ ਹਨ, ਕਿਰਪਾ ਕਰੋ ਤੇ ਸਾਨੂੰ ਮਾਰਗ ਪਾਓ ਕਿ ਕਿਵੇ ਨਿਰੰਕਾਰ ਦੇ ਦਰ ਤੇ ਹਾਜਰੀ ਲੱਗੇ? ਕਿਵੇ ਉਹਦੇ ਦਰਸ਼ਨਾਂ ਦਾ ਦਰਵਾਜਾ ਖੁੱਲੇ? ਉਹ ਕਿਹੋ ਜਿਹਾ ਸਥਾਨ ਹੈ ਜਿੱਥੇ ਦੁਨੀਆ ਦਾ ਮਾਲਕ ਰਹਿੰਦਾ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਦਾ ਮਹਿਲ ਤਾਂ ਤੁਹਾਡੇ ਬਿਲਕੁਲ ਨਾਲ ਹੀ ਹੈ। ਵਿੱਚ ਪੜਦਾ ਤੁਹਾਡੀਆਂ ਹਉਮੈਧਾਰੀ ਬਿਰਤੀਆਂ ਦਾ ਹੈ: ਦੁੱਖ, ਗੁੱਸਾ, ਆਸਾਂ ਉਮੀਦਾਂ ਵਿੱਚ ਜੀਣਾ, ਮਾਇਆ ਦੀ ਭੁੱਖ ਆਦਿ। ਤੇ ਯਾਦ ਰੱਖੋ ਨਿਰੰਕਾਰ ਦਾ ਤਖਤ ਤਾਂ ਸੱਚ ਹੈ। ਸੋ ਜੇ ਸੱਚ ਵਿੱਚ ਆ ਜਾਓਗੇ ਤਾਂ ਉਹਦਾ ਸਿੰਘਾਸਣ ਦਿਸ ਪਵੇਗਾ।

ਇਸ ਸਵਾਲ ਪ੍ਰਥਾਇ ਗੁਰੂ ਸਾਹਿਬ ਨੇ ਵਜੰਤ੍ਰੀਆਂ ਦੇ ਸਾਥ ਵਿੱਚ ਉੱਚੀ ਸੁਰ ਵਿੱਚ ਬਾਨੀ ਗਾਈ:-

ਰਾਮਕਲੀ ਮਹਲਾ ੧ ॥ ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥ ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥੧॥ ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥੧॥ ਰਹਾਉ ॥ ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥ ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥ ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥੪॥ ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥੩॥

ਇਸ ਸ਼ਬਦ ਨੇ ਤਾਂ ਲਹੌਰੀਏ ਇਕ ਦਮ ਕੀਲ ਹੀ ਦਿੱਤੇ। ਹਰ ਕੋਈ ਸ਼ਬਦ ਨੂੰ ਜਬਾਨੀ ਯਾਦ ਕਰ ਰਿਹਾ ਸੀ। ਤੇ ਮੂੰਹੋ ਧੰਨ ਗੁਰੂ ਨਾਨਕ ਉਚਾਰ ਰਿਹਾ ਸੀ।

-----◈-----

## 'ਖਾਓ ਪੀਓ ਕਰੋ ਅਨੰਦ' ਦੇ ਮੁਹਾਵਰੇ ਦਾ ਖੰਡਣ।

ਲਹੌਰ ਵਿੱਚ ਹੀ ਗੁਰੂ ਸਾਹਿਬ ਨੂੰ ਇਕ ਅਜਿਹੀ ਜਮਾਤ ਵੀ ਮਿਲੀ ਜਿਸ ਦਾ ਵੀਚਾਰ ਸੀ ਕਿ ਬੰਦਾ ਖਾਏ ਪੀਏ ਮੌਜ ਮਸਤੀ ਲਏ ਅਗਲਾ ਜਹਾਨ ਕਿਸ ਨੇ ਡਿੱਠਾ ਹੈ। ਫਿਰ ਅਕਸਰ ਰਾਜ ਪਲਟੇ ਦੇ ਵੇਲੇ ਲੁੱਟ ਮਾਰ ਵੀ ਹੋਇਆ ਕਰਦੀ ਸੀ ਤੇ ਜਿਸ ਕਾਰਨ ਇਸ ਸੋਚ ਨੂੰ ਹੋਰ ਤਾਕਤ ਮਿਲ ਗਈ ਕਿ 'ਭਾਈ ਖਾਓ ਪੀਓ ਕਰੋ ਅਨੰਦ' ਕਲ੍ਹ ਦੀ ਚਿੰਤਾ ਛੱਡੋ। ਇਹ ਜਮਾਤ ਉਹ ਸੀ ਜਿਹੜੀ ਸਾਧੂ ਮਹਾਤਮਾਵਾਂ ਪੀਰਾਂ ਫਕੀਰਾਂ ਨੂੰ ਵੰਗਾਰ ਕੇ ਕਹਿੰਦੇ ਸਨ ਕਿ ਦੱਸੋ ਤੁਹਾਡੇ 'ਚੋਂ ਕਿਸੇ ਨੇ ਖੁਦਾ ਜਾਂ ਭਗਵਾਨ ਵੇਖਿਆ ਹੈ ਤਾਂ ਦੱਸੋ।

ਗੁਰੂ ਸਾਹਿਬ ਨੇ ਅਜਿਹੀ ਸੋਚ ਦਾ ਖੰਡਣ ਕੀਤਾ ਤੇ ਖੁਰਾਕ ਦਾ ਅਸਲ ਮਕਸਦ ਦੱਸਿਆ ਕਿ ਇਸ ਨਾਲ ਤੁਹਾਡਾ ਸਰੀਰ ਚਲਦਾ ਹੈ ਵਧ ਲਓਗੇ ਤੇ ਰੋਗ ਉਤਪਨ ਹੋਣਗੇ।

ਮਃ ੧ ॥ ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥ ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥

ਸਾਹਿਬ ਨੇ ਫੁਰਮਾਇਆ ਕਿ ਜਿਹੜਾ ਭੋਜਨ ਤੁਸੀ ਸਵਾਦ ਕਰਕੇ ਖਾ ਰਹੇ ਹੋ ਕਲ੍ਹ ਨੇ ਇਸੇ ਨੇ ਤੁਹਾਡਾ ਵੈਰੀ ਬਣ ਜਾਣਾ ਹੈ ਜਦੋਂ ਰੋਗਾਂ ਨੇ ਆ ਘੇਰਿਆ। ਬੰਦਿਆ ਨਾਮ ਤੋਂ ਬਿਨਾਂ ਬਾਕੀ ਸਭ ਵਿਅੱਰਥ ਨੇ।

-----◈-----

## ਜਦੋਂ ਫੇਰਿਆਂ ਦੇ ਤੁਰੰਤ ਬਾਦ ਲਾੜੇ ਨੇ ਪ੍ਰਾਣ ਤਿਆਗ ਦਿੱਤੇ।

ਲਹੌਰ 'ਚ ਜਿੱਥੇ ਬਾਬਾ ਡੇਰਾ ਜਮ੍ਹਾ ਕੇ ਬੈਠਾ ਸੀ ਇਕ ਸ਼ਾਮੀ ਓਥੇ ਜੰਞ ਆ ਢੁਕੀ। ਲਾੜਾ ਵੀ ਲਹੌਰ ਦੇ ਕਿਸੇ ਅਮੀਰ ਸੌਦਾਗਰ ਦਾ ਪੁੱਤਰ ਸੀ। ਹਰ ਕਿਸੇ ਨੇ ਚਿੱਟੇ ਕਪੜੇ ਪਾਏ ਹੋਏ ਸਨ। ਚਿੱਟੀਆਂ ਕਮੀਜ਼ਾਂ, ਚਿੱਟੀਆ ਚਾਦਰਾਂ (ਤਹਿਮਤਾਂ) ਕੇਸਰੀ ਲਾਲ ਪੱਗਾਂ। ਇਤਰ ਗੁਲੇਲ 'ਚ ਲੱਗਦਾ ਸੀ ਜਿਵੇ ਹਰ ਕਿਸੇ ਨੂੰ ਡੋਬਾ ਦੇ ਦਿੱਤਾ ਗਇਆ ਹੋਵੇ। ਬਰਾਤ ਨੇ ਪੂਰਾ ਬਜਾਰ ਮਹਿਕਾਅ ਦਿੱਤਾ ਸੀ।

ਘੋੜੀ ਤੇ ਸਿਹਰਿਆਂ ਨਾਲ ਫੱਬ ਕੇ ਬੈਠੇ, ਲਾੜੇ ਤੇ ਸਰਬਾਲੇ ਦੀ ਸ਼ਾਨ ਹੀ ਵੱਖਰੀ ਸੀ।

ਸਭ ਤੋਂ ਅੱਗੇ ਢੋਲੀ ਸੀ। ਪਿੱਛੇ ਵਾਜੇ ਨੇਜਿਆਂ ਵਾਲੇ ਸਨ। ਸ਼ਹਿਨਾਈ ਵੱਜ ਰਹੀ ਸੀ। ਭੇਰੀ ਗਰਜ ਰਹੀ ਸੀ। ਛੈਣੇ ਵਾਲੇ ਮੁੰਡਿਆਂ ਦੀ ਤਾਂ ਕਤਾਰ ਸੀ।ਪੂਰੇ ਰੰਗ ਵਿੱਚ ਆ ਕੇ ਬਾਹਵਾਂ ਉੱਚੀਆਂ ਚੁੱਕ ਚੁੱਕ ਛੈਣੇ ਵਜਾ ਰਹੇ ਸਨ। ਕੋਈ ਖੜਤਾਲਾਂ ਖੜਕਾ ਰਿਹਾ ਸੀ। ਮੁੰਡੇ ਭੰਗੜਾ ਪਾ ਰਹੇ ਸਨ। ਖੁਸ਼ੀ ਵਿੱਚ ਮਸਤ ਹੋਇਆ ਲਾੜੇ ਦਾ ਦਾਦਾ ਨਾਲੇ ਛੋਟ ਕਰ ਰਿਹਾ ਸੀ ਨਾਲੇ ਵਧਾਈਆਂ ਦਾ ਜਵਾਬ ਦੇ ਰਿਹਾ ਸੀ।

ਕੁੜੀ ਵਾਲੇ ਅੱਗੇ ਹਾਰ ਲੈ ਲੈ ਖੜੇ ਸਨ।

ਇਤਹਾਸ ਇਸ ਗਲ ਤੇ ਚੁੱਪ ਹੈ ਕਿ ਇਸ ਵੇਲੇ ਗੁਰੂ ਸਾਹਿਬ ਨਾਲ ਕਿਹੜਾ ਸੇਵਾਦਾਰ ਸੀ। ਪਰ ਆਉਂਦਾ ਹੈ ਕਿ ਸੇਵਾਦਾਰ ਨੇ ਗੁਰੂ ਸਾਹਿਬ ਦਾ ਧਿਆਨ ਇਸ ਚਹਿਲ ਪਹਿਲ ਦੇ ਖੁਸ਼ਗਵਾਰ ਮੌਕੇ ਵਲ ਦਿਵਾਇਆ। ਗੁਰੂ ਸਾਹਿਬ ਨੇ ਕਿਹਾ ਰੱਬ ਇਹੋ ਜਿਹੀ ਖੁਸ਼ੀ ਕਿਸੇ ਨੂੰ ਨਾਂ ਦੇਵੇ। ਸੇਵਾਦਾਰ ਕਹਿੰਦਾ ਜੀ ਮੈਂ ਸਮਝਿਆ ਨਹੀ। ਗੁਰੂ ਸਾਹਿਬ ਕਹਿਣ ਲੱਗੇ ਅਗਲੇ ਸਵੇਰੇ ਸਮਝਾਵਾਂਗੇ।

ਖੁਸ਼ੀ ਖੁਸ਼ੀ ਢੁਕਾਅ ਹੋਇਆ।

ਉਪਰੰਤ ਤਰਾਂ ਤਰਾਂ ਦੇ ਪਕਵਾਨ ਸਨ, ਜੋ ਜਾਂਞੀਆਂ ਨੇ ਸਵਾਦਾਂ ਨਾਲ ਖਾਏ। ਗੁਰੂ ਸਾਹਿਬ ਵਾਸਤੇ ਵੀ ਲੰਗਰ ਆ ਗਿਆ।

ਅੱਧੀ ਰਾਤ ਫਿਰ ਵੇਦੀ ਦੁਆਲੇ ਫੇਰੇ ਹੋਏ।

ਰਾਤ ਅੱਧਾ ਪਹਿਰ ਰਹਿੰਦੀ ਸੀ ਕਿ ਚੀਕ ਚਿਹਾੜਾ ਪੈ ਗਿਆ। ਆਂਢੀ ਗਵਾਂਢੀ ਦੌੜ ਕੇ ਗਏ ਤੇ ਪਤਾ ਲੱਗਾ ਲਾੜਾ ਹੀ ਚੜਾਈਆਂ ਕਰ ਗਇਆ ਹੈ। ਸਾਰੀਆਂ ਖੁਸ਼ੀਆਂ ਸੋਗ ਦਾ ਰੂਪ ਲੈ ਗਈਆਂ ਸਨ। ਹਰ ਕੋਈ ਰੋ ਰਿਹਾ ਸੀ। ਮਾਂ ਨੂੰ ਦੰਦਲਾਂ ਪੈ ਰਹੀਆਂ ਸਨ। ਦਾਦੀ ਬੇਹਾਲ ਸੀ। ਸੱਸ ਆਪਣੀ ਧੀ ਦੀ ਕਿਸਮਤ ਤੇ ਰੋ ਰਹੀ ਸੀ। ਲਾੜੀ ਨੂੰ ਸਭ ਪਾਸੇ ਹਨੇਰਾ ਹੀ ਹਨੇਰਾ ਨਜਰ ਆ ਰਿਹਾ ਸੀ।

ਅਚਨਚੇਤ ਆਈ ਇਸ ਤਬਦੀਲੀ ਤੇ ਗੁਰੂ ਸਾਹਿਬ ਨੂੰ ਬਾਣੀ ਉਤਰ ਰਹੀ ਸੀ:

ਸੋਰਠਿ ਮਃ ੧ ਚਉਤੁਕੇ ॥ ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥ ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥ ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮੁ ਸਖਾਈ ॥ ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥ ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥ ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥ ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥ ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥ ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥ ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥ ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥ ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥ ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥ ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥ ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥

ਗੁਰੂ ਸਾਹਿਬ ਨੂੰ ਲੋਕਾਈ ਤੇ ਤਰਸ ਆ ਰਿਹਾ ਸੀ ਗਿਆਨ ਵਿਹੂਣੇ ਕਰਤੇ ਦੇ ਇਸ ਖੇਲ ਨੂੰ ਸਮਝ ਨਹੀ ਪਾ ਰਹੇ ਤੇ ਇਨਾਂ ਰਿਸ਼ਤਿਆ ਨਾਤਿਆਂ ਨੂੰ ਸੱਚੇ ਕਰਕੇ ਮੰਨ ਰਹੇ ਨੇ।

-----◈-----

## ਕਾਹਨੂੰ ਰੋਂਦੇ ਓ? ਮਰਨ ਤੇ ਮਾਰਨ ਵਾਲਾ ਰੱਬ ਆਪ ਹੀ ਹੈ।*

(ਹਾੜ ਦਾ ਮਹੀਨਾ ਸੀ ਜਦੋਂ ਇਹ ਸਾਖੀ ਹੋਈ। ਜੁਲਾਈ 1535ਈ.)

ਲਹੌਰ ਇਕ ਵੇਰ ਗੁਰੂ ਸਾਹਿਬ ਦਾ ਇਕ ਸ਼ਰਧਾਲੂ ਜੋ ਕਿਸੇ ਵੇਲੇ ਸਰਕਾਰੇ ਦਰਬਾਰੇ ਕਿਸੇ ਉਚੇ ਅਹੁਦੇ ਤੇ ਹੁੰਦਾ ਸੀ ਉਹ ਬੀਮਾਰ ਹੋ ਕੇ ਚਲਾਣਾ ਕਰ ਗਿਆ। ਗੁਰੂ ਸਾਹਿਬ ਸਬੱਬੀ ਲਹੌਰ ਸਨ ਤੇ ਉਹਦੀ ਮਕਾਣ ਤੇ ਉਹਦੇ ਘਰ ਗਏ। ਓਥੇ ਸੈਕੜੇ ਲੋਕ ਇਕੱਠੇ ਹੋਏ ਪਏ ਸਨ। ਚੀਕ ਚਿਹਾੜਾ ਪਿਆ ਹੋਇਆ ਸੀ। ਸਿਆਣਿਆਂ ਨੇ ਕਿਹਾ ਬਾਬਾ ਜੀ ਰਿਸ਼ਤੇਦਾਰ ਰੁਦਨ ਕਰਨੋ ਨਹੀ ਹੱਟ ਰਹੇ ਤੁਸੀ ਕਿਰਪਾ ਕਰੋ ਤੇ ਪ੍ਰਵਾਰ ਤੇ ਰਿਸਤੇਦਾਰਾਂ ਨੂੰ ਹੌਸਲਾ ਦਿਓ।

ਗੁਰੂ ਸਾਹਿਬ ਨੇ ਫਿਰ ਲੋਕਾਈ ਨੂੰ ਸਮਝਾਇਆ ਕਿ ਜਦੋਂ ਮੂਲ ਵਿੱਚ ਹੈ ਹੀ ਇਕ, ਏਕੇ ਦਾ ਹੀ ਪਸਾਰਾ ਹੈ ਤਾਂ ਕੌਣ ਮਰਿਆ ਤੇ ਕਿਸ ਨੇ ਮਾਰਿਆ ਦਾ ਕੀ ਸਵਾਲ ਹੋਇਆ। ਗੁਰੂ ਸਾਹਿਬ ਨੇ ਨਿਰੰਕਾਰ ਦੇ ਖੇਲ ਬਾਰੇ ਲੋਕਾਂ ਨੂੰ ਸਮਝਾਇਆ। ਕਿ ਇਹ ਅਸੀ ਨਹੀ ਰੋ ਰਹੇ ਹੁੰਦੇ ਸਾਡੀ ਹਉਮੈ ਰੋਂਦੀ ਹੈ। ਸਾਡਾ ਮੋਹ ਸਾਡਾ ਲੋਭ ਰੋਂਦਾ ਹੈ।

ਗੁਰੂ ਸਾਹਿਬ ਨੇ ਜਿਸ ਤਰੀਕੇ ਇਸ ਸੋਗਮਈ ਮਾਹੌਲ ਨੂੰ ਸਮਝਾਇਆ ਲੋਕ ਅੱਸ਼ ਅੱਸ਼ ਕਰ ਉਠੇ।

ਆਸਾ ਮਹਲਾ ੧ ॥ ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ (ਵੇਖੋ ਪੂਰਾ ਸਬਦ ਸਫਾ ੯੯੯੯੯ ਮੰਡੌਰ ਵਾਲੀ ਸਾਖੀ)

ਹਰ ਪਾਸੇ ਧੰਨ ਬਾਬਾ ਨਾਨਕ, ਧੰਨ ਗੁਰੂ ਨਾਨਕ ਹੋ ਰਹੀ ਸੀ।



ਗੁਰਦੁਆਰਾ ਚੁਬੱਚਾ ਸਾਹਿਬ ਧਰਮਪੁਰਾ ਲਾਹੌਰ। ਇਸ ਅਸਥਾਨ ਤੇ ਵੀ ਗੁਰੂ ਸਾਹਿਬ ਇਕ ਵੇਰਾਂ ਠਹਿਰੇ ਸਨ। ਅੱਜ ਇਥੇ ਯੂ.ਪੀ ਤੋਂ ਗਏ ਪਨਾਹਗੀਰ ਵਸ ਰਹੇ ਨੇ। -ਤਸਵੀਰ ਕੈਸਰ।

-----◈-----

## ਜਦੋਂ ਘੁੜ ਸਵਾਰ ਨੇ ਗੁਰੂ ਨਾਨਕ ਦਾ ਪੈਰ ਮਿੱਧ 'ਤਾ**

ਇਕ ਵੇਰਾਂ ਗੁਰੂ ਸਾਹਿਬ ਆਪਣੀ ਮੌਜ ਮੁਤਾਬਿਕ ਸ਼ਹਿਰੋ ( ਲਹੌਰੋ) ਬਾਹਰ ਬਿਰਾਜੇ ਹੋਏ ਸਨ ਕਿ ਫਿਰ ਸ਼ਾਮੀ ਸ਼ਹਿਰ ਆਪਣੇ ਡੇਰੇ ਤੇ ਪਰਤ ਰਹੇ ਸਨ। ਕਿਲੇ ਤੋਂ ਜਿਵੇ ਅੰਦਰ ਆਏ ਤਾਂ ਬਜਾਰ ਵਿੱਚ ਬਹੁਤ ਭੀੜ ਸੀ। ਕੋਈ ਦਿਨ ਤਿਉਹਾਰ ਸੀ। ਗੁਰੂ ਸਾਹਿਬ ਨੂੰ ਤਾਂ ਲੋਕੀ ਪਛਾਣ ਹੀ ਚੁੱਕੇ ਸਨ ਤੇ ਝੱਟ ਲੋਕ ਗੁਰੂ ਸਾਹਿਬ ਦੇ ਨਾਲ ਹੋ ਤੁਰੇ।

ਏਨੇ ਨੂੰ ਇਕ ਘੋੜ ਸਵਾਰ ਨਿਕਲਿਆ। ਕੋਈ ਸਰਕਾਰੀ ਮੁਲਾਜਮ ਕਿਸਮ ਦਾ ਬੰਦਾ ਸੀ। ਕੱਛ ਵਿੱਚ ਕਿਰਪਾਨ ਲਟਕਾਈ ਹੋਈ ਸੀ। ਰਾਹਗੀਰਾਂ ਦੀ ਪਰਵਾਹ ਕੀਤੇ ਬਿਨਾਂ, ਬੜੇ ਟੌਹਰ ਟੱਪਕੇ ਨਾਲ ਜਾ ਰਿਹਾ ਸੀ। ਕੋਈ ਅਵਾਜ ਹਾਕ ਵੀ ਨਹੀ ਸੀ ਦੇ ਰਿਹਾ। ਗੁਰੂ ਸਾਹਿਬ ਆਪਣੀ ਮਸਤੀ ਵਿੱਚ ਜਾ ਰਹੇ ਸਨ ਕਿ ਘੋੜੇ ਦਾ ਸੁੰਮ ਗੁਰੂ ਸਾਹਿਬ ਦੇ ਪੈਰ ਤੇ ਆ ਗਇਆ ਤੇ ਸਾਹਿਬ ਨੂੰ ਜਖਮੀ ਕਰ ਦਿੱਤਾ।

ਗੁਰੂ ਸਾਹਿਬ ਦੇ ਮੂੰਹੋ ਝੱਟ ਸਹਿਜ ਸੁਭਾਅ ਨਿਕਲ ਗਿਆ:-

ਮਃ ੧ ॥ ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥ ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥

ਅਗਲੇ ਹੀ ਸਵੇਰ ਖਬਰ ਆ ਗਈ ਕਿ ਉਹ ਘੁੜ-ਸਵਾਰ ਮਾਰਿਆ ਗਇਆ ਹੈ। ਘੋੜੇ ਨੂੰ ਠੇਡਾ ਲਗਿਆ ਤੇ ਘੋੜਾ ਡਿੱਗਾ ਤੇ ਸਵਾਰ ਘੋੜੇ ਥੱਲੇ ਆ ਕੇ ਮਰ ਗਇਆ ਹੈ। ਗੁਰੂ ਸਾਹਿਬ ਨੇ ਅਫਸੋਸ ਕੀਤਾ ਕਿ ਕਿੰਨਾ ਸੋਹਣਾ ਬੰਕਾ ਗਭਰੂ ਸੀ। ਸਾਹਿਬ ਨੇ ਦੱਸਿਆ ਕਿ ਹਰ ਬੰਦੇ ਦੀ ਲੱਗ ਪਗ ਇਹੋ ਕਹਾਣੀ ਹੈ। ਅਸੀ ਸਭ ਝੂਠ ਦੇ ਨਸ਼ੇ ਵਿੱਚ ਤੁਰੇ ਫਿਰਦੇ ਹਾਂ ਤੇ ਅਖੀਰ ਦੇ ਸੱਚ ਨੂੰ ਭੁੱਲੇ ਬੈਠੇ ਹਾਂ।

ਗੁਰੂ ਸਾਹਿਬ ਐਤਕਾਂ ਸਿਰਫ ਤਿੰਨ ਦਿਨ ਲਹੌਰ ਰਹੇ ਕਿਉਕਿ ਭੀੜ ਬਹੁਤ ਜਿਆਦਾ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ।

-----◈-----

## ਲਹੌਰ ਦੀ ਬਸੰਤ ਵੇਖ ਬਾਬਾ ਵਿਸਮਾਦ ਵਿੱਚ ਆਇਆ◆◆

ਲਹੌਰ ਸ਼ਹਿਰ ਦੀ ਬਸੰਤ ਬੜੀ ਮਸ਼ਹੂਰ ਰਹੀ ਹੈ। ਲਹੌਰੀਆਂ ਦਾ ਮੰਨਣਾ ਹੈ ਕਿ ਪਾਲਿਆਂ ਦਾ ਝੰਬਿਆ ਸ਼ਹਿਰ ਬਸੰਤ ਤੇ ਅੰਗੜਾਈ ਲੈਂਦਾ ਹੈ। ਹਰ ਪਾਸੇ ਖੁਸ਼ੀ ਹੁੰਦੀ ਹੈ ਤੇ ਸਬੱਬੀ ਫੁੱਲ ਵੀ ਖਿੜਦੇ ਹਨ। ਲਹੌਰ ਵਿੱਚ ਬਸੰਤ ਏਨੀ ਹਰਮਨਪਿਆਰੀ ਹੈ ਕਿ ਪਾਕਿਸਤਾਨ ਬਣਨ ਤੋਂ ਬਾਦ ਵੀ ਓਥੇ ਲੋਕ ਪੂਰੇ ਜੋਸ਼ੋ ਖਰੋਸ਼ ਨਾਲ ਬਸੰਤ ਮਨਾਉਦੇ ਹਨ ਤੇ ਲਹੌਰ ਦਾ ਪੂਰਾ ਅਸਮਾਨ ਉਸ ਦਿਨ ਪਤੰਗਾਂ ਨਾਲ ਢੱਕਿਆ ਜਾਂਦਾ ਹੈ। ਇਹ ਓਥੇ ਕੁਝ ਜਿਆਦਾ ਹੀ ਪ੍ਰਚਲਤ ਸੀ ਜਿਸ ਕਰਕੇ ਮੁਸਲਮਾਨ ਫਿਰਕਾਪ੍ਰਸਤਾਂ ਨੇ ਇਸ ਤਿਓਹਾਰ ਤੇ ਸੰਨ 2007 ਵਿੱਚ ਸਰਕਾਰੀ ਤੌਰ ਤੇ ਪਾਬੰਦੀ ਲਵਾ ਦਿੱਤੀ ਹੈ। ਲਹੌਰੀ ਇਸ ਪਾਬੰਦੀ ਦਾ ਬਹੁਤ ਵਿਰੋਧ ਕਰ ਰਹੇ ਹਨ ਉਨਾਂ ਦਾ ਕਹਿਣਾ ਹੈ ਇਸ ਨਾਲ ਪਤੰਗਬਾਜੀ ਦਾ ਵੱਡਾ ਰੁਜਗਾਰ ਵੀ ਜੁੜਿਆ ਸੀ ਤੇ ਸੈਕੜੇ ਲੋਕ ਪਤੰਗ ਤੇ ਡੋਰ ਬਣਾਉਣ ਦਾ ਕੰਮ ਕਰਦੇ ਹਨ।

ਪਰ ਜਦੋਂ ਗੁਰੂ ਸਾਹਿਬ ਪਧਾਰੇ ਤਾਂ ਲਹੌਰ ਦੀ ਬਸੰਤ ਦਾ ਰੰਗ ਹੀ ਵਖਰਾ ਸੀ। ਹਰ ਪਾਸੇ ਬਸੰਤੀ (ਖੱਟਾ) ਰੰਗ। ਲਹੌਰੀਏ ਕੁਝ ਜਾਣ ਬੁੱਝ ਕੇ ਖੱਟੇ ਫੁੱਲ ਉਗਾਉਦੇ ਸਨ।

ਇਹ ਸਭ ਕੁਝ ਵੇਖ ਕੇ ਗੁਰੂ ਸਾਹਿਬ ਨੇ ਲਹੌਰੀਆਂ ਨੂੰ ਕਿਹਾ ਕਿ ਲੋਕੋ ਕਦੀ ਉਸ ਨੂੰ ਵੀ ਯਾਦ ਕਰ ਲਿਆ ਕਰੋ ਜਿਸਨੇ ਬਸੰਤ ਲਿਆਂਦੀ ਹੈ। ਜਿਹੜਾ ਬਸੰਤ ਤੋਂ ਪਹਿਲੋਂ ਬਸੰਤੀ ਫੁੱਲ ਵੀ ਖਿੜਾਉਦਾ ਹੈ।

ਸਾਹਿਬ ਨੇ ਸਲੋਕ ਆਖਿਆ:-

ਸਲੋਕ ਮਃ ੧ ॥ ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥ ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥ ੧॥

—▲—

ਪੈੜ ਸਫ਼ਾ

○ਸੋਢੀ 2-579, ◈ਸਾਈਕਲ ਯਾਤਰੀ- 392, @ ਕੈਸਰ-62

●ਪੁਰਾਤਨ-135, ਕਈ ਲਿਖਾਰੀਆਂ (ਸਾਈਕਲ ਯਾਤਰੀ- 389) ਲਿਖਿਆ ਹੈ ਕਿ ਇਥੇ ਬੁਚੜਖਾਨਾ ਹੋਣ ਕਰਕੇ ਇਨੂੰ ਸਿਰੀਆਂ ਵਾਲਾ ਬਜ਼ਾਰ ਕਿਹਾ ਜਾਂਦਾ ਹੈ ਤੇ ਗੁਰੂ ਸਾਹਿਬ ਨੇ ਜਿਹੜੀ ਤੁੱਕ ਬੋਲੀ, "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ " ਇਸਦੇ ਸੰਦਰਭ ਵਿੱਚ ਹੀ ਸੀ।

ਜਦੋਂ ਕਿ ਸਹੀ ਗਲ ਇਹ ਹੈ ਕਿ ਸਾਹਿਬ ਨੇ ਇਹ ਉਦੋਂ ਫਰਮਾਇਆ ਸੀ ਜਦੋਂ ਬਾਬਰ ਨੇ ਇਥੇ ਲੁੱਟ ਮਾਰ ਕੀਤੀ ਸੀ।

◘ ਸੋਢੀ 2- 348, ◆ਸੋਢੀ 2- 351, ■ ਸੋਢੀ 2- 355, ✚ਸੋਢੀ 2- 378,

* ਸੋਢੀ 2-381. ( ਇਹ ਵੀ ਹੋ ਸਕਦੈ ਕਿ ਦੌਲਤ ਖਾਂ ਲੋਧੀ ਦੀ ਮਕਾਣ ਵੇਲੇ ਇਹ ਸਬਦ ਬੋਲਿਆ ਗਇਆ ਹੋਵੇ। ) **ਸੋਢੀ 2-518, ◆◆ਸੋਢੀ 2- 567

# ਜਪੁਜੀ ਸਾਹਿਬ ਦਾ ਬੰਨਣਾ

## ਕਰਤਾਰਪੁਰ ਦੇ ਕੌਤਕ। ਭਾਗ-7 (1535/36 ਈ.)*

### ਵਲੂਧਰਿਆ ਪਿੰਡਾ

ਇਕ ਵੇਰਾਂ ਗੁਰੂ ਸਾਹਿਬ ਜਦੋਂ ਇਸ਼ਨਾਨ ਕਰ ਰਹੇ ਸਨ ਤਾਂ ਭਾਈ ਲਹਿਣੇ ਨੇ ਵੇਖਿਆ ਕਿ ਗੁਰੂ ਸਾਹਿਬ ਦੇ ਪਿੰਡੇ ਤੇ ਝਰੀਟਾਂ ਹੀ ਝਰੀਟਾਂ ਪਈਆਂ ਹਨ। ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਕਿਓ ਸਾਰਾ ਪਿੰਡਾ ਵਿਲੂਧਰਿਆ ਪਿਆ ਹੈ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਪੁਰਖਾ! ਫਲਾਣਾ ਸਿੱਖ ਜਿਹੜਾ ਅਮੂਮਨ ਸੁਭਾ ਅਤੇ ਤਰਕਾਲਾਂ ਦੇ ਦੀਵਾਨਾਂ ਵਿੱਚ ਹਾਜਰੀ ਭਰਿਆ ਕਰਦਾ ਹੈ, ਅੱਜ ਦਿਨੇ ਝਾੜੀਆਂ ਵਿੱਚ ਬਕਰੀਆਂ ਚਰਾ ਰਿਹਾ ਸੀ ਤੇ ਨਾਲੇ ਬੜੇ ਪ੍ਰੇਮ ਤੇ ਸੁਰ ਨਾਲ ਕੀਰਤਨ ਸੋਹਿਲਾ ਪੜ੍ਹ ਰਿਹਾ ਸੀ। ਕਿਉਂਕਿ ਮੇਰਾ ਗੁਰਸਿੱਖਾਂ ਨਾਲ ਵਾਇਦਾ ਹੈ ਕਿ ਜਿੱਥੇ ਉਹ ਅਕਾਲਪੁਰਖ ਨੂੰ ਯਾਦ ਕਰਨ ਮੈਂ ਉਨਾਂ ਦੇ ਅੰਗ ਸੰਗ ਹੋਵਾਂਗਾ, ਇਸ ਕਰਕੇ ਮੈਂ ਵੀ ਉਹਦੇ ਨਾਲ ਨਾਲ ਝਾੜਾਂ ਵਿੱਚ ਫਿਰਦਾ ਰਿਹਾ। ਜਿਸ ਕਾਰਨ ਪਿੰਡਾ ਪੱਛਿਆ ਗਇਆ ਹੈ।

ਇਸ ਘਟਨਾਂ ਦੇ ਪਿੱਛੋਂ ਫਿਰ ਜਦੋਂ ਦੀਵਾਨ ਲੱਗੇ ਤਾਂ ਗੁਰੂ ਸਾਹਿਬ ਨੇ ਹੁਕਮ ਕਰ ਦਿੱਤਾ ਕਿ ਆਰਤੀ ਸੋਹਿਲਾ ਸੌਣ ਦੇ ਵੇਲੇ ਹੀ ਪੜਿਆ ਜਾਵੇ।◉

ਓਦੋਂ ਫਿਰ ਸਵਾਲ ਉਠਿਆ ਕਿ ਦਿਨ ਦੇ ਕਿਹੜੇ ਸਮੇਂ, ਗੁਰਸਿੱਖ ਕਿਹੜੀ ਬਾਣੀ ਰਾਂਹੀ, ਅਕਾਲ ਪੁਰਖ ਦੀ ਉਸਤਤ ਕਰੇ?

ਫਿਰ ਸਾਹਿਬ ਨੇ ਤਹਿ ਕੀਤਾ ਕਿ ਅੰਮ੍ਰਿਤ ਵੇਲੇ ਜਪੁਜੀ, ਤਰਕਾਲਾ ਵੇਲੇ ਸੋਦਰ ਰਹਿਰਾਸ ਅਤੇ ਸੌਣ ਵੇਲੇ ਆਰਤੀ ਸੋਹਿਲਾ ਪੜ੍ਹਨਾ ਹੈ। ਨਾਲ ਹੀ ਗੁਰਸਿੱਖਾਂ ਸਵਾਲ ਕੀਤਾ ਕਿ ਦਿਨ ਵੇਲੇ ਜਦੋਂ ਸਾਨੂੰ ਵਿਹਲ ਮਿਲੇ ਤਾਂ ਉਦੋਂ ਕਿਹੜੀ ਬਾਣੀ ਪੜ੍ਹਨੀ ਹੈ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਕੰਮ ਤੋਂ ਜਦੋਂ ਵਿਹਲ ਮਿਲੇ ਜਾਂ ਕਾਰ ਵਿਹਾਰ ਮੌਕੇ ਜਪੁਜੀ ਦਾ ਪੜ੍ਹਿਆ ਜਾਣਾ ਸਭ ਤੋਂ ਉੱਤਮ ਹੈ। ਕਹਿਣ ਤੋਂ ਮਤਲਬ ਗੁਰੂ ਸਾਹਿਬ ਨੇ ਹੁਕਮ ਕਰ ਦਿਤਾ ਕਿ ਜਪੁਜੀ ਸਾਹਿਬ ਨੂੰ ਜਦੋਂ ਮਰਜੀ ਪੜ੍ਹੋ। ਪਰ ਹਰ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਤੋਂ ਹੋਵੇ।



ਬੀ:40 ਤਸਵੀਰ। ਇਸ ਵਿਚ ਕਲਾਕਾਰ (ਆਲਮ ਚੰਦ ਰਾਜ-ਮਿਸਤ੍ਰੀ) ਨੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਦੇ ਹੋਏ ਚਿਤ੍ਰਿਆ ਹੈ। ਲਾਗੇ ਭਾਈ ਲਹਿਣਾ ਖੜੇ ਹਨ ਤੇ ਹੇਠਾਂ ਭਾਈ ਮਰਦਾਨਾ। ਇਤਹਾਸਿਕ ਪੱਖਾਂ ਤੋਂ ਇਸ ਤਸਵੀਰ ਵਿਚ ਕਈ ਤਰੁੱਟੀਆਂ ਹਨ। ਭਾਈ ਮਰਦਾਨੇ ਦਾ ਚਲਾਣਾ ਚਿਰੋਕਣਾ ਪਹਿਲਾ ਹੋ ਚੁੱਕਾ ਹੈ। ਸਾਹਿਬ ਨੂੰ ਤਿਲਕ ਵਿਚ ਪਰ ਕੇਸਾਂ ਤੋਂ ਬਗੈਰ ਦਿਖਾਇਆ ਗਇਆ ਹੈ। ਧਿਆਨ ਰਹੇ ਬੀ:40 ਦਾ ਰਚਨਾ ਕਾਲ 1790 ਬਿਕ੍ਰਮੀ ਹੈ ਭਾਵ ਗੁਰੂ ਸਾਹਿਬ ਦੇ ਚਲਾਣੇ ਤੋ 194 ਸਾਲ ਬਾਦ।

### ਜਪੁਜੀ ਦੀ ਸੁਧਾਈ ਅਤੇ ਬੰਧੇਜ

○ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਹੁਕਮ ਕੀਤਾ ਕਿ ਪੁਰਖਾ! ਇੱਕ ਅਜਿਹੀ ਬਾਣੀ ਬੰਨੀ ਜਾਏ ਜਿਸ ਵਿਚ:

- ਅਕਾਲ ਪੁਰਖ ਨਿਰੰਕਾਰ ਦੇ ਸਰੂਪ ਬਾਰੇ ਵਾਕਫੀਅਤ ਹੋਵੇ ਤਾਂ ਕਿ ਸਿੱਖ ਕਰਤੇ ਦਾ ਧਿਆਨ ਕਰਿਆ ਕਰਨ ਅਤੇ ਉਹਦੀਆਂ ਰਚਨਾਵਾਂ ਜਾਂ ਕਿਰਤਾਂ ਦਾ ਨਹੀ। ਭਾਵ ਉਸ ਅਕਾਲਪੁਰਖ ਦੀ ਜੋ ਸਾਰੀ ਸ੍ਰਿਸਟੀ ਸਾਰੇ ਬ੍ਰਿਹਮੰਡ ਦਾ ਰਚਨਹਾਰ ਹੈ। ਅਜਿਹੇ ਕਰਤੇ ਦਾ ਜਿਹੜਾ ਨਸਲਾਂ, ਜੂਨਾਂ, ਮਜ੍ਹਬਾਂ, ਜਾਤਾਂ, ਤੋਂ ਪਰੇ ਹੈ। ਜੋ ਸਾਰਿਆਂ ਲਈ ਇੱਕ ਸਮਾਨ ਹੈ। ਉਸ ਬਾਣੀ ਵਿੱਚ ਇੱਕ ਏਕੇ (1) ਦੀ ਗਲ ਹੋਵੇ।
- ਜਿਸ ਵਿੱਚ ਨਿਰੰਕਾਰ ਦੀ ਉਸਤਤ ਜਾਂ ਸਿਫਤ ਸਲਾਹ ਹੀ ਪ੍ਰਧਾਨ ਹੋਵੇ, ਤਾਂ ਕਿ ਪਾਪੀ, ਧਰਮੀ ਸਭ ਸ੍ਰਿਸਟ ਇਸ ਬਾਣੀ ਰਾਂਹੀ ਤਰ ਜਾਵੇ ਜਾਂ ਮੁਕਤੀ ਪਾਏ।
- ਜਿਸ ਵਿੱਚ ਅਕਾਲਪੁਰਖ ਦੀ ਅਨੰਤਤਾ ਦਾ ਵਰਨਣ ਹੋਵੇ ਕਿ ਕਿਵੇ ਖੰਡਾਂ, ਬ੍ਰਹਮੰਡਾਂ, ਸੂਰਜਾਂ, ਗ੍ਰਿਹਾਂ, ਚੰਦਰਮਿਆਂ ਦਾ ਉਹ ਹੀ ਰਚਨਹਾਰ ਹੈ ਤੇ ਅਲੌਕਿਕ ਤਰੀਕੇ ਹਰ ਥਾਂ ਬਰਾਜਮਾਨ ਹੈ। ਇਹ ਧਰਤੀ ਜਾਂ ਹੋਰਨਾਂ ਧਰਤੀਆਂ ਤੇ ਨਿਰੰਕਾਰ ਦੇ ਖੇਲ ਦਾ ਵਰਨਣ ਹੋਵੇ। ਕਿਵੇ ਉਹਦਾ ਹੁਕਮ ਜਾਂ ਹਕੂਮਤ ਲਗਾਤਾਰ ਚਲ ਰਹੀ ਹੈ।
- ਅਜਿਹੀ ਬਾਣੀ ਜੋ ਸਾਰੀ ਗੁਰਮਤ ਦਾ ਨਿਚੋੜ ਹੋਵੇ। ਜੋ ਸੰਪੂਰਨ ਨਾਮ ਹੋਵੇ।
- ਜਿਸ ਵਿੱਚ ਅਕਾਲ ਪੁਰਖ ਦੀ ਉਸਤਤ ਦੇ ਮਨੁੱਖ ਦੇ ਮੰਨ ਤੇ ਹੋਣ ਵਾਲੇ ਪ੍ਰਭਾਵ ਦਾ ਵਰਨਣ ਹੋਵੇ। ਜਿਸ ਵਿੱਚ ਸੱਚ, ਨਾਮ, ਦਾਨ, ਇਸ਼ਨਾਨ, ਦਇਆ, ਧਰਮ, ਸਬਰ- ਸੰਤੋਖ ਕਮਾਉਣਾ ਦ੍ਰਿੜ ਕਰਾਇਆ ਜਾਏ।

ਇਸ ਤੇ ਭਾਈ ਲਹਿਣੇ ਨੇ ਉਜਰ ਕੀਤਾ ਕਿ ਗੁਰੂ ਜੀ ਮੈਂ ਤਾਂ ਜਦੋਂ ਵੀ ਤੁਹਾਨੂੰ ਸੁਣਿਆ ਹੈ ਕਰਤੇ ਦੀਆਂ ਸਿਫਤਾਂ ਕਰਦੇ ਹੀ ਸੁਣਿਆ ਹੈ। ਜਿੰਨੀ ਵੀ ਬਾਣੀ ਮੈਂ ਪੜ੍ਹਦਾ ਹਾਂ ਸਭ ਵਿੱਚ ਅਕਾਲਪੁਰਖ ਦੀ ਸਿਫਤ ਸਾਲਾਹ ਹੀ ਹੈ।

ਗੁਰੂ ਸਾਹਿਬ ਨੇ ਫਿਰ ਭਾਈ ਲਹਿਣੇ ਨੂੰ ਕਿਹਾ ਪੁਰਖਾ ਇਹ ਠੀਕ ਹੈ ਮੈਂ ਤਾਂ ਅਕਾਲ ਪੁਰਖ ਦਾ ਮਿਰਾਸੀ ਹਾਂ। ਮੈਂ ਹੋਰ ਕਿਸੇ ਨੂੰ ਨਹੀ ਜਾਣਿਆ। ਪਰ ਫਿਰ ਵੀ ਕਿਤੇ ਕਿਤੇ ਮੌਕਿਆਂ ਤੇ ਦੁਨਿਆਵੀ ਲੋਕਾਂ ਨੂੰ ਉਪਦੇਸ਼ ਵੀ ਕੀਤੇ ਹੋਏ ਨੇ। ਮੈਂ ਚਾਹੁੰਨਾ ਹਾਂ ਨਿਰੋਲ ਕਰਤੇ ਦੀ ਸਿਫਤ ਸਲਾਹ ਹੋਵੇ ਜਿਸ ਰਾਂਹੀ ਗੁਰਸਿੱਖ ਆਪਣਾ ਰੋਜਮਰੇ ਦੇ ਦਿਨ ਦੀ

ਸ਼ੁਰੂਆਤ ਕਰੇ। ਭਾਈ ਲਹਿਣਾ ਤੁਸੀ ਵੱਖ ਵੱਖ ਬਾਣੀਆਂ ਵੇਖ ਕੇ ਕੁਝ ਸਬਦ ਚੁਣੋ ਤੇ ਮੈਨੂੰ ਦਸਦੇ ਜਾਓ।

ਭਾਈ ਲਹਿਣੇ ਨੇ ਫਿਰ ਬਾਣੀ ਚੁਣਨੀ ਸ਼ੁਰੂ ਕਰੀ।

ਜਦੋਂ ਵੀ ਭਾਈ ਲਹਿਣਾ 'ਇਸ ਬਾਣੀ' ਲਈ ਕੋਈ ਸ਼ਬਦ ਚੁਣੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸ਼ਾਬਾਸ਼ ਦੇਣ।

ਇਸ ਪ੍ਰਕਾਰ ਭਾਈ ਲਹਿਣੇ ਗੁਰੂ ਸਾਹਿਬ ਦੀ ਪ੍ਰਵਾਨਗੀ ਨਾਲ ਕੋਈ 38 ਸ਼ਬਦ ਚੁਣੇ।

ਫਿਰ ਇਨਾਂ ਸ਼ਬਦਾਂ ਨੂੰ ਤਰਤੀਬ ਦਿੱਤੀ।

ਭਾਈ ਲਹਿਣੇ ਨੇ ਫਿਰ ਸਵਾਲ ਕੀਤਾ ਕਿ ਗੁਰੂ ਸਾਹਿਬ ਇਸ ਬਾਣੀ ਦਾ ਸਿਰਲੇਖ ਕੀ ਹੋਵੇ? ਧਰਮੀ ਬੰਦੇ ਵਾਸਤੇ ਸਭ ਤੋਂ ਮਹੱਤਵਪੂਰਨ ਕਿਹੜਾ ਪੱਖ ਹੈ?

ਉਸ ਵੇਲੇ ਫਿਰ ਗੁਰੂ ਸਾਹਿਬ ਨੇ ਫਰਮਾਇਆ।

**'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'**

ਫਿਰ ਭਾਈ ਲਹਿਣੇ ਨੇ ਕਿਹਾ ਕਿ ਇਹ ਤਾਂ ਇਸ ਬਾਣੀ ਦਾ ਸਲੋਕ ਹੋ ਗਇਆ ਪਰ ਗੁਰੂ ਜੀ ਸਿਰਲੇਖ ਕੀ ਹੋਵੇ।

ਉਸ ਵੇਲੇ ਫਿਰ ਗੁਰੂ ਜੀ ਨੇ ਹੁਕਮ ਕੀਤਾ ਕਿ ਇਹ ਬਾਣੀ ਬਾਰ ਬਾਰ ਜੱਪਣ ਲਈ ਹੈ, ਇਸ ਕਰਕੇ ਪੁਰਖਾ ਇਹਦਾ ਨਾਮ ਹੀ ਫਿਰ 'ਜਪੁ' ਹੋਵੇ।

ਭਾਈ ਲਹਿਣੇ ਨੇ ਅੰਤ ਵਿਚ ਜਿਵੇ 38 ਵੱਖ ਵੱਖ ਸ਼ਬਦਾ ਦੀ ਤਰਤੀਬ ਗੁਰੂ ਸਾਹਿਬ ਅੱਗੇ ਪੇਸ਼ ਕੀਤੀ ਤਾਂ ਗੁਰੂ ਸਾਹਿਬ ਨੇ **'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'** ਤੋਂ ਪਹਿਲਾਂ ਜੋ ਲਫਜ਼ 'ਸਲੋਕ' ਲਿਖਿਆ ਸੀ ਉਹ ਕਟਵਾ ਦਿੱਤਾ। ਹੁਕਮ ਕੀਤਾ ਕਿ ਇਹ ਤੁੱਕ ਸਲੋਕ ਦੇ ਨਾਲ ਨਾਲ ਸਿਰਲੇਖ ਵੀ ਹੈ।

ਭਾਈ ਲਹਿਣੇ ਨੇ ਸੀਸ ਗੁਰੂ ਚਰਨਾਂ ਵਿੱਚ ਰੱਖਿਆ ਤੇ ਗੁਰੂ ਸਾਹਿਬ ਨੇ ਫਰਮਾਇਆ ਕਿ ਇਸ ਬਾਣੀ ਦਾ ਅੰਤ ਢੁਕਵੇ ਸਲੋਕ ਨਾਲ ਹੋਵੇ।

ਭਾਈ ਲਹਿਣੇ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਪਹਿਲਾ ਸਲੋਕ ਭਾਵ 'ਆਦਿ ਸਚੁ ਜੁਗਾਦਿ ... ਤਾਂ ਸੱਚ ਨੂੰ ਸਮਰਪਤ ਹੈ ਅੰਤਲਾ ਸਲੋਕ ਕਿਸ ਤੇ ਹੋਵੇ? ਗੁਰੂ ਸਾਹਿਬ ਨੇ ਫਰਮਾਇਆ ਕਿ ਪੁਰਖਾ! ਅੰਤਲਾ ਸਲੋਕ ਕਰਤੇ ਦੇ ਰਚੇ ਖੇਲ (ਡਰਾਮੇ) ਬਾਬਤ ਹੋਵੇ।

ਭਾਈ ਲਹਿਣਾ ਪੋਥੀ ਵਿਚੋਂ ਅਜਿਹਾ ਸਲੋਕ ਚੁਣਨ ਲਈ ਕਾਫੀ ਸਮਾਂ ਲੱਗਾ ਰਿਹਾ। ਆਖੀਰ ਇਕ ਵੇਲੇ ਗੁਰੂ ਸਾਹਿਬ ਦਾ ਧਿਆਨ ਕਰਦੇ ਹੋਏ,ਖੁੱਦ ਨੇ ਹੀ ਸਲੋਕ ਰਚ ਦਿੱਤਾ:

**ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥...**

ਇਸ ਤੇ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਖੂਬ ਸ਼ਾਬਾਸ਼ ਦਿੱਤੀ ਅਤੇ ਅਸੀਸਾਂ, ਬਖਸ਼ਸ਼ਾਂ ਨਾਲ ਭਰਪੂਰ ਕਰ ਦਿੱਤਾ।

## ਜਪੁਜੀ ਦਾ ਮਹਾਤਮ ਜਾਂ ਮਹੱਤਤਾ

ਜਪੁਜੀ ਦੇ ਇਸ ਪ੍ਰਕਾਰ ਹੋਏ ਬੰਧੇਜ ਜਾਂ ਬੰਨਣ (Compilation) ਉਪਰੰਤ ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਇਹ ਬਾਣੀ ਗਾਈ ਤੇ ਅੰਤ ਵਿੱਚ ਭਾਈ ਲਹਿਣੇ ਨੂੰ ਕਿਹਾ ਕਿ ਅਕਾਲ ਪੁਰਖ ਇਸ ਤੇ ਪ੍ਰਸੰਨ ਹਨ ਅਤੇ ਜੋ ਵੀ ਇਹ ਬਾਣੀ ਪੜੇਗਾ ਮੁਕਤ ਹੋਵੇਗਾ।

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ◈

1. ਕੋਸ਼ਿਸ਼ ਹੋਵੇ ਕਿ ਸਿੱਖ ਪਹਿਰ● ਰਾਤ ਰਹਿੰਦੀ ਉਠੇ ਭਾਵ ਸੂਰਜ ਚੜਨ ਤੋਂ ਤਿੰਨ ਘੰਟੇ ਪਹਿਲਾਂ ਉਠੇ। ਇਸ਼ਨਾਨ ਕਰੇ ਤੇ ਇਕਾਗਰ ਚਿੱਤ ਹੋ ਜਪੁਜੀ ਦਾ ਪਾਠ ਕਰੇ। ਅਜਿਹਾ ਸਿੱਖ ਮੈਨੂੰ ਆਣ ਮਿਲੇਗਾ।
2. ਜੇ ਕਿਸੇ ਕਾਰਨ ਪਹਿਰ ਰਾਤ ਰਹਿੰਦੀ ਨਾਂ ਉਠ ਸਕੇ ਤਾਂ ਤਿੰਨ ਘੜੀਆਂ (ਸਵਾ ਘੰਟਾ) ਰਾਤ ਰਹਿੰਦੀ ਉਠੇ। ਇਸ਼ਨਾਨ ਕਰੇ ਤੇ ਜਪੁਜੀ ਪੜੇ। ਅਜਿਹੇ ਸਿੱਖ ਦਾ ਸੰਗਤ ਨਾਲ ਮੇਲ ਹੋਵੇਗਾ ਤੇ ਮੁਕਤ ਹੋਵੇਗਾ।
3. ਜਿਹੜਾ ਕੋਈ ਘੜੀ ਰਾਤ ਰਹਿੰਦੀ ਇਸ਼ਨਾਨ ਕਰ ਪੜੇਗਾ ਉਹ ਜਮ ਤੇ ਹੋਰ ਦੁਖ ਤਕਲੀਫਾਂ ਤੋਂ ਮੁਕਤ ਰਹੇਗਾ।
4. ਜਿਹੜਾ ਦਿਨ ਚੜੇ ਪੜੇਗਾ ਉਹਦਾ ਵਾਸਾ ਗੁਰੂ ਪੁਰੀ ਵਿੱਚ ਰਹੇਗਾ ਭਾਵ ਉਹ ਚੜ੍ਹਦੀ ਕਲਾ ਵਾਲਾ ਜੀਵਨ ਜੀਏਗਾ। ਉਹਦੀ ਹਰ ਅਰਦਾਸ ਸੰਪੂਰਨ ਹੋਵੇਗੀ।

ਓਦੋਂ ਭਾਈ ਲਹਿਣੇ ਨੇ ਸਵਾਲ ਕੀਤਾ ਕਿ ਕੀ ਬਾਕੀ ਬਾਣੀਆਂ ਦਾ ਅਸਰ ਜਪੁਜੀ ਨਾਲੋਂ ਘੱਟ ਰਹੇਗਾ? ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਜਪੁਜੀ ਨਿਰੋਲ ਸਿਫਤ ਸਲਾਹ ਹੈ ਇਸ ਕਰਕੇ ਦੂਸਰੀਆਂ ਤੋਂ ਉਪਰ ਹੈ।

ਫਿਰ ਭਾਈ ਲਹਿਣੇ ਨੇ ਸਵਾਲ ਕੀਤਾ ਕਿ ਕਈ ਲੋਕ ਸਨਾਤਨੀ ਮੰਤਰ ਜਾਂ ਵੇਦ ਪਾਠ ਵੀ ਕਰਦੇ ਹਨ ਕੀ ਉਨਾਂ ਦਾ ਫਾਇਦਾ ਨਹੀ ਮਿਲਦਾ?

ਗੁਰੂ ਸਾਹਿਬ ਨੇ ਫਰਮਾਇਆ ਕਿ ਵੇਖੋ ਗੁਰਬਾਣੀ ਅਕਾਲ ਪੁਰਖ ਦੀ ਸਿਫਤ ਸਲਾਹ ਹੈ ਜਦੋਂ ਕਿ ਸਨਾਤਨੀ ਮੰਤਰ ਵੱਖ ਵੱਖ ਉਦੇਸ਼ਾਂ ਮੰਤਵਾਂ ਲਈ ਉਚਾਰੇ ਹੋਏ ਹਨ ਜਿਹਨਾਂ ਵਿਚੋਂ ਬਹੁਤੇ ਹਵਨ ਜਾਂ ਹੋਰ ਕਰਮ ਕਾਂਡ ਮੌਕੇ ਪੜੇ ਜਾਂਦੇ ਹਨ। ਉਹਨਾਂ ਵਿਚੋਂ ਬਹੁਤਿਆਂ ਦਾ ਉਦੇਸ਼ ਸੰਸਾਰੀ ਚੀਜਾਂ ਪ੍ਰਾਪਤ ਕਰਨਾਂ ਹੈ। ਗੁਰਬਾਣੀ ਓਨਾਂ ਤੋਂ ਬਿਲਕੁਲ ਵੱਖ ਹੈ ਕਿਉਕਿ ਇਹ ਨਿਰੰਕਾਰ ਦੀ ਉਸਤਤ ਹੈ, ਇਹ ਨਾਮ ਹੈ।

ਸੋ ਜਪੁਜੀ ਸਾਹਿਬ ਅਜਿਹੀ ਬਾਣੀ ਹੈ ਜੋ ਦੋ ਗੁਰੂ ਸਾਹਿਬਾਨ ਨੇ ਰਲ ਕੇ ਬੰਨੀ। ਹਾਲਾਂ ਬਾਣੀ ਸਾਰੀ ਮੋਢੀ ਗੁਰੂ ਦੀ ਹੈ ਅਖੀਰ ਵਾਲੇ ਸਲੋਕ■ ਨੂੰ ਛੱਡ। ਪੁਰਾਤਨ ਗ੍ਰੰਥਾਂ ਅਨੁਸਾਰ ਜਪੁਜੀ ਸਾਹਿਬ ਦੀਆਂ ਕੁਝ ਹੋਰ ਖਾਸੀਅਤਾਂ ਵਿਸ਼ੇਸ਼ਤਾਈਆਂ ਹੇਠ ਅਨੁਸਾਰ ਹਨ:- ◆

1. ਜਪੁਜੀ ਸਾਹਿਬ ਗਾਗਰ ਵਿੱਚ ਹੀ ਸਾਗਰ ਹੈ। ਮਤਲਬ ਇਹ ਸੰਪੂਰਨ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦਾ ਨਿਚੋੜ ਹੈ। ਜਪੁਜੀ ਦਾ ਨਿਚੋੜ ਫਿਰ ਮੂਲ ਮੰਤਰ (੧ਓਂ ਤੋਂ ਗੁਰਪ੍ਰਸਾਦਿ) ਹੈ। ਅੱਗੇ ਮੂਲ ਮੰਤਰ ਦਾ ਨਿਚੋੜ '੧ਓਂ' ਹੈ ਤੇ '੧ਓਂ' ਦਾ ਨਿਚੋੜ '1' (ਇਕ one ) ਹੈ। ਸੋ ਸਾਰੀ ਗੁਰਮਤ ਦਾ ਨਿਚੋੜ ਇੱਕ ਏਕਾ ਹੈ। ਹਿਸਾਬ (Arithmatic) ਵਾਲਾ ਏਕਾ।

2.ਜਪੁਜੀ ਸਾਹਿਬ ਗੁਰਮਤ ਦਾ ਨੀਸਾਣ ਹੈ ਭਾਵ ਇਹ ਸਿੱਖੀ ਵਿੱਚ ਦਾਖਲੇ ਲਈ ਰਾਹਦਾਰੀ ਜਾਂ ਵੀਜ਼ਾ ਹੈ।

3.ਇਸਦਾ ਪਾਠ ਬੰਦੇ ਨੂੰ ਚੜ੍ਹਦੀ ਕਲਾ ਵਾਲੀ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ।

4.ਇਹਦਾ ਪਾਠ ਇਨਸਾਨ ਨੂੰ ਹਰ ਪਾਸੇ ਤੋਂ ਸੁਰਖਰੂ ਕਰ ਦਿੰਦਾ ਹੈ। ਪਿਛਲੇ ਗੁਨਾਹ ਵੀ ਧੋਤੇ ਜਾਂਦੇ ਹਨ।

5.ਕਿਉਕਿ ਇਹ ਸਾਡੀ ਮਾਨਸਿਕਤਾ ਤੇ ਅਸਰ ਕਰਦਾ ਹੈ ਜਿਸ ਕਾਰਨ ਸਰੀਰਕ ਕ੍ਰਿਆਵਾਂ ਦਾ ਸੰਤੁਲਨ (Equilibrium) ਬਣਦਾ ਹੈ। ਸਾਡੇ 'ਵਾਤ ਪਿਤ ਕਫ' (Metabolism) ਦਾ ਸੰਤੁਲਨ ਬੈਠ ਜਾਂਦਾ ਹੈ। ਜਿਸ ਕਰਕੇ ਅਨੇਕਾਂ ਰੋਗਾਂ ਤੋਂ ਮੁਕਤੀ ਵੀ ਮਿਲ ਜਾਂਦੀ ਹੈ।

6.ਪ੍ਰੰਪਰਾ ਵੇਖੀਏ ਤਾਂ ਪਤਾ ਲੱਗਦਾ ਹੈ ਜਪੁਜੀ ਸਿੱਖਾਂ ਦੇ ਹਰ ਮਹੱਤਵਪੂਰਨ ਮੌਕੇ ਪੜ੍ਹਿਆ ਜਾਂਦਾ ਹੈ। ਸਿੱਖ ਕਾਰਜ ਦੇ ਹਰ ਉਦਘਾਟਨ ਮੌਕੇ ਜਪੁਜੀ ਪਾਠ ਹੁੰਦਾ ਹੈ। ਵੈਸਾਖੀ 1699 ਈ. ਨੂੰ ਜਦੋਂ 'ਤੀਸਰ ਪੰਥ' ਐਲਾਨ ਹੋਇਆ ਭਾਵ ਜਦੋਂ ਸਿੱਖੀ ਦੇ ਮਹਿਲ ਦਾ ਸੰਪੂਰਨ ਹੋਣਾ ਐਲਾਨਿਆ ਗਇਆ, ਉਸ ਵੇਲੇ ਵੀ ਜਪੁਜੀ ਸਾਹਿਬ ਦਾ ਪਾਠ ਕੀਤਾ ਗਇਆ ਸੀ।

7.ਹੋਰ ਤੇ ਹੋਰ, ਗੁਰਸਿੱਖ ਜਦੋਂ ਇਹ ਸਰੀਰ ਤਿਆਗਦਾ ਹੈ ਉਸ ਤੋਂ ਪਹਿਲੋਂ ਵੀ ਜਪੁਜੀ ਦਾ ਪਾਠ ਕਰਦਾ ਹੈ। ਲਗਦੈ ਹਰ ਗੁਰੂ ਨੇ ਅੰਤਮ ਮੌਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਅਜਿਹੇ ਇਤਹਾਸਿਕ ਵਰਨਣ ਮਿਲਦੇ ਹਨ ਕਿ ਗੁਰੂ ਪੰਚਮ ਅਤੇ ਨੌਵੇ ਪਾਤਸ਼ਾਹ ਸ਼ਹਾਦਤ ਮੌਕੇ ਲਗਾਤਾਰ, ਬਾਰ ਬਾਰ ਇਸ ਦਾ ਪਾਠ ਕਰਦੇ ਰਹੇ। ਪੰਜਵੇ ਪਾਤਸ਼ਾਹ ਦਾ ਸਰੀਰ ਜਦੋਂ ਨਿਢਾਲ ਹੋ ਗਇਆ ਤਾਂ ਭਾਈ ਪ੍ਰੇਮਾ ਜਪੁਜੀ ਸਾਹਿਬ ਪੜ੍ਹਦਾ ਰਿਹਾ। ਦਸਵੇਂ ਪਾਤਸ਼ਾਹ ਅਤੇ ਭਾਈ ਗੁਰਦਾਸ ਨੇ ਵੀ ਅੰਤ ਵੇਲੇ ਇਸਦਾ ਪਾਠ ਕੀਤਾ।

ਗੁਰੂ ਗ੍ਰੰਥ ਸ. ਵਿੱਚ ਜਪੁਜੀ ਬਾਰੇ ਆਈਆਂ ਕੁਝ ਇੱਕ ਤੁਕਾਂ :

- ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥
- ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
- ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥
- ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥
- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
- ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥ ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥
- ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥

ਭਾਈ ਗੁਰਦਾਸ ਨੇ ਜਪੁਜੀ ਸਾਹਿਬ ਬਾਰੇ ਥਾਂਈ ਥਾਂਈ ਜਿਕਰ ਕੀਤੇ ਹਨ (ਕੁਝ ਇਕ):-

- ਅੰਮ੍ਰਿਤ ਵੇਲੇ ਉਠਿ ਜਾਗ ਜਗਾਇਆ॥ ਗੁਰਮੁਖਿ ਤੀਰਥ ਨਾਇ ਭਰਮ ਗਵਾਇਆ॥ ਗੁਰਮੁਖਿ ਮੰਤੁ ਸਮ੍ਹਾਲਿ ਜਪੁ ਜਪਾਇਆ॥
- ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ॥ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ॥ ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ॥
- ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ ਗਿਆਨ ਗੋਸ਼ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥ ਗੁਰਮੁਖ ਭਾਰ ਅਥਰਬਣ ਧਾਰਾ ॥
- ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵਾਲਾ ਸਰ ਨ੍ਹਾਵੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਇਕ ਮਨ ਹੋਇ ਗੁਰ ਜਾਪ ਜਪੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ॥

ਜਪੁਜੀ ਸਾਹਿਬ ਤਾਂ ਹੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿੱਚ ਹੀ ਦਿੱਤਾ ਹੋਇਆ ਹੈ। ਇਸ ਤੋਂ ਬਾਦ ਰਹਿਰਾਸ ਅਤੇ ਕੀਰਤਨ ਸੋਹਿਲਾ ਦਿੱਤੇ ਗਏ ਹਨ। ਭਾਵ ਨਿਤਨੇਮ ਦੀਆਂ ਬਾਣੀਆਂ ਅਰੰਭ ਵਿੱਚ ਹੀ ਆ ਗਈਆਂ। ਸਿੱਖਾਂ ਵਿੱਚ ਨਿਤਨੇਮ ਬਾਬਤ ਕੋਈ ਸ਼ੱਕ ਸ਼ੁਭਾ ਨਾਂ ਬਚੇ ਇਸ ਲਈ ਰਹਿਰਾਸ ਤੇ ਸੋਹਿਲੇ ਦੀਆਂ ਬਾਣੀਆ ਸਬੰਧਿਤ ਰਾਗਾਂ ਵਿੱਚ ਦੁਬਾਰਾ ਵੀ ਆ ਗਈਆਂ ਹਨ।

ਦੂਸਰੀ ਉਦਾਸੀ ਦੀ ਸਮਾਪਤੀ ਤੱਕ ਜਪੁਜੀ ਸਾਹਿਬ ਦੇ ਬਹੁਤੇ ਸ਼ਬਦਾਂ ਦੀ ਰਚਨਾ ਹੋ ਚੁੱਕੀ ਤੇ ਕੁਝ ਹੱਦ ਤੱਕ ਸਿੱਖਾਂ ਵਿੱਚ ਪ੍ਰਚਲਤ ਵੀ ਸਨ। ਕੁਝ ਪਉੜੀਆਂ ਉੱਚ ਸ਼ਰੀਫ ਵਿਖੇ ਰਚੀਆਂ ਗਈਆਂ ਕੁਝ ਹੋਰਨੀ ਥਾਂਈ। ਪਰ ਅੰਤਲੀਆਂ ਪਉੜੀਆਂ ਜੋ ਜੋਗੀ ਪ੍ਰਥਾਇ ਹਨ ਉਹ ਅੱਚਲ ਵਟਾਲਾ ਵਿਖੇ ਰਚੀਆਂ ਗਈਆਂ।

ਪੈੜ ਸਰੋਤ

⊙ ਬੀ:4--156, ○ ਸੋਢੀ:2-248, ◈ ਸੋਢੀ:2- 259, ■ ਵੇਖੋ ਸਗਗਸ ਅੰਗ 146, ◆ ਸੂਰਜ ਪ੍ਰਕਾਸ਼ ਅਤੇ ਸੋਢੀ:2 ਅਨੁਸਾਰ

● ਪੁਰਾਤਨ ਪੰਜਾਬੀ ਵਕਤ ਸ਼ਬਦਾਵਲੀ (ਮਹਾਨ ਕੋਸ਼ ਵੇਖੋ ਕਾਲਪ੍ਰਮਾਣ)

ਪਹਿਰ-- 3 ਘੰਟੇ। , ਦਿਨ ਅਤੇ ਰਾਤ ਭਾਵ 24 ਘੰਟੇ = 8 ਪਹਿਰ।

ਗਰਮੀਆਂ ਸਰਦੀਆ ਵਿੱਚ ਜਿਵੇ ਰਾਤ ਦਿਨ ਵੱਡੇ ਛੋਟੇ ਹੁੰਦੇ ਹਨ ਓਸੇ ਤਰਾਂ ਰਾਤ/ਦਿਨ ਦਾ ਪਹਿਰ ਵੱਡਾ ਛੋਟਾ ਵੀ ਹੋਵੇਗਾ। ਪੁਰਾਤਨ ਪੰਜਾਬੀ ਅਨੁਸਾਰ ਦਿਨ ਰਾਤ ਹਰ ਹਾਲਤ ਵਿੱਚ 4 ਪਹਿਰ ਵਿੱਚ ਵੰਡਣਾ ਹੋਵੇਗਾ। ਜਿਸ ਕਰਕੇ ਗਰਮੀਆਂ ਦੀ ਰਾਤ ਪਹਿਰ ਢਾਈ ਘੰਟੇ ਦੀ ਵੀ ਹੋ ਸਕਦੀ ਹਤੇ ਤੇ ਭਰ ਸਰਦੀਆਂ ਦੀ ਸਾਢੇ ਤਿੰਨ ਘੰਟੇ ਦੀ।

ਪਹਿਰ = 8 ਘੜੀਆਂ, ਘੜੀ = 60 ਪਲ, ਪਲ =3 ਚਸਾ, ਚਸਾ= 5 ਵਿਸਾ
**ਪੱਛਮੀ ਪ੍ਰਨਾਲੀ ਦੀ ਬਰਾਬਰੀ ਤੇ**- ਘੜੀ = 24 ਮਿੰਟਪਲ = 24 ਸਕਿੰਟ

*1535/36 ਈ. ਤੋਂ ਪਹਿਲਾਂ ਗੁਰਮੱਤ ਦੀ ਮੁੱਖ ਬਾਣੀ ਜਪੁਜੀ ਸਾਹਿਬ ਦਾ ਸਰੂਪ ਹੁਣ ਵਾਲਾ ਨਹੀ ਸੀ। ਅਰੰਭ ਵਿਚ 'ਜਪੁ' ਸ਼ਬਦ ਅਤੇ 'ਆਦਿ ਸਚ..' ਵਾਲਾ ਸਲੋਕ/ਸਿਰਲੇਖ ਨਹੀ ਸੀ। ਧਰਤੀ ਧਰਮਸਾਲ ਭਾਵ ਅੰਤਲੀਆਂ ਪਉੜੀਆਂ ਵੀ ਇਸ ਰਚਨਾ ਵਿਚ ਨਹੀ ਸਨ। ਨਾਲੇ ਅੰਤਲਾ ਸਲੋਕ ਵੀ ਨਹੀ ਸੀ ਹੁੰਦਾ।

# ਕਰਤਾਰਪੁਰ ਦੇ ਕੌਤਕ। ਭਾਗ –੪

1536 ਤੋਂ 1539 ਈ. ਕਰਤਾਰਪੁਰ ਦੀਆਂ ਸਾਖੀਆਂ

## ਗੁਰੂ ਜੀ ਨੇ ਆਤਮਾ ਪ੍ਰਮਾਤਮਾ ਦੇ ਸਿਧਾਂਤ ਦਾ ਖੰਡਣ ਕੀਤਾ ⬩

ਬਟਾਲੇ ਦੇ ਇਲਾਕੇ ਦੀ ਫੇਰੀ ਪਾਉਣ ਤੋਂ ਬਾਦ ਗੁਰੂ ਸਾਹਿਬ ਫਿਰ ਕਰਤਾਰਪੁਰ ਧਰਮਸਾਲ ਵਿਚ ਬਹਿ ਲੋਕਾਈ ਨੂੰ ਸੰਤੋਖ ਰਹੇ ਸਨ। ਹਰ ਦੁਖੀਆ ਦਰਦਵੰਦ ਜਾਂ ਜਗਿਆਸੂ ਗੁਰੂ ਦੇ ਦਰ ਤੋਂ ਹਿਰਦਾ ਸ਼ਾਂਤ ਕਰ ਰਿਹਾ ਸੀ। ਜਿਵੇ ਕਿ ਪਿੱਛੇ ਆ ਚੁੱਕਾ ਗੁਰੂ ਸਾਹਿਬ ਓਨਾਂ ਜਗਿਆਸੂਆਂ ਤੇ ਵੱਧ ਤਵੱਜੋ ਦਿੰਦੇ ਸਨ ਜਿੰਨਾਂ ਨੇ ਨਿਰੰਕਾਰ-ਅਕਾਲਪੁਰਖ ਬਾਰੇ ਖੋਜ ਕਰਨੀ ਹੁੰਦੀ ਸੀ। ਜਿਸ ਕਾਰਨ ਸਾਧੂਆਂ ਸੰਤਾਂ ਦੀ ਆਮਦ ਵੀ ਜਿਆਦਾ ਹੁੰਦੀ ਸੀ।

ਏਸੇ ਤਰਾਂ ਇਕ ਦਿਨ ਸੋਦਰ ਰਹਿਰਾਸ ਦੇ ਵੇਲੇ ਰਬਾਬੀ ਦੀ ਗਾਈ ਹੇਠ ਸ਼ੁਸ਼ੋਭਿਤ ਤੁੱਕ:

ਆਖਣ ਵਾਲਾ ਕਿਆ ਬੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥

ਬਾਬਤ ਚੰਗੀ ਤਰਾਂ ਟਿੰਡਾਂ ਰਗੜਾਈ (ਮੁੰਡੀਏ) ਬੈਰਾਗੀ ਸਾਧੂਆਂ ਨੇ ਸਮਾਪਤੀ ਤੋਂ ਬਾਦ ਬਾਣੀ ਤੇ ਕਿੰਤੂ ਪ੍ਰੰਤੂ ਕਰ ਦਿੱਤਾ। ਅਖੇ ਇਸ ਜੀਵ ਨੂੰ ਅੰਦਰ ਮੌਜੂਦ ਪ੍ਰਮਾਤਮਾ ਤੋਂ ਇਲਾਵਾ ਹੋਰ ਕੌਣ ਹੈ ਸੰਵਾਰਨਹਾਰਾ? ਸਾਧੂਆਂ ਨੇ ਕਿਹਾ ਕਿ ਹਰ ਜੀਵ ਵਿਚ ਜਿਹੜੀ ਸੁਚੇਤ ਆਤਮਾ ਹੈ ਉਹ ਹੀ ਹਰ ਕਿਸਮ ਦਾ ਕੰਟਰੋਲ ਕਰ ਰਹੀ ਹੈ। ਉਹੀ ਆਤਮ ਹੀ ਪ੍ਰਮਾਤਮਾ ਹੈ। ਰੱਬ ਕੋਈ ਹੋਰ ਨਹੀ।

ਗੁਰੂ ਸਾਹਿਬ ਬਹੁਤ ਆਦਰ ਸਤਿਕਾਰ ਨਾਲ ਸਾਧੂਆਂ ਦੀ ਸਾਰੀ ਗਲ ਸੁਣੀ। ਸਾਹਿਬ ਨੇ ਫਰਮਾਇਆ ਕਿ ਮੁਨੀ ਜਨੋਂ ਅਕਾਲ ਪੁਰਖ ਸਿਰਫ ਸਾਡੇ ਅੰਦਰ ਤੱਕ ਹੀ ਮੌਜੂਦ ਨਹੀ ਉਹ ਸਰਬ ਵਿਆਪਕ ਹੈ। ਸਾਡੀ ਆਤਮਾ ਉਹਦਾ ਇਕ ਅੰਸ਼ ਹੋ ਸਕਦੀ ਹੈ। ਗੁਰੂ ਸਾਹਿਬ ਨੇ ਸਵਾਲ ਕਰ ਦਿੱਤਾ ਕਿ ਜੇ ਆਤਮਾ ਭਾਵ ਸਾਡਾ ਖੁੱਦ ਹੀ ਪ੍ਰਮਾਤਮਾ ਹੈ ਤਾਂ ਇਸ ਜੀਅ ਨੂੰ ਪੈਦਾ ਕੌਣ ਕਰਦਾ ਹੈ? ਰਿਜਕ ਕੌਣ ਦਿੰਦਾ ਹੈ? ਜੇ ਆਤਮਾ ਹੀ ਪ੍ਰਮਾਤਮਾ ਹੈ ਤਾਂ ਫਿਰ ਕੁਝ ਜੀਵਾਂ ਨੂੰ ਵੱਧ ਤੇ ਕੁਝ ਨੂੰ ਘੱਟ ਕਿਓ ਮਿਲਦਾ ਹੈ? ਜੇ ਆਤਮਾ ਹੀ ਪ੍ਰਮਾਤਮਾ ਹੋਵੇ ਤਾਂ ਖੁੱੜ ਵਾਲੇ ਜੀਵਾਂ ਦਾ ਆਪੇ ਕਲਿਆਣ ਹੋਵੇ। ਨਾਲੇ ਫਿਰ ਬਾਕੀ ਦੇ ਅਸਥੂਲ ਜੜ੍ਹ ਬ੍ਰਿਹਮੰਡ ਦਾ ਇੰਤਜਾਮ ਕੌਣ ਕਰਦਾ ਹੈ? ਕਿਸ ਨੇ ਇਹ ਸਾਰੀ ਸ੍ਰਿਸਟੀ ਹੁਕਮ ਵਿਚ ਪਰੋਈ ਹੋਈ ਹੈ?

ਅਜਿਹੇ ਹੀ ਕੁਝ ਸਵਾਲ ਕਰਕੇ ਗੁਰੂ ਸਾਹਿਬ ਨੇ ਵਜੰਤ੍ਰੀਆਂ ਤੇ ਸਾਰੇ ਹਾਜਰੀਨ ਦੀ ਸੰਗਤ ਨਾਲ ਸ਼ਬਦ ਗਾਵਿਆ:

ਆਸਾ ਮਹਲਾ ੧ ॥ ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥੧॥ ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥ ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ ॥ ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥੨॥ ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥ ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥ ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥ ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥ ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥ ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥

ਉਪਰੰਤ ਗੁਰੂ ਸਾਹਿਬ ਨੇ ਸਰਬਵਿਆਪਕ, ਸਰਗੁਣ, ਨਿਰਗੁਣ, ਅਕਾਲ ਪੁਰਖ ਬਾਰੇ ਵਖਿਆਨ ਦਿੱਤਾ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਵਾਹਿਗੁਰੂ, ਵਾਹਿਗੁਰੂ ਹੋ ਗਈ।

-----◈-----

## 'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥'•

ਕਰਤਾਰਪੁਰ ਹੀ ਇਕ ਦਿਨ ਭਾਈ ਲਹਿਣੇ ਨੇ ਸਵਾਲ ਕਰ ਦਿੱਤਾ ਕਿ ਕਈ ਲੋਕ ਬਹੁਤ ਵਿਦਿਆ ਹਾਸਲ ਕਰਦੇ ਨੇ ਉਸਦਾ ਕੁਝ ਫਾਇਦਾ ਵੀ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਜੇ ਵਿਦਿਆ ਪੜ੍ਹ ਕੇ ਕਰਤੇ ਦੀ ਖੇਡ ਸਮਝ ਆ ਗਈ ਹੈ ਫਿਰ ਤਾਂ ਵਿਦਿਆ ਸਫਲ ਹੈ। ਗਿਆਨਵਾਨ ਬੰਦਾ ਫਿਰ ਘੱਟ ਘੱਟ ਵਿਚ ਉਸ ਨਿਰੰਕਾਰ ਦਾ ਅੰਸ਼ ਵੇਖਦਾ ਹੈ ਤੇ ਜੀਵਾਂ ਨੂੰ ਪਿਆਰ ਕਰਨ ਲੱਗਦਾ ਹੈ। ਉਸਦੇ ਮੰਨ ਵਿਚ ਦਇਆ ਆ ਜਾਂਦੀ ਹੈ।

ਸਾਹਿਬ ਨੇ ਸ਼ਬਦ ਰਚਿਆ:-

ਆਸਾ ਮਹਲਾ ੧ ਚਉਪਦੇ ॥ ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥ ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥

ਭਾਵ ਜੋ ਮਨੁੱਖ ਦੂਜਿਆਂ ਨਾਲ ਭਲਾਈ ਕਰਨ ਵਾਲਾ ਹੋ ਗਇਆ ਹੈ ਤਾਂ ਹੀ ਸਮਝੋ ਕਿ ਉਹ ਵਿੱਦਿਆ ਪਾ ਕੇ ਵਿਚਾਰਵਾਨ ਬਣਿਆ ਹੈ । ਤੀਰਥਾਂ ਤੇ ਨਿਵਾਸ ਰੱਖਣ ਵਾਲਾ ਤਦੋਂ ਹੀ ਸਫਲ ਹੈ, ਜੇ ਉਸ ਨੇ ਪੰਜੇ ਕਾਮਾਦਿਕ ਵੱਸ ਕਰ ਲਏ ਹਨ । ਜੇ ਮਨ ਪ੍ਰਭੂ-ਚਰਨਾਂ ਵਿਚ ਜੁੜਨਾ ਸਿੱਖ ਗਇਆ ਹੈ ਤਦੋਂ ਹੀ (ਭਗਤੀਆ ਬਣ ਕੇ) ਘੁੰਘਰੂ ਵਜਾਣੇ ਸਫਲ ਹਨ।

-----◈-----

## ਬੁਰੇ ਲੋਕਾਂ ਬਾਬਤ ਜਦੋਂ ਭਾਈ ਲਹਿਣੇ ਦੇ ਸ਼ੰਕੇ ਨਵਿਰਤ ਕੀਤੇ⊙

ਇਕ ਦਿਨ ਗੁਰੂ ਸਾਹਿਬ ਦੇ ਦਰਬਾਰ ਵਿਚ ਇਕ ਨਹਾਇਤ ਮਾੜਾ (ਕੋਈ ਠੱਗ, ਕੁੜਿਆਰ) ਬੰਦਾ ਆ ਗਿਆ। ਮੁਕਾਮੀ ਬੰਦਿਆਂ ਨੇ ਝੱਟ ਭਾਈ ਲਹਿਣੇ ਨੂੰ ਸੁਚੇਤ ਕੀਤਾ ਕਿ ਇਹ ਬੰਦਾ ਠੀਕ ਨਹੀ। ਭਾਈ ਲਹਿਣੇ ਨੇ ਉਸ ਬੰਦੇ ਬਾਬਤ ਗੁਰੂ ਸਾਹਿਬ ਨੂੰ ਸੁਚੇਤ ਕਰ ਦਿੱਤਾ।

ਫਿਰ ਉਸ ਮਾੜੇ ਬੰਦੇ ਨੇ ਜਦੋਂ ਆ ਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਨੇ ਗਲ ਨਾਲ ਲਾਇਆ ਤੇ ਅਸੀਸਾਂ ਦਿੱਤੀਆਂ। ਇਸ ਤੇ ਸਮੇਤ ਭਾਈ ਲਹਿਣਾ ਸੰਗਤ ਹੈਰਾਨ ਹੋਈ।

ਕੋਈ ਦੂਸਰੇ ਤੀਸਰੇ ਦਿਨ ਜਦੋਂ ਮੌਕਾ ਬਣਿਆ ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਜੇ ਇਜਾਜਤ ਹੋਵੇ ਤਾਂ ਮੈਂ ਗੱਲ

ਪੁੱਛਾਂ? ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਕਿਹਾ ਪੁਰਖਾ ਤੂੰ ਇਕ ਨਹੀ ਸੌ ਗਲ ਪੁੱਛ। ਤੂੰ ਹਰ ਗਲ ਪੁੱਛ। ਤੈਨੂੰ ਸਿੱਖੀ ਸਿਧਾਂਤ ਸਮਝ ਕਿਵੇ ਆਵੇਗਾ ਜੇ ਮੰਨ ਵਿਚ ਸ਼ੰਕੇ ਰਹਿ ਗਏ ਤਾਂ।

ਇਸ ਮੌਕੇ ਫਿਰ ਭਾਈ ਲਹਿਣੇ ਨੇ ਗੁਰੂ ਸਾਹਿਬ ਕੋਲੋ ਪੁੱਛਿਆ ਕਿ ਵੇਖੋ ਸਾਰੀ ਸੰਗਤ ਉਸ ਬੁਰੇ ਬੰਦੇ ਦੇ ਖਿਲਾਫ ਸੀ ਫਿਰ ਵੀ ਤੁਸੀ ਉਸ ਨੂੰ ਗਲ ਨਾਲ ਲਾ ਲਿਆ ਪਿਆਰ ਦਿੱਤਾ। ਬਾਬਾ ਜੀ ਇਸ ਤਰਾਂ ਕਿਓ?

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸਮਝਾਇਆ ਕਿ ਵੇਖ ਜੇ ਕੋਈ ਚੰਗਾ ਹੈ ਤਾਂ ਕਰਤੇ ਨੇ ਉਸ ਨੂੰ ਚੰਗਾ ਬਣਾਇਆ ਹੈ ਜੇ ਕੋਈ ਮੰਦਾ ਹੈ ਤਾਂ ਓਸੇ ਮਾਲਕ ਨੇ ਹੀ ਉਸ ਨੂੰ ਮਾੜਾ ਬਣਾਇਆ ਹੈ। ਇਹ ਨਿਰੰਕਾਰ ਦੀ ਖੇਡ ਹੈ। ਮਤਲਬ ਜੇ ਤੁਸੀ ਜੀਵ ਦੇ ਪਿੱਛੋਕੜ ਵਿਚ ਵੇਖੋਗੇ ਤਾਂ ਤੁਹਾਨੂੰ ਸਭ ਬ੍ਰਹਮ ਬ੍ਰਹਮ ਹੀ ਨਜਰ ਆਉਦਾ ਹੈ। ਇਸ ਸੱਚ ਨੂੰ ਜਦੋਂ ਤੁਸੀ ਸਮਝ ਜਾਓਗੇ ਤਾਂ ਸਮਝੋ ਅੱਧੀ ਗੁਰਮਤ ਦਾ ਤੁਹਾਨੂੰ ਪਤਾ ਲੱਗ ਗਿਆ।

ਉਸ ਦਿਨ ਫਿਰ ਭਾਈ ਲਹਿਣੇ ਨੇ ਬੁਰਿਆਂ ਬਾਬਤ ਆਪਣਾ ਵਾਹਵਾ ਦਿੱਲ ਹੋਲਾ ਕੀਤਾ ਤੇ ਕਈ ਸਵਾਲ ਕੀਤੇ। ਗੁਰੂ ਸਾਹਿਬ ਨੇ ਸਮਝਾਇਆ ਕਿ ਚਾਹੇ ਕੋਈ ਕਿੰਨਾ ਵੀ ਪਾਪੀ ਹੈ ਜੇ ਨਾਮ ਦੇ ਲੜ੍ਹ ਲੱਗ ਜਾਏਗਾ ਤਾਂ ਤਰ ਜਾਏਗਾ।

ਫਿਰ ਗੁਰੂ ਸਾਹਿਬ ਨੇ ਸਮੁਚੀ ਸੰਗਤ ਦੇ ਨਾਲ ਸ਼ਬਦ ਗਾਵਿਆ। ਰਬਾਬ ਤੇ ਸੰਗਤ ਸ਼ਹਿਜਾਦੇ ਨੇ ਕੀਤੀ। ਢੋਲਕੀ ਦੀ ਅਵਾਜ ਪੂਰੇ ਬੇਲੇ ਵਿਚ ਗੂੰਜ ਉਠੀ।:-

ਆਸਾ ਮਹਲਾ ੧ ॥ ਇਕਿ ਆਵਹਿ ਇਕਿ ਜਾਵਹਿ ਆਈ ॥ ਇਕਿ ਹਰਿ ਰਾਤੇ ਰਹਹਿ ਸਮਾਈ ॥ ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥ ਗੁਰ ਪੂਰੇ ਤੇ ਗਤਿ ਮਿਤਿ ਪਾਈ ॥ ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥ ਜਿਨ੍ ਕਉ ਆਪ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥ ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥ ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥ ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ ਅਠਸਠਿ ਮਜਨੁ ਹਰਿ ਰਸੁ ਰੇਦ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪

-----◈-----

## ‘ਇਹ ਘਾਲ ਕਮਾਈ ਆਉਣ ਵਾਲੀਆਂ ਸਿੱਖ ਪੀੜੀਆਂ ਲਈ' – ਬਾਬੇ ਨੇ ਜਵਾਬ ਦਿੱਤਾ

### ਜਦੋਂ ਭਾਈ ਲਹਿਣਾ ਬੇਹੋਸ਼ ਹੋ ਡਿੱਗਾ▪

ਗੁਰੂ ਸਾਹਿਬ ਡੇਢ ਪਹਿਰ ਰਾਤ ਰਹਿੰਦੇ ਹੀ ਰਾਵੀ ਤੇ ਇਸ਼ਨਾਨ ਕਰਨ ਰਵਾਨਾ ਹੋ ਜਾਂਦੇ ਸਨ। ਇਕ ਸਿੱਖ ਨਾਲ ਹੁੰਦਾ ਸੀ। ਗੁਰੂ ਸਾਹਿਬ ਲੰਮਾ ਸਮਾਂ ਦਰਿਆ ਵਿਚ ਬਿਤਾਉਦੇ ਸਨ। ਨਾਲ ਦਾ ਸਿੱਖ ਕੰਢੇ ਤੇ ਬਹਿ ਉਡੀਕ ਕਰਿਆ ਕਰਦਾ ਸੀ। ਸਾਹਿਬ ਟੁੱਬੀ ਵੀ ਲੰਮੀ ਮਾਰਦੇ ਸਨ।

ਇਕ ਵੇਰਾਂ ਦੀ ਗਲ ਹੈ ਗੁਰੂ ਸਾਹਿਬ ਨਾਲ ਭਾਈ ਲਹਿਣਾ ਗਿਆ। ਗੁਰੂ ਸਾਹਿਬ ਕਾਫੀ ਸਮਾਂ ਦਰਿਆ ਵਿਚ ਨਹਾਉਦੇ ਰਹੇ। ਠੰਡ ਦੇ ਦਿਨ ਸਨ ਨਾਲੇ ਝੱਖੜ ਵੀ ਵਗ ਰਿਹਾ ਸੀ। ਕੰਢੇ ਤੇ ਬੈਠੇ ਭਾਈ ਲਹਿਣੇ ਨੂੰ ਅਜਿਹੀ ਠੰਡ ਲੱਗੀ ਕਿ ਬੇਹੋਸ਼ ਹੋ ਕੇ ਲੇਟ ਹੀ ਗਿਆ।

ਜਦੋਂ ਗੁਰੂ ਸਾਹਿਬ ਬਾਹਰ ਨਿਕਲੇ ਤਾਂ ਕੀ ਵੇਖਦੇ ਹਨ ਕਿ ਲਹਿਣਾ ਬੇਸੁਰਤ ਪਿਆ ਹੈ। ਗੁਰੂ ਸਾਹਿਬ ਨੇ ਲਹਿਣੇ ਨੂੰ ਪੈਰ ਨਾਲ ਹਿਲਾਇਆ ਕਿ ਪੁਰਖਾ! ਉਠੋ ਚਲੀਏ।

ਲਹਿਣੇ ਨੂੰ ਹੋਸ਼ ਆ ਗਈ। ਉਠਿਆ। ਗੁਰੂ ਸਾਹਿਬ ਨੇ ਪੁੱਛਿਆ ਲਹਿਣਾ ਕੀ ਗਲ ਤੈਨੂੰ ਨੀਂਦ ਆ ਗਈ ਸੀ? ਭਾਈ ਲਹਿਣੇ ਨੇ ਕਿਹਾ ਗੁਰੂ ਸਾਹਿਬ ਜਦੋਂ ਤੁਸੀ ਤਾਂ ਦਰਿਆ ਵਿਚ ਵੜ੍ਹ ਗਏ ਇਸ਼ਨਾਨ ਕਰਨ ਬਾਦ ਮੈਂ ਕੰਢੇ ਆ ਬੈਠਾ। ਮੈਨੂੰ ਬਹੁਤ ਠੰਡ ਲੱਗੀ ਤੇ ਕਾਂਬਾ ਛਿੜਿਆ। ਕੁਝ ਸਮੇਂ ਬਾਦ ਮੈਨੂੰ ਕੁਝ ਪਤਾ ਨਹੀ ਕਿ ਮੇਰੇ ਨਾਲ ਕੀ ਹੋਇਆ।

ਤੁਹਾਡੇ ਪੈਰ ਦੀ ਜਿਵੇ ਮੈਨੂੰ ਛੋਹ ਮਿਲੀ ਜਿਵੇਂ ਤੇਰੀ ਲੱਤ ਵੱਜੀ ਮੇਰੇ ਅੰਦਰ ਕ੍ਰੋੜਾਂ ਸੂਰਜਾਂ ਦਾ ਨਿੱਘ ਆ ਗਿਆ। ਧੰਨ ਹੋ ਗੁਰੂ ਸਾਹਿਬ ਤੁਸੀ। ਮੈਂ ਬਲਿਹਾਰ ਹਾਂ ਤੁਹਾਥੋ।

**ਪਰ ਭਾਈ ਲਹਿਣੇ ਨੇ ਮੁਸ਼ਕਲ ਸਵਾਲ ਕਰ ਦਿੱਤਾ**– ਜਦੋਂ ਰਾਵੀ ਤੋਂ ਕਰਤਾਰਪੁਰ ਸਾਹਿਬ ਨੂੰ ਪਰਤ ਰਹੇ ਸਨ ਤਾਂ ਰਸਤੇ ਵਿਚ ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਆਖਿਰ ਪੁੱਛ ਹੀ ਲਿਆ, "ਗੁਰੂ ਜੀ ਤੁਸੀ ਅਕਾਲ ਪੁਰਖ ਨਾਲ ਇਕ ਮਿੱਕ ਹੋ। ਫਿਰ ਕਿਓ ਤੁਸੀ ਆਪਣੇ ਸਰੀਰ ਨੂੰ ਏਨਾ ਕੋਹਦੇ ਹੋ? ਕਿਓ ਇਨੀ ਕਠਨ ਤਪੱਸਿਆ ਕਰਦੇ ਹੋ?"

ਗੁਰੂ ਸਾਹਿਬ ਨੇ ਜਵਾਬ ਦਿੱਤਾ, "ਪੁਰਖਾ! ਪਹਿਲੀ ਗਲ ਤਾਂ ਮੈਂ ਆਪਣੇ ਸਰੀਰ ਨੂੰ ਕੋਹਦਾ ਨਹੀ ਹਾਂ। ਜਿਹੜੀ ਤੁਹਾਨੂੰ ਤਪੱਸਿਆ ਨਜਰ ਆਉਦੀ ਹੈ ਇਹ ਮੇਰਾ ਅਨੰਦ ਹੈ। ਨਾਮ ਤੋਂ ਬਿਨਾਂ ਮੇਰਾ ਸਰੀਰ ਖੁਸਦਾ ਹੈ। ਮੇਰੀ ਇਹ ਤਪੱਸਿਆ ਤਾਂ ਅਕਾਲ ਪੁਰਖ ਅੱਗੇ ਅਰਦਾਸ ਹੁੰਦੀ ਹੈ ਕਿ ਮੇਰੇ ਸਿੱਖਾਂ ਦਾ ਨਿਰੰਕਾਰ ਤੱਕ ਰਾਹ ਸੁਖਾਲਾ ਹੋਵੇ। ਓਨਾਂ ਨੂੰ ਔਕੜਾਂ ਨਾਂ ਆਉਣ। ਦੁਨੀਆਂ ਸਰਗੁਣ ਰੂਪ ਵਿਚ ਨਿਰੰਕਾਰ ਨੂੰ ਮੰਨਦੀ ਹੈ। ਮੇਰੇ ਸਿੱਖ ਨੇ ਸਰਗੁਣ ਤੇ ਨਿਰਗੁਣ ਰੂਪ ਦੋਵਾਂ ਵਿਚ ਨਿਰੰਕਾਰ ਦਾ ਚਿਤ੍ਰਨ ਕਰਨਾਂ ਹੁੰਦਾ ਹੈ ਜੋ ਮੁਸ਼ਕਲ ਮਾਰਗ ਹੈ। ਮੇਰਾ ਸਿੱਖ ਇਸ ਗੁਰਮਤ ਦੇ ਮਾਰਗ ਤੇ ਡੋਲੇ ਨਾਂ, ਉਹਦਾ ਭਰੋਸਾ ਬਣਿਆ ਰਹੇ ਤੇ ਉਹਦੀ ਮੁਕਤੀ ਹੋਵੇ। ਇਹੋ ਮੈਂ ਨਿਰੰਕਾਰ ਕੋਲੋ ਮੰਗਦਾ ਰਹਿੰਨਾ ਵਾ। ਸੋ ਮੇਰੀਆਂ ਇਹ ਅਰਜੋਈਆਂ ਸਿੱਖਾਂ ਦੀਆਂ ਆਉਣ ਵਾਲੀਆਂ ਪੀੜੀਆਂ ਲਈ ਹਨ। ਬਾਕੀ ਇਸ਼ਨਾਨ ਨਾਲ ਮੇਰੀ ਸੁਰਤ ਸੁਚੇਤ ਹੁੰਦੀ ਹੈ।"

ਗੁਰੂ ਸਾਹਿਬ ਦੇ ਰਾਵੀ ਵਿਚ ਇਸ਼ਨਾਨ ਤੇ ਇਸ ਘਾਲ ਕਮਾਈ ਦੇ ਨਿਤਨੇਮ ਪ੍ਰਥਾਇ ਹੀ ਬਾਦ ਵਿਚ ਗੁਰੂ ਅੰਗਦ ਦੇਵ ਨੇ ਇਹ ਸ਼ਬਦ ਆਖਿਆ ਸੀ:-

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥

-----◈-----

## ਅੰਤਲੇ ਦਿਨਾਂ ਵਿਚ ਤਾਂ ਬਾਬਾ ਲੁੱਕਦਾ ਫਿਰਦਾ ਸੀ○

ਕਰਤਾਰਪੁਰ ਦੇ ਪ੍ਰਬੰਧਕ

ਸੁਲਤਾਨਪੁਰ ਛੱਡਣ ਉਪਰੰਤ ਗੁਰੂ ਸਾਹਿਬ ਜਿਆਦਾਤਰ ਪੰਜਾਬੋਂ ਬਾਹਰ ਹੀ ਰਹੇ ਸਨ। ਪਰ ਫਿਰ ਵੀ 1530 ਈ ਤੱਕ ਗੁਰੂ ਸਾਹਿਬ ਦੀ ਪ੍ਰਸਿਧੀ ਚਾਰ ਚੁਫੇਰੇ ਹੋ ਚੁੱਕੀ ਸੀ। ਹਾਲਾਂ ਥੋੜਾ ਸਮਾਂ ਹੀ ਅਜੇ ਕਰਤਾਰਪੁਰ ਟਿਕੇ ਸੀ ਕਿ ਲੋਕ ਵਹੀਰਾਂ ਘੱਤ ਘੱਤ ਕਰਤਾਰਪੁਰ ਆ ਰਹੇ ਸਨ। ਇਕ ਵੇਲਾ ਤਾਂ ਅਜਿਹਾ ਆ ਗਇਆ ਕਿ ਕਰਤਾਰਪੁਰ ਵਿਖੇ ਭੀੜਾਂ ਨੂੰ ਸੰਭਾਲਣਾ ਵੀ ਮੁਸ਼ਕਲ ਹੋ ਜਾਂਦਾ ਸੀ। ਸੰਗਤ ਵਿਚ ਪ੍ਰਵਚਨਾ ਤੋਂ ਬਾਦ ਹਰ ਕੋਈ ਆਪਣੇ ਨਿੱਜੀ ਮਸਲਿਆਂ ਦੇ ਹੱਲ ਲਈ ਗੁਰੂ ਸਾਹਿਬ ਦਾ ਅਸ਼ੀਰਵਾਦ ਲੈਣ ਦੀ ਦੌੜ ਵਿਚ ਸੀ। ਕਰਤਾਰਪੁਰ ਸਾਹਿਬ ਤੀਰਥ ਅਸਥਾਨ ਬਣ ਚੁੱਕਾ ਸੀ ਤੇ ਲੋਕਾਂ ਦਾ ਮੰਨਣਾ ਸੀ ਕਿ ਜਿਹੜਾ ਵੀ ਕੋਈ ਕਿਸੇ ਕਿਸਮ ਦੀ ਕਾਮਨਾ ਮੰਨ ਵਿਚ ਲੈ ਕੇ ਆਉਦਾ ਹੈ ਉਸ ਦੀ ਇਛਾ ਪੂਰੀ ਹੁੰਦੀ ਹੈ। ਇਥੇ ਹਰ ਕੋਈ ਆ ਰਿਹਾ ਸੀ। ਚਾਹੇ ਕੋਈ:-○

ਉਦਾਸੀ ਹੋਵੇ, ਅਤੀਤ (ਤਿਆਗੀ ਸਾਧੂ), ਭਗਵਾਨ ਮੁੰਡੀਆ (ਰੋਡਾ ਭੋਡਾ ਸਾਧੂ) ਬੈਸਨੋ, ਬ੍ਰਹਮਚਾਰੀ, ਜੋਗੀ, ਦਿਗੰਬਰ, ਸੰਨਿਆਸੀ, ਤਪਸੀ, ਦੁਧਾਧਾਰੀ, ਭਗਤੀਆਂ, ਰਬਾਬੀ, ਬਿਰਹੀ, ਭੇਖਧਾਰੀ, ਸਿਧੁ, ਸਾਧੂ ਫਕੀਰ, ਕਾਮਲ ਦਰਵੇਸ਼, ਸਾਬਰ ਫਕੀਰ, ਗਉਸ, ਅਉਲੀਆ, ਉਲਮਾਉ, ਖੋਜੀ, ਵਾਦੀ, ਪੀਰ, ਪੈਕੰਬਰ, ਹਿੰਦੂ, ਮੁਸਲਮਾਨ, ਗ੍ਰਹਸਤੀ, ਉਦਾਸੀ, ਰਾਜਾ ਰੰਕ, ਜਤੀ ਸਤੀ, ਹਠੀ, ਤਪੀ, ਖਤਰੀ, ਬ੍ਰਹਮਨ, ਵਸੁ, ਸੂਦ, ਚਾਰੇ ਵਰਨ, ਪੰਡਤ, ਕਵਿਤ, ਕਵੀਸੁਰ, ਗੁਨੀਜਨ..

ਇਸ ਕਰਕੇ ਗੁਰੂ ਸਾਹਿਬ ਅਕਸਰ ਹੀ ਕਰਤਾਰਪੁਰ ਸਾਹਿਬ ਤੋਂ ਭਾਈ ਲਹਿਣੇ ਨੂੰ ਲੈ ਕੇ ਰਾਤ ਵੇਲੇ ਹੀ ਰਵਾਨਾ ਹੋ ਜਾਂਦੇ ਸਨ। ਜਿਸ ਵੀ ਇਲਾਕੇ ਵਿਚ ਹੁੰਦੇ ਸਨ ਓਥੇ ਇਕ ਦੋ ਦਿਨ ਤੋਂ ਵੱਧ ਨਹੀ ਸਨ ਟਿਕ ਸਕਦੇ। ਕਈ ਵਾਰੀ ਚੁੱਪ ਚੁਪੀਤੇ ਜੋਗੀਆਂ ਦੇ ਡੇਰੇ ਜਾ ਅਰਾਮ ਕਰਿਆ ਕਰਦੇ ਸਨ।

ਧਰਮਸਾਲ ਦੇ ਪ੍ਰਬੰਧਕ-

ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਕੁਝ ਇਸ ਤਰਾਂ ਆਉਦਾ ਹੈ:-

1. ਤਦ ਚਾਰ ਚੁਫੇਰੇ ਬਾਬਾ ਨਾਨਕ, ਗੁਰੂ ਨਾਨਕ ਹੋ ਰਿਹਾ ਸੀ। ਪਹਿਲੋਂ ਮਰਦਾਨਾ ਰਬਾਬੀ ਚਲਾਣੇ ਤੱਕ ਬਾਬੇ ਦੇ ਨਾਲ ਰਹਿਆ।
2. ਇਸ ਹਲੀਮੀ ਰਾਜ ਵਿਚ ਵਜੀਰ ਸੀ - ਭਾਈ ਲਹਿਣਾ (ਬਾਦ ਦੇ ਗੁਰੂ ਅੰਗਦ ਦੇਵ)
3. ਭੰਡਾਰੀ, ਖਜ਼ਾਨਜੀ ਤੇ ਘਰ ਬਾਰ- ਸ਼ੇਖ ਮਾਲੋ ਅਤੇ ਸਰਵਣ ਗੁੱਡੀ -ਗੁਡਿਆ
4. ਲੰਗਰ ਦੀ ਮੁਖੀ - ਮਾਤਾ ਘੁੰਮੀ (ਮਾਤਾ ਸੁਲੱਖਣੀ ਚੋਣੀ) ਨਾਲ ਮਦਦ ਬਾਬਾ ਸ੍ਰੀਚੰਦ ਅਤੇ ਲਖਮੀ ਦਾਸ ਕਰਿਆ ਕਰਦੇ ਸਨ।

-----◈-----

## ਗੁਰੂ ਜੀ ਨੇ ਭਾਈ ਲਹਿਣੇ ਨਾਲ ਭਾਗੋਵਾਲ ਦੀ ਛਿੰਝ ਵੇਖੀ*

ਗੁਰੂ ਸਾਹਿਬ ਅੱਜ ਦੇ ਵਟਾਲੇ ਇਲਾਕੇ ਵਿਚ ਘੁੰਮ ਫਿਰ ਰਹੇ ਸਨ ਕਿ ਭਾਈ ਲਹਿਣਾ (ਬਾਦ ਵਿਚ ਦੂਸਰੇ ਗੁਰੂ, ਗੁਰੂ ਅੰਗਦ) ਆਪ ਜੀ ਨੂੰ ਕਰਤਾਰਪੁਰ ਤੋਂ ਆ ਮਿਲੇ। ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਅਨੇਕਾਂ ਸੰਗਤਾਂ ਤੁਹਾਡਾ ਕਰਤਾਰਪੁਰ ਵਿਖੇ ਇੰਤਜਾਰ ਕਰ ਰਹੀਆਂ ਹਨ। ਗੁਰੂ ਸਾਹਿਬ ਕਰਤਾਰਪੁਰ ਨੂੰ ਰਵਾਨਾ ਹੋ ਗਏ।

ਰਸਤੇ ਵਿਚ ਪਿੰਡ ਭਾਗੋਵਾਲ ਪੈਂਦਾ ਹੈ ਜੋ ਬਟਾਲੇ ਤੋ 10 ਕਿ. ਮੀ. ਪਹਾੜ ਕਰਤਾਰਪੁਰ ਦੇ ਰਸਤੇ ਵਿਚ ਪੈਂਦਾ ਹੈ। ਇਹ ਇਤਹਾਸਿਕ ਪਿੰਡ ਜੱਟਾਂ ਦੀ ਗੋਤ ਕਾਹਲੋਂ ਦਾ ਮੂਲ ਪਿੰਡ ਹੈ। ਕਿਹਾ ਜਾਂਦਾ ਹੈ ਕਿ ਕਾਹਲੋਂ ਲੋਕ ਧਾਰ (ਧਾਰਾ ਨਗਰੀ) ਮੱਧ ਪ੍ਰਦੇਸ ਤੋਂ ਉਠ ਕੇ ਇਥੇ ਆ ਵਸੇ ਸਨ ਤੇ ਬਾਦ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਨਾਰੋਵਾਲ ਅਤੇ ਸਿਆਲਕੋਟ ਜਿਲਿਆਂ ਵਿਚ ਫੈਲ ਗਏ। ਸਾਡੀ ਖੋਜ ਅਨੁਸਾਰ ਕਾਹਲੋਂ ਵੀ ਕਿਸੇ ਈਰਾਨੀ ਇਲਾਕੇ 'ਚੋਂ ਹੀ ਉਠ ਕੇ ਆਏ ਨੇ। ਹੋ ਸਕਦਾ 'ਕਾਲੋਂ ਪਹਾੜੀਆਂ' ਦੀ ਵਾਦੀ 'ਚੋਂ ਆਏ ਹੋਣ।

ਭਾਗੋਵਾਲ ਦੀ ਛਿੰਝ ਬਹੁਤ ਪ੍ਰਸਿੱਧ ਹੈ।

ਗੁਰੂ ਸਾਹਿਬ ਜਦੋਂ ਭਾਗੋਵਾਲ ਥਾਂਣੀ ਨਿਕਲੇ ਤਾਂ ਓਥੇ ਛਿੰਝ ਮੇਲਾ ਚਲ ਰਿਹਾ ਸੀ। ਘੋਲ, ਕਬੱਡੀ ਤੇ ਛਾਲ ਮਾਰਨ ਦੇ ਮੁਕਾਬਲੇ ਢੋਲ ਦੇ ਡਗੇ ਤੇ ਹੋ ਰਹੇ ਸਨ। ਕੋਈ ਨੱਪਿਆ ਜਾ ਰਿਹਾ ਸੀ ਕੋਈ ਉੱਠ ਰਿਹਾ ਸੀ। ਇਸ ਮੌਕੇ ਇਸ ਵੱਡੇ ਅਖਾੜੇ ਵਿਚ ਕਿਤੇ ਹੋ ਰਹੀ ਬੇਇਨਸਾਫੀ ਵੀ ਗੁਰੂ ਸਾਹਿਬ ਦੇ ਨਜਰੀ ਚੜ੍ਹੀ। ਲੱਗਦਾ ਹੈ ਕਿਤੇ ਕੋਈ ਛੋਟੀ ਜਾਤ ਦਾ ਭਲਵਾਨ ਮਾਲੀ ਜਿੱਤ ਰਿਹਾ ਸੀ ਕਿ ਹੇਰਾ ਫੇਰੀ ਕਰਕੇ ਨਤੀਜਾ ਉਲਟ ਐਲਾਨਿਆ ਗਿਆ। ਨਤੀਜਾ ਐਲਾਨਣ ਪਿੱਛੇ ਕਿਸੇ ਫਕੀਰ ਫੱਕਰ ਨੂੰ ਢਾਹਡਿਆਂ ਵਰਤ ਲਿਆ ਭਾਵ ਅਖੌਤੀ ਫਕੀਰ ਨੇ ਹੇਰਾ ਫੇਰੀ ਨਾਲ ਜਿੱਤੇ ਭਲਵਾਨ ਨੂੰ ਸਿਰੋ ਪਾਓ ਬਖਸ਼ ਦਿੱਤਾ।

ਇਸ ਤੇ ਗੁਰੂ ਸਾਹਿਬ ਨੇ ਇਨਾਂ ਅਖੌਤੀ ਧਾਰਮਿਕ ਬੰਦਿਆਂ ਦੇ ਕਿਰਦਾਰ ਦਾ ਵੀ ਖੰਡਣ ਕੀਤਾ ਤੇ ਨਾਲ ਹੀ ਇਸ ਮੌਕੇ ਸ਼ਬਦ ਉਚਾਰਿਆ ਜੋ ਆਸਾ ਦੀ ਵਾਰ ਵਿਚ ਸ਼ੁੱਸ਼ੋਭਿਤ ਹੈ:-

ਮਃ ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥

ਗੁਰੂ ਸਾਹਿਬ ਭਾਈ ਲਹਿਣੇ ਨੂੰ ਦੱਸਿਆ ਕਿ ਰੱਬ ਦੇ ਘਰ ਵਿਚ ਕੋਈ ਸਿਫਾਰਸ਼ ਜਾਂ ਜੋਰ ਨਹੀ ਚਲਦਾ। ਓਥੇ ਤਾਂ ਸੱਚ ਨੂੰ ਹੀ ਸਿਰੋਪਾ ਮਿਲਦਾ ਹੈ।

ਏਸੇ ਲਹਿਜੇ ਵਿਚ ਬਾਦ ਵਿਚ ਪੰਚਮ ਪਾਤਸ਼ਾਹ ਨੇ ਫਿਰ ਸ਼ਬਦ ਰਚਿਆ ਸੀ:-

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿੱਤੀ ਕੰਡਿ ਜੀਉ ॥੧੮॥ ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥

ਅਤੇ ਗੁਰਮੁੱਖ ਦੀ ਅੰਤਮ ਜਿੱਤ ਦਾ ਭਰੋਸਾ ਦਿਵਾਇਆ।

ਸੋਢੀ ਮਿਹਰਵਾਨ ਨੇ ਵੀ ਏਸੇ ਪ੍ਰਸੰਗ ਦੌਰਾਨ ਛਿੰਝ ਬਾਬਤ ਗੁਰੂ ਸਾਹਿਬ ਨੂੰ ਸੰਬੋਧਨ ਕਰਕੇ ਦੋ ਸਤਰਾਂ ਕਹੀਆਂ ਸਨ:-

ਨਜਰਿ ਭਲੇਰੀ ਨਾਨਕਾ, ਰਾਖਹੁ ਵਾਰਿ ਵਰਜਿ॥ ਨਜਰਿ ਦੇਖਹੁ ਸੁਭ ਦਿਸਟਿ ਕੀ, ਜੇ ਖਾਧਾ ਲੋੜੈ ਰਜਿ॥ ਰਜਿ ਖਾਇ ਜੇ ਪੰਜਾਂ ਮਾਰੇ, ਗੁਰਮੁਖਿ ਰਹਹਿ ਸਹਿਜ॥ਭਰਿਆ ਭਾਡਾ ਨਾਨਕਾ, ਭੈ ਵਿਚ ਰਖਹੁ ਕਜਿ॥ ਸਚੇ ਕੇ ਦਰਿ ਸਚੋ ਸੁਣੀਐ, ਛੁਟਹੁਗੇ ਕਿਤੁ ਪਜਿ॥ ਘਣੀ ਨਿਹਪਗ ਨਾਨਕਾ ਛਿੰਝ ਪਈ ਦਰਿ ਵਜਿ॥

-----◈-----

## ਗੁਰੂ ਜੀ ਤੁਸੀ ਨਾਮ ਜੱਪਣ ਦਾ ਕਹਿੰਦੇ ਹੋ, ਨਾਮ ਜਪਦਿਆਂ ਤਾਂ ਮੰਨ ਕਿਤੇ ਦਾ ਕਿਤੇ ਚਲਾ ਜਾਂਦਾ ਹੈ◘

ਇਕ ਦਿਨ ਲਹੌਰ ਤੋਂ ਕੁਝ ਪੰਡਤ ਇਕੱਠੇ ਹੋ ਗੁਰੂ ਦਰਬਾਰ ਆ ਹਾਜਰ ਹੋਏ। ਲੰਗਰ ਪਾਣੀ ਛੱਕਣ ਉਪਰੰਤ ਉਨਾਂ ਪੁੱਛ ਗਿੱਛ ਅਰੰਭੀ ਤਾਂ ਸੰਗਤ ਨੇ ਉਨਾਂ ਨੂੰ ਭਾਈ ਲਹਿਣੇ ਨਾਲ ਮਿਲਾ ਦਿੱਤਾ। ਨਾਮ ਗੁਰਮਤ ਬਾਬਤ ਉਨਾਂ ਦੇ ਕੁਝ ਸ਼ੰਕੇ ਸਵਾਲ ਸਨ। ਭਾਈ ਲਹਿਣੇ ਨੇ ਚਾਹਿਆ ਕਿ ਇਹ ਜਗਿਆਸੂ ਖੁੱਦ ਗੁਰੂ ਸਾਹਿਬ ਕੋਲੋਂ ਹੀ ਆਪਣੇ ਸ਼ੰਕੇ ਨਵ੍ਰਿਤ ਕਰਨ।

ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਜਾ ਕੇ ਖਬਰ ਦਿੱਤੀ ਕਿ ਲਹੌਰ ਤੋਂ ਕੁਝ ਪ੍ਰੇਮੀ ਆਏ ਨੇ ਉਨਾਂ ਦੇ ਮੰਨਾਂ ਵਿਚ ਨਾਮ ਦੇ ਸਿਧਾਂਤ ਬਾਬਤ ਕੁਝ ਸ਼ੰਕੇ ਨੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਨੇ।

ਗੁਰੂ ਸਾਹਿਬ ਆਪ ਅੱਗੇ ਹੋ ਕੇ ਉਨਾਂ ਨੂੰ ਮਿਲਣ ਧਰਮਸਾਲ ਵਿਖੇ ਆਏ। ਝੁੱਕ ਕੇ ਨਮਸਕਾਰ ਕੀਤੀ ਸਤਿ ਕਰਤਾਰ ਕਿਹਾ। ਜਗਿਆਸੂ ਦੇ ਸਾਹਮਣੇ ਗੁਰੂ ਸਾਹਿਬ ਨਿਉ ਜਾਂਦੇ ਸਨ ਤਾਂ ਕਿ ਅਗਲੇ ਨੂੰ ਸਵਾਲ ਕਰਨ ਵਿਚ ਕੋਈ ਪ੍ਰੇਸ਼ਾਨੀ ਨਾਂ ਹੋਵੇ। ਕਿਉਂਕਿ ਸਵਾਲ ਆਪਾਂ ਬਰਾਬਰ ਦੇ ਬੰਦੇ ਕੋਲੋ ਹੀ ਪੁੱਛ ਸਕਦੇ ਹਾਂ। ਉੱਚ ਪਦਵੀ ਤੇ ਬਰਾਜਮਾਨ ਬੰਦੇ ਨਾਲ ਖੁੱਲ ਕੇ ਸਵਾਲ ਜਵਾਬ ਜਾਂ ਚਰਚਾ ਨਹੀ ਹੋ ਸਕਦੀ।

ਉਨਾਂ ਦੇ ਮੁਖੀ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਗੁਰੂ ਜੀ ਤੁਹਾਡਾ ਇਹ ਜਿਹੜਾ ਨਾਮ ਦਾ ਸਿਧਾਂਤ ਹੈ ਇਹ ਵਿਅੱਰਥ ਹੈ। ਅਸੀ ਬਥੇਰੀ ਕੋਸ਼ਿਸ਼ ਕੀਤੀ ਹੈ ਨਾਮ ਜੱਪਣ ਵੇਲੇ ਮੰਨ ਤਾਂ ਕਿਤੇ ਦਾ ਕਿਤੇ ਪਹੁੰਚ ਜਾਂਦਾ ਹੈ। ਇਸ ਗਲ ਤੇ ਬਾਕੀ ਦੀ ਸੰਗਤ ਨੇ ਵੀ ਹਾਮੀ ਭਰੀ। ਪੰਡਤਾਂ ਨੇ ਕਿਹਾ ਕਿ ਇਸ ਨਾਲੋਂ ਫਿਰ ਕਰਮ ਕਾਂਡ ਦਾ ਸਿਧਾਂਤ ਬਿਹਤ੍ਰ ਨਹੀ?

ਫਿਰ ਗੁਰੂ ਸਾਹਿਬ ਨੇ ਸਾਰੀ ਸੰਗਤ ਦੇ ਸਨਮੁਖ ਸਮਝਾਇਆ ਕਿ ਇਹ ਸੱਚ ਹੈ ਕਿ ਨਾਮ ਜਪਦਿਆ ਮੰਨ ਉਡਾਰੀਆਂ ਭਰੇਗਾ ਪਰ ਪਹਿਲਾਂ ਤੁਸੀ ਆਪਣੀ ਹਉਮੇ ਦੇ ਨਾਲ ਵੀ ਜੂਝਣਾ ਹੈ। ਜਿੰਨੀ ਹਉਮੈ ਪ੍ਰਬਲ ਹੋਵੇਗਾ ਉਨਾਂ ਹੀ ਨਾਮ ਜੱਪਣਾ ਮੁਸ਼ਕਲ ਹੋਵੇਗਾ। ਜਦੋਂ ਤੁਸੀ ਹਉਮੈ ਦਾ ਪੜਦਾ ਪਾੜ ਸੁਟੋਗੇ ਤਾਂ ਤੁਹਾਨੂੰ ਸੱਚ ਦਿਸਣਾ ਸ਼ੁਰੂ ਹੋ ਜਾਏਗਾ। ਗੁਰੂ ਸਾਹਿਬ ਨੇ ਸਮਝਾਇਆ ਕਿ ਜਿੰਨਾ ਚਿਰ ਸਾਡੀ ਹਉਮੇ ਨਹੀ ਘਟੇਗੀ ਸਾਡੀ ਸੱਚੇ ਨਾਲ ਪ੍ਰੀਤ ਨਹੀ ਬਣ ਆਏਗੀ। ਫਿਰ ਜਦੋਂ ਨਾਮ ਰਤਨ ਦੀ ਪ੍ਰਾਪਤੀ ਹੋ ਗਈ ਫਿਰ ਤਾਂ ਅਨੰਦ ਹੀ ਅਨੰਦ ਹੈ। ਸੋ ਆਪਣੀ ਹਉਮੇ ਨਾਲ ਜੱਦੋਜਹਿਦ ਕਰੋ। ਮੌਤ ਨੂੰ ਸਵੀਕਾਰ ਕਰੋ।(ਵੇਖੋ ਹਉਮੈ ਅਤੇ ਨਾਮ ਦਾ ਸਿਧਾਂਤ ਪੰਨਾ 108)

ਇਸ ਮੌਕੇ ਨਾਲੇ ਗੁਰੂ ਸਾਹਿਬ ਨੇ ਫਿਰ ਸਮਝਾਇਆ ਕਿ ਕਰਮ ਕਾਂਡ ਕਿਵੇ ਫਜੂਲ ਹੈ।

ਫਿਰ ਗੁਰੂ ਸਾਹਿਬ ਨੇ ਜਦੋਂ ਆਸਾ ਰਾਗ ਵਿਚ ਸ਼ਬਦ ਗਾਵਿਆ ਤਾਂ ਇਕ ਪਾਸੇ ਰਬਾਬ ਢੋਲਕੀ ਖੜਤਾਲਾ ਆਦਿ ਦੀ ਧੁੰਨੀ ਸੀ ਦੂਸਰੇ ਪਾਸੇ ਪੰਛੀਆਂ ਨੇ ਨਾਲਦੇ ਰੁੱਖਾਂ ਤੇ ਆਪਣਾ ਰਾਗ ਅਰੰਭਿਆ ਸੀ। ਜੰਗਲ ਵਿਚ ਮੰਗਲ ਸੀ। ਸਾਰੀ ਸੰਗਤ ਰਲ ਕੇ ਗੁਰੂ ਸਾਹਿਬ ਦੇ ਪਿੱਛੇ ਗਾ ਰਹੀ ਸੀ:-

ਆਸਾ ਮਹਲਾ ੧ ॥ ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥ ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ ਬੋਲਹੁ ਰਾਮੁ ਕਰੇ ਨਿਸਤਾਰਾ ॥ ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥ ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥ ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥ ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥ ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥ ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥ ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥

ਅੰਤ ਵਿਚ ਲਹੌਰੀਆਂ ਨੇ ਰੱਲ ਕੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਕਿਤੇ ਲਹੌਰ ਵਿਚ ਵੀ ਸੰਗਤਾਂ ਨੂੰ ਦਰਸ਼ਨ ਦਿਓ। ਗੁਰੂ ਸਾਹਿਬ ਨੇ ਲਹੌਰ ਜਾਣਾ ਪ੍ਰਵਾਨ ਕੀਤਾ।

-----◈-----

## ਭਾਈ ਲਹਿਣੇ ਨੇ ਪੁੱਛਿਆ ਬਾਬਾ ਜੀ 'ਨਾਮ' ਦਾ ਕੀ ਮਤਲਬ ?+

ਇਕ ਵੇਰਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਹੁਕਮ ਕਰ ਰਹੇ ਸਨ ਕਿ ਪੁਰਖਾ ਕੋਈ ਗਲ ਸਮਝ ਨਾਂ ਆਏ ਤਾਂ ਭਾਵੇ ਮੇਰੇ ਕੋਲੋਂ ਹਜ਼ਾਰ ਵਾਰ ਪੁੱਛ ਲਈ ਪਰ ਤੈਨੂੰ ਹਰ ਗਲ ਦੀ ਸਮਝ ਹੋਣੀ ਜਰੂਰੀ ਹੈ। ਝਕਣਾ ਨਹੀ।

ਇਸ ਭਰੋਸੇ ਕਰਕੇ ਝਕਦਿਆਂ ਝਕਦਿਆਂ ਭਾਈ ਲਹਿਣੇ ਨੇ ਪੁੱਛ ਲਿਆ ਕਿ ਗੁਰੂ ਜੀ ਮੈਨੂੰ ਨਾਮ ਦੇ ਸਿਧਾਂਤ ਬਾਰੇ ਅਜੇ ਵੀ ਕਈ ਭੁਲੇਖੇ ਪੈ ਜਾਂਦੇ ਨੇ। ਇਸ ਸਿਧਾਂਤ ਦੇ ਕਿੰਨੇ ਕੁ ਪਹਿਲੂ ਨੇ ? ਤੁਸੀ ਹਰ ਗਲ ਤੇ ਨਾਮ ਤੇ ਹੀ ਜੋਰ ਦਿੰਦੇ ਹੋ?

ਗੁਰੂ ਸਾਹਿਬ ਨੇ ਕਿਹਾ 'ਨਾਮ' ਦਾ ਸਿਧੱਾ ਜਿਹਾ ਮਤਲਬ ਹੈ ਸਰਬਵਿਆਪਕ ਨਿਰੰਕਾਰ ਦੀ ਹੋਂਦ ਨੂੰ ਮੰਨਣਾ ਤੇ ਉਹਦੇ ਅੱਗੇ ਸੀਸ ਝੁਕਾ ਦੇਣਾ ਕਿ ਕਰਨ ਕਾਰਨ ਸਮੱਰਥ ਸਿਰਫ ਨਿਰੰਕਾਰ ਅਕਾਲ ਪੁਰਖ ਹੀ ਹੈ। ਹੁਣ ਸਵਾਲ ਉਠਦਾ ਫਿਰ ਏਹੋ ਜਿਹੇ ਸਰਬ ਵਿਆਪਕ ਨਿਰੰਕਾਰ ਪ੍ਰਭੂ ਦੇ ਅਸੀ ਕਿਹੜੀ ਵਸਤੂ ਭੇਟ ਕਰ ਸਕਦੇ ਹਾਂ? ਜਵਾਬ ਸਿੱਧਾ ਜਿਹਾ ਕਿ ਆਪਣੇ ਜੀਵਨ ਵਿਚ ਸੱਚ ਨੂੰ ਧਾਰ ਲਓ। ਝੂਠ ਤੋਂ ਕਿਨਾਰਾ ਕਰ ਲਓ। ਜਦੋਂ ਤੁਸੀ ਰਜਾ ਵਿਚ ਆ ਜਾਓਗੇ ਤਾਂ ਉਹ ਤੁਹਾਨੂੰ ਆਪਣੇ ਚਰਨਾਂ ਵਿਚ ਬੈਠਣ ਨੂੰ ਥਾਂ ਦੇਵੇਗਾ। ਉਹਦਾ ਦਰਬਾਰ ਅਜਿਹਾ ਅਚੁੱਕ ਹੈ ਕਿ ਤੁਹਾਡੀ ਪਲ ਪਲ ਦੀ ਸੇਵਾ ਦਾ ਹਿਸਾਬ ਰਖਦਾ ਹੈ ਉਹ।

ਸਾਹਿਬ ਨੇ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੧ ॥ ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥ ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥

ਹੋਰ ਸਾਹਿਬ ਨੇ ਫਰਮਾਇਆ: (ਹੋਰ ਵੀ ਦੇਖੋ ਸਫਾ 310 ਤੇ)

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥

-----◈-----

## 'ਏਕਲੜੀ ਬਨ ਮਾਹੇ'⬩⬩

ਕਰਤਾਰਪੁਰ ਬੈਠਿਆਂ ਬੈਠਿਆਂ ਗੁਰੂ ਸਾਹਿਬ ਦੀ ਅਜਿਹੀ ਮੌਜ ਆਈ ਕਿ ਗੁਰੂ ਸਾਹਿਬ ਵੇਈ ਪਾਰ ਕਰਕੇ ਨਾਲ ਨਾਲ ਜਿਓ ਰਵਾਨਾ ਹੋਏ, ਕੋਈ 4- 5 ਕਿ. ਮੀ. ਲਹਿੰਦੇ ਨੂੰ ਨਿਕਲ ਗਏ ਜਿੱਥੇ ਵੇਈ ਤੇ ਦਰਿਆ ਦਾ ਮੇਲ ਹੁੰਦਾ ਹੈ। ਵੱਡੇ ਵੱਡੇ ਡੁੰਮ ਪਏ ਹੋਏ ਸਨ। ਦੁਆਲੇ ਸਰਕੜਾ ਤੇ ਕਾਹ (ਲੰਮਾ ਘਾਹ)। ਮੀਲਾਂ ਤੱਕ ਨਾਂ ਬੰਦਾ, ਨਾਂ ਬੰਦੇ ਦੀ ਜਾਤ। ਨਾ ਕੋਈ ਹਉਮੇ ਦਾ ਝੇੜਾ। ਨਾਂ ਕਿਧਰੇ ਕੋਈ ਗੁੱਸਾ, ਨਾਂ ਨਰਾਜਗੀ। ਦੇਗ ਵੇਈਂ ਚੁੱਪ ਚੁਪੀਤੇ ਰਾਵੀ ਨਾਲ ਮਿਲ ਰਹੀ ਸੀ। ਕਦੀ ਕਦਾਈ ਕਿਸੇ ਮੱਛੀ ਦੀ ਉੱਛਲ ਕੁੱਦ ਦੀ ਅਵਾਜ ਆ ਜਾਂਦੀ ਸੀ। ਬਾਕੀ ਸਭ ਸ਼ਾਂਤ ਸੀ।

ਓਥੇ ਬੈਠਿਆਂ ਬੈਠਿਆਂ ਗੁਰੂ ਸਾਹਿਬ ਨੂੰ ਪਤੀ ਪ੍ਰਮੇਸ਼ਰ ਦਾ ਅਜਿਹਾ ਵੈਰਾਗ ਛੁੱਟਿਆ ਕਿ ਪ੍ਰਸਿੱਧ ਸਬਦ ਓਥੇ ਫਿਰ ਰਚਿਆ ਅਤੇ ਉੱਚੀ ਸੁਰ ਨਾਲ ਗਾਵਿਆ। ਐਨਾ ਕੁ ਉੱਚਾ ਕਿ ਬੇਲਾ ਗੂੰਜ ਉਠਿਆ। ਸਿੱਖਾਂ ਨੂੰ ਪਤਾ ਲੱਗ ਗਇਆ ਕਿ ਬਾਬਾ ਕਿਥੇ ਬੈਠਾ ਹੈ:-

ਗਉੜੀ ਛੰਤ ਮਹਲਾ ੧ ॥ ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥ ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥ ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥ ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ ॥੨॥ ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥ ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥ ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥ ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥ ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥ ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥ ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥ ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥ ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥ ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨

ਕਿਉਕਿ ਦੂਰੋ ਦੂਰੋ ਪ੍ਰੇਮੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ ਜਿਵੇ ਪਤਾ ਲੱਗਾ ਕਿ ਬਾਬਾ ਰਾਵੀ ਕੰਢੇ ਬੈਠਾ ਹੌਲੀ ਹੌਲੀ ਸੰਗਤ ਓਥੇ ਹੀ ਜੁੜ ਗਈ। ਸੰਗਤ ਨੇ ਸ਼ਬਦ ਗਾਇਨ ਵਿਚ ਸਾਥ ਦਿੱਤਾ। ਫਿਰ ਗੁਰੂ ਸਾਹਿਬ ਓਥੋਂ ਚੱਲ ਤੁਰੇ। ਰਸਤੇ 'ਚ ਜਦੋਂ ਆ ਰਹੇ ਸਨ ਤਾਂ ਦੋ ਤਿੰਨ ਮੁਹਤਬਰ ਬੰਦਿਆਂ ਗੁਰੂ ਸਾਹਿਬ ਨੂੰ ਅਰਜ ਕੀਤੀ ਬਾਬਾ ਜੀ ਬੇਲੇ ਵਿਚ ਜੰਗਲੀ ਜਾਨਵਰ ਬਹੁਤ ਹਨ ਖਾਸ ਕਰਕੇ ਬਘਿਆੜ ਆਮ ਹੀ ਵੇਖੇ ਜਾਂਦੇ ਹਨ ਕਿਰਪਾ ਕਰੋ ਤੇ ਇਸ ਤਰਾਂ ਇਕੱਲੇ ਜੰਗਲ ਵਿਚ ਨਾਂ ਬੈਠਿਆ ਕਰੋ। ਹੋਰ ਵੀ ਕਈ ਬਲਾਵਾਂ ਹਨ।

ਇਹ ਸੁਣ ਗੁਰੂ ਸਾਹਿਬ ਫਿਰ ਇਕ ਬੰਨੇ ਤੇ ਬਹਿ ਗਏ ਤੇ ਸ਼ਬਦ ਸ਼ੁਰੂ ਕਰ ਦਿੱਤਾ।

ਗਉੜੀ ਮਹਲਾ ੧ ॥ ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥ ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥ ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥ ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥੩॥ ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥**

ਗੁਰੂ ਸਾਹਿਬ ਨੇ ਫਰਮਾਇਆ ਕਿ ਅਕਾਲ ਪੁਰਖ ਦੀ ਸਿਫਤ ਸਲਾਹ ਦੇ ਸ਼ਬਦ ਨੇ ਮੇਰੇ ਸਾਰੇ ਡਰ ਦੂਰ ਕਰ ਦਿੱਤੇ ਹੋਏ ਨੇ।

-----◈-----

## 'ਸਭਿ ਨਾਦ ਬੇਦ ਗੁਰਬਾਣੀ'⊙⬩

ਗੁਰੂ ਸਾਹਿਬ ਕਰਤਾਰਪੁਰ ਸਾਹਿਬ ਬਿਰਾਜਮਾਨ ਸਨ ਕਿ ਇਕ ਜੋਗੀਆਂ ਦਾ ਟੋਲਾ ਆ ਪਹੁੰਚਿਆ। ਇਨਾਂ ਜੋਗੀਆਂ ਵਿਚੋ ਇਕ ਜੋਗੀ ਗੁਰੂ ਸਾਹਿਬ ਦੀ ਸੰਗਤ ਪਹਿਲਾਂ ਕਰ ਚੁੱਕਾ ਸੀ ਅਤੇ ਜਦੋਂ ਦੂਸਰੇ ਸਾਥੀ ਜੋਗੀਆਂ ਵਿਚ ਨਾਮ ਦਾ ਪ੍ਰਚਾਰ ਕੀਤਾ ਤਾਂ ਅਗਲੇ ਵਿਰੋਧ ਵਿਚ ਆ ਗਏ। ਵਿਰੋਧੀਆਂ ਦਾ ਕਹਿਣਾ ਸੀ ਕਿ ਨਾਮ ਜਪਣ ਨਾਲ ਅਨਹਦ ਧੁੰਨ ਕਿਵੇ ਵੱਜੇਗੀ ਤੇ ਜੋਤ ਦਾ ਪ੍ਰਕਾਸ਼ ਕਿਵੇ ਹੋਵੇਗਾ। ਕਿਉਕਿ ਜੋਗੀ ਲੋਕ 'ਨਾਦ ਜੋਤ' ਨੂੰ ਹੀ ਸਭ ਕੁਝ ਸਮਝ ਲੈਂਦੇ ਨੇ।

ਲੰਗਰ ਪਾਣੀ ਛੱਕਣ ਤੋਂ ਬਾਦ ਗੁਰਸਿੱਖ ਜੋਗੀ ਨੇ ਜਾ ਗੁਰੂ ਸਾਹਿਬ ਕੋਲ ਅਰਜ ਕੀਤੀ ਕਿ ਬਾਕੀ ਜੋਗੀ ਆ ਬਹਿਸ ਬਾਜੀ ਕਰਦੇ ਨੇ ਕਿ 'ਨਾਦ-ਜੋਤ' ਨਾਮ ਨਾਲ ਕਿਵੇ ਪ੍ਰਗਟ ਹੋ ਜਾਏਗੀ ਬਿਨਾਂ ਧਿਆਨ ਲਾਇਆ?

ਗੁਰੂ ਸਾਹਿਬ ਨੇ ਸਮਝਾਇਆ ਕਿ ਜਦੋਂ ਤੁਹਾਡੀ ਹਉਮੈ ਘਟ ਜਾਵੇਗੀ ਤਾਂ ਬਹੁਤ ਚਮਤਕਾਰ ਹੋਣਗੇ। ਬਸ ਪਿੱਛਲੀਆਂ ਗੱਲਾਂ ਛੱਡ ਕੇ ਨਾਮ ਦੇ ਲੜ ਲੱਗ ਜਾਓ। ਤੁਹਾਡੇ ਨਾਦ ਜੋਤ ਵੀ ਪ੍ਰਗਟ ਹੋ ਜਾਏਗੀ। ਗੁਰਬਾਣੀ ਭਾਵ ਨਾਮ ਵਿਚ ਸਭਿ ਕੁਝ ਆ ਜਾਂਦਾ ਹੈ। ਸਾਹਿਬ ਨੇ ਸ਼ਬਦ ਰਚਿਆ ਜੋ ਸਾਰੀ ਸੰਗਤ ਨਾਲ ਰਲ ਕੇ ਗਾਇਆ:-

ਰਾਮਕਲੀ ਮਹਲਾ ੧ ॥ ਜਾ ਹਰਿ ਪ੍ਰਭਿ ਕਿਰਪਾ ਧਾਰੀ ॥ ਤਾ ਹਉਮੈ ਵਿਚਹੁ ਮਾਰੀ ॥ ਸੋ ਸੇਵਕਿ ਰਾਮ ਪਿਆਰੀ ॥ ਜੋ ਗੁਰ ਸਬਦੀ ਬੀਚਾਰੀ ॥੧॥ ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ

ਪੈੜ ਸਰੋਤ

⬩ਸੋਢੀ 2-309, ● ਸੋਢੀ:2 ਅਨੁਸਾਰ, ⊙ ਸੋਢੀ 2-242, ■ ਬੀ 40-96 ਅਤੇ ਸੋਢੀ 2- 1144, ਸਿੱਖੀ ਦਾ ਸਿਧਾਂਤ ਹੈ ਕਿ ਜਿਹੜਾ ਸੱਚੇ ਦਿੱਲੋਂ ਗੁਰੂ ਨਾਨਕ ਦੇ ਪੰਥ ਵਿਚ ਸ਼ਾਮਲ ਹੋ ਗਇਆ ਉਹ ਜੀਵਨ ਮੁੱਕਤ ਹੋ ਜਾਵੇਗਾ। ਤਾਂ ਹੀ ਤੇ ਪੰਚਮ ਪਾਤਸ਼ਾਹ ਨੇ ਇਹ ਸ਼ਬਦ ਕਿਹਾ ਸੀ:- "ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥"

○ ਸੋਢੀ 2-145, *ਸੋਢੀ 2- 304, Glossary-Tribes & Castes-H.A.Rose-II, ◘ ਸੋਢੀ 2-246, ✚ਸੋਢੀ ਅਨੁਸਾਰ, ⬩⬩ਸੋਢੀ 2- 361, **ਸੋਢੀ 2- 424, ⊙⬩ਸੋਢੀ 2- 365ਅਤੇ ਸੋਢੀ 2- 367

॥੧॥ ਰਹਾਉ ॥ ਧੁਨਿ ਵਾਜੇ ਅਨਹਦ ਘੋਰਾ ॥ ਮਨੁ ਮਾਨਿਆ ਹਰਿ ਰਸਿ ਮੋਰਾ ॥ ਗੁਰ ਪੂਰੈ ਸਚੁ ਸਮਾਇਆ ॥ ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥ ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥ ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥ ਜਹ ਆਪੁ ਗਇਆ ਭਉ ਭਾਗਾ ॥ ਗੁਰ ਚਰਣੀ ਸੇਵਕੁ ਲਾਗਾ ॥ ਗੁਰਿ ਸਤਿਗੁਰਿ ਭਰਮੁ ਚੁਕਾਇਆ ॥ ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥

ਇਸ ਦੇ ਬਾਵਜੂਦ ਇਕ ਜੋਗੀ ਸਿਰ ਅੜਾਈ ਹੀ ਜਾ ਰਿਹਾ ਸੀ ਅਖੇ ਜੀ ਗ੍ਰਿਸਤ ਵਿਚ ਰਹਿ ਕੇ ਨਾਦ-ਜੋਤ ਕਿਵੇ ਪ੍ਰਗਟ ਹੋ ਸਕਦੀ ਹੈ। ਗੁਰੂ ਸਾਹਿਬ ਨੇ ਉਨੂੰ ਬਹੁਤ ਪ੍ਰੇਮ ਪੂਰਬਕ ਸਮਝਾਇਆ ਕਿ ਵੇਖ ਭਾਈ ਕਪੜੇ ਲੀੜੇ ਖਾਣ ਭੋਜਨ ਵਾਸਤੇ ਤੂੰ ਗ੍ਰਿਸਤੀ ਦੇ ਘਰ ਹਾਜਰ ਹੋ ਜਾਂਦਾ ਹੈ। ਫਿਰ ਗ੍ਰਿਸਤ ਕਿਧਰੋਂ ਮਾੜਾ ਹੋ ਗਿਆ। ਗ੍ਰਿਸਤ ਤਾਂ ਸਗੋਂ ਸਨਿਆਸ ਨਾਲੋਂ ਉਤਮ ਹੋ ਗਿਆ। ਸਾਹਿਬ ਨੇ ਫਿਰ ਸ਼ਬਦ ਰਚਿਆ ਤੇ ਸੰਗਤ ਦੀ ਸ਼ਮੂਲੀਅਤ ਨਾਲ ਗਾਇਆ:-

ਰਾਮਕਲੀ ਮਹਲਾ ੧ ॥ ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੁਸਟ ਜਲੈ ਦੁਖੁ ਆਗੈ ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ਜੋਗੀ ਜੁਗਤਿ ਸਹਜ ਘਰਿ ਵਾਸੈ ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥ ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥ ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥ ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥ ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥

ਹਰ ਕੋਈ ਧੰਨ ਗੁਰੂ ਨਾਨਕ, ਵਾਹਿਗੁਰੂ..ਕਹਿ ਰਿਹਾ ਸੀ।

-----◆-----

## ਨਿਰੰਕਾਰ ਨਾਲ ਪ੍ਰੀਤ ਅਜਿਹੀ ਹੋਵੇ ਜਿਵੇ ਮੱਛੀ ਦੀ ਪਾਣੀ ਨਾਲ ਹੈ*

ਗੁਰੂ ਸਾਹਿਬ ਰਾਵੀ ਦੇ ਕੰਢੇ ਬੈਠੇ ਸਨ। ਇਕ ਛੋਟੀ ਜਿਹੀ ਮੱਛੀ ਪਾਣੀ ਵਿਚ ਛਾਲਾਂ ਮਾਰ ਰਹੀ ਸੀ ਕਿ ਭੁੜਕਦੀ ਭੁੜਕਦੀ ਪਾਣੀਓ ਬਾਹਰ ਰੇਤੇ ਤੇ ਆ ਡਿੱਗੀ। ਗੁਰੂ ਸਾਹਿਬ ਨੇ ਹੁਕਮ ਕਰਕੇ ਮੱਛੀ ਵਾਪਸ ਪਾਣੀ ਵਿਚ ਸੁਟਾ ਦਿੱਤੀ। ਨਾਲ ਬੈਠੇ ਸਿੱਖਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਨਿਰੰਕਾਰ ਸਾਡੇ ਤੇ ਐਸੀ ਬਖਸ਼ਸ਼ ਕਰੇ ਕਿ ਸਾਡੀ ਅਕਾਲ ਪੁਰਖ ਨਾਲ ਅਜਿਹੀ ਪ੍ਰੀਤ ਹੋ ਜਾਏ ਜਿਵੇ ਮੱਛੀ ਦੀ ਪਾਣੀ ਨਾਲ ਹੈ। ਜੇ ਨਿਰੰਕਾਰ ਨੂੰ ਯਾਦ ਨਾਂ ਕਰੀਏ ਤੇ ਓਸੇ ਪਲ ਸਾਡੀ ਮੌਤ ਹੋਵੇ। ਗੁਰੂ ਸਾਹਿਬ ਨੇ ਹੋਰ ਕਿਹਾ ਕਿ ਵੇਖੋ ਨਾਂ ਮਾਇਆਧਾਰੀ ਬੰਦਾ ਮਾਇਆ ਤੋਂ ਵਿਛੜ ਕੇ ਕਿਵੇ ਮਰ ਮਰ ਜਾਂਦਾ ਹੈ ਅਜਿਹੀ ਪ੍ਰੀਤ ਸਾਡੀ ਰੱਬ ਨਾਲ ਕਿਓ ਨਹੀ ਬਣ ਪਾਉਦੀ?

ਸਾਹਿਬ ਰਾਵੀ ਕੰਢੇ ਹੀ ਸ਼ੁਰੂ ਹੋ ਗਏ। ਉੱਚੀ ਸੁਰ ਵਿਚ ਤੇ ਸ਼ਬਦ ਰਚਿਆ:

ਸੋਰਠਿ ਮਹਲਾ ੧ ॥ ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੇਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥ ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥ ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥

-----◆-----

## "ਬਾਬਾ ਜੀ ਅਸੀ ਜਾਂਦੇ" ਮੇਰਾ ਮੰਨ ਨਹੀ ਇਨਾਂ ਗੱਲਾਂ ਵਿਚ ਲੱਗਦਾ।•

ਇਕ ਜੋਗੀਆਂ ਦਾ ਸ਼ਰਧਾਲੂ ਕੁਝ ਦਿਨਾਂ ਤੋਂ ਕਰਤਾਰਪੁਰ ਸਾਹਿਬ ਰਹਿ ਰਿਹਾ ਸੀ। ਪਹਿਲਾਂ ਇਹ ਤ੍ਰਿਕੁੱਟੀ ਤੇ ਧਿਆਨ ਵੀ ਲਾਇਆ ਕਰਦਾ ਹੁੰਦਾ ਸੀ। ਗੁਰੂ ਸਾਹਿਬ ਨਾਲ ਇਸ ਦੀ ਪੁਰਾਣੀ ਜਾਣ ਪਛਾਣ ਸੀ। ਪਰ ਅੱਜ ਕੁਝ ਕਾਹਲਾ ਪੈ ਗਇਆ ਕਿ ਕਿਹੜੇ ਗੋਰਖ ਧੰਧੇ ਵਿਚ ਮੈਂ ਲੱਗ ਗਇਆ ਹਾਂ: ਨਾਮ! ਨਾਮ!! ਨਾਮ!!!।

"ਕਹਿਣ ਲੱਗਾ ਬਾਬਾ ਮੇਰੇ ਕੋਲ ਨਹੀ ਇਹ ਅਜਾਬ ਹੁੰਦਾ। ਮੈਂ ਚਲਿਆ। "

ਗੁਰੂ ਸਾਹਿਬ ਨੇ ਸਾਰੀ ਸੰਗਤ ਵਿਚ ਉਸ ਨੂੰ ਸਮਝਾਇਆ ਕਿ ਜਦੋਂ ਅਸੀ ਨਾਮ ਜਪਦੇ ਹਾਂ ਰੱਬ ਤੇ ਕੋਈ ਅਹਿਸਾਨ ਨਹੀ ਕਰਦੇ। ਇਹ ਤਾਂ ਪ੍ਰੇਮ ਦਾ ਮਾਰਗ ਆ। ਫਿਰ ਜਿਵੇ ਇਹ ਬੰਦਾ ਕਹਿ ਰਿਹਾ ਸੀ ਕਿ ਧਿਆਨ ਨਹੀ ਬੱਝਦਾ। ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੱਚ ਬਾਰੇ ਸੋਚੋ ਆਪੇ ਧਿਆਨ ਲੱਗ ਜਾਏਗਾ। ਆਪਣੀ ਅਸਲੀਅਤ ਸੋਚੋ। ਆਪਣੇ ਅੰਤ ਸਮੇਂ ਬਾਰੇ ਸੋਚੋ। ਵੇਖੋ ਫਿਰ ਕਿੱਢੀ ਛੇਤੀ ਮਾਇਆ ਮੋਹ ਤੋਂ ਛੁਟਕਾਰਾ ਹੁੰਦਾ ਹੈ। ਭਾਈ ਕਰਤੇ ਦੀ ਖੇਡ ਨੂੰ ਪਛਾਣੋ। ਹਉਮੈ ਦੇ ਪਸਾਰੇ ਨੂੰ ਪਛਾਣੋ। ਗੁਰੂ ਸਾਹਿਬ ਦਾ ਕੁਝ ਅਜਿਹਾ ਸਮਝਾਉਣਾ ਹੋਇਆ ਕਿ ਗਿਆਨੀ ਧਿਆਨੀ ਹੁਣ ਨਿਮਰਤਾ ਵਿਚ ਆ ਚੁੱਕਾ ਸੀ। ਹੰਕਾਰ ਛੁੱਟ ਗਿਆ।

ਗੁਰੂ ਸਾਹਿਬ ਨੇ ਦੀਵਾਨ ਵਿਚ ਬੈਠੀ ਸਾਰੀ ਸੰਗਤ ਦੀ ਸ਼ਮੂਲੀਅਤ ਨਾਲ ਸ਼ਬਦ ਗਾਵਿਆ:

ਗਉੜੀ ਮਹਲਾ ੧ ॥ ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥

ਗਿਆਨੀ ਧਿਆਨੀ ਬੰਦੇ ਦਾ ਹੰਕਾਰ ਦੂਰ ਹੋ ਚੁੱਕਾ ਸੀ। ਅੱਖਾਂ ਵਿਚ ਹੰਝੂ। ਕਹਿਣ ਲੱਗਾ ਬਾਬਾ ਬੱਸ ਮੈਂ ਤੇਰਾ। ਮਾਰ ਭਾਵੇ ਰੱਖ। ਵਾਹਿਗੁਰੂ ਵਾਹਿਗੁਰੂ!

-----◆-----

## 'ਬਾਬਾ ਸੱਚੀ ਸੱਚੀ ਦੱਸੀ ਤੂੰ ਰੱਬ ਵੇਖਿਐ? ਉਹ ਕਿਹੋ ਜਿਹਾ ਹੈ?'•

ਗੁਰੂ ਸਾਹਿਬ ਕਰਤਾਰਪੁਰ ਵਿਖੇ ਸਨ ਕਿ ਇਕ ਦਿਨ ਇਕ ਬਜੁਰਗ ਵੈਸ਼ਨੋ ਭਗਤ ਜਿਹਲਮ ਇਲਾਕੇ ਦੇ ਕਿਸੇ ਸ਼ਹਿਰੋ ਚਲ ਆਇਆ। ਸੇਵਾਦਾਰਾਂ ਆਓ ਭਗਤ ਕੀਤੀ। ਲੰਗਰ ਪਾਣੀ ਛਕਾਇਆ। ਕਹਿਣ ਲੱਗਾ ਮੈਨੂੰ ਗੁਰੂ ਨਾਨਕ ਨਾਲ ਮਿਲਾਓ। ਸੇਵਾਦਾਰਾਂ ਕਿਹਾ ਕਿ ਹੁਣ ਸ਼ਾਮ ਦੇ ਦੀਵਾਨ ਵਿਚ ਹਾਜਰੀ ਭਰਨਾਂ ਤੇ ਖੁੱਲ ਕੇ ਗੁਰੂ ਸਾਹਿਬ ਨਾਲ ਗਲ ਕਰਨਾਂ।

ਦੀਵਾਨ ਵੇਲੇ ਫਿਰ ਭਗਤ ਹਾਜਰ ਹੋਇਆ ਤੇ ਖੜਾ ਹੋ ਕੇ

ਨਮਸਕਾਰ ਕਰਨ ਤੋਂ ਬਾਦ ਅਰਜੋਈ ਕਰਨ ਲੱਗਾ ਕਿ ਬਾਬਾ ਜੀ ਤੇਰੀ ਚੁਫੇਰੇ ਉਪਮਾ ਹੈ ਕਿ ਤੁਸੀ ਰੱਬ ਨੂੰ ਮਿਲੇ ਹੋ। ਮੈਂ ਇਲਾਕੇ ਵਿਚ ਪ੍ਰਚਲਤ ਲੱਗ ਪਗ ਸਾਰੇ ਧਾਰਮਿਕ ਗ੍ਰੰਥ ਪੜੇ ਨੇ ਵੇਦਾਂ ਤੋਂ ਲੈ ਕੇ ਸਿਮ੍ਰਤੀਆਂ, ਪੁਰਾਨ ਆਦਿ ਇਥੋ ਤੱਕ ਮੈਂ ਸਾਮੀ ਮਜ੍ਹਬਾਂ ਦੇ ਗਰੰਥ ਕੁਰਾਨ ਆਦਿ ਵੀ ਪੜਿਆਂ ਹਾਂ। ਮੇਰੇ ਮੰਨ ਵਿਚ ਰੱਬ ਬਾਰੇ ਜਾਨਣ ਦੀ ਇਛਾ ਹੈ। ਦੁਨੀਆ ਕਹਿ ਰਹੀ ਹੈ ਕਿ ਬਾਬੇ ਨਾਨਕ ਨੇ ਰੱਬ ਵੇਖਿਆ ਹੈ ਕਿਰਪਾ ਕਰਕੇ ਦੱਸੋ ਕਿ ਉਹ ਕਿਹੋ ਜਿਹਾ ਹੈ?

ਗੁਰੂ ਸਾਹਿਬ ਨੇ ਕਿਹਾ ਕਿ ਬਲਿਹਾਰ ਜਾਨਾ ਵਾਂ ਉਸ ਆਤਮਾ ਤੋਂ ਜਿਸ ਨੂੰ ਨਿਰੰਕਾਰ ਬਾਰੇ ਜਾਨਣ ਦੀ ਅਭਿਲਾਖਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਬਹੁਤੀ ਦੁਨੀਆ ਧਾਰਮਿਕ ਹੋਣ ਦਾ ਵੇਖੋ ਵੇਖੀ ਭੇਖ ਕਰਦੀ ਹੈ ਪਰ ਕਦੀ ਪੈਦਾ ਕਰਨ ਵਾਲੇ ਬਾਬਤ ਸੋਚਦੇ ਘੱਟ ਹੀ ਹਨ।

ਗੁਰੂ ਸਾਹਿਬ ਨੇ ਕਿਹਾ 'ਹਾਂ ਮੈਂ ਭਾਗਾਂ ਵਾਲਾ ਹਾਂ ਮੈਂ ਸਰਬਵਿਆਪਕ ਅਕਾਲ ਪੁਰਖ ਦੇ ਸਾਖਸ਼ਾਤ ਦਰਸ਼ਨ ਕਰਦਾਂ ਹਾਂ। ਮੈਨੂੰ ਤੁਹਾਡੇ ਵਿਚੋਂ ਵੀ ਉਸ ਦੇ ਦਰਸ਼ਨ ਹੋ ਰਹੇ ਨੇ। ਮੈਂ ਨਿਰਗੁਣ ਬ੍ਰਹਮ ਨੂੰ ਸਰਗੁਣ ਰੂਪ ਵਿਚ ਉਹਦੀ ਰਚਨਾ ਰਾਂਹੀ ਵੇਖਦਾ ਹਾਂ। ਉਹ ਬੜਾ ਕਿਰਪਾਲੂ ਹੈ। ਉਹ ਸਾਡੀ ਸੁਣਦਾ ਹੈ। ਉਹ ਸਾਡੀਆਂ ਅਰਦਾਸਾਂ ਦਾ ਜਵਾਬ ਦਿੰਦਾ ਹੈ। ਉਹ ਹਰ ਥਾਂ ਬਰਾਜਮਾਨ ਹੈ। ਪੂਰੇ ਬ੍ਰਹਮੰਡ ਵਿਚ ਉਸ ਤੋਂ ਸੁੰਨੀ ਕੋਈ ਥਾਂ ਨਹੀ। ਉਨੂੰ ਤੁਸੀ ਏਥੇ ਵੀ ਮਹਿਸੂਸ ਕਰ ਸਕਦੇ ਹੋ ਤੇ ਦੂਰ ਬਿਸੀਅਰ ਦੇਸ ਤੇ ਮੱਕੇ ਮਦੀਨੇ ਬਗਦਾਦ ਵਿਚ ਵੀ। ਉਹ ਕੁਝ ਅਜਿਹਾ ਹੀ ਮਾਲਕ ਹੈ। ਸੱਚੀ ਗਲ ਹੈ ਉਹਨੂੰ ਬਿਆਨ ਕਰਨਾਂ ਵੀ ਸੰਭਵ ਨਹੀ। ਉਹਦੇ ਦਰਸ਼ਨ ਸਿਰਫ ਉਹਦੀ ਰਚਨਾ ਵਿਚੋ ਹੀ ਹਨ।

ਸਾਖਸ਼ਾਤ ਦਰਸ਼ਨ ਓਥੇ ਹੋਣੇ ਹਨ ਜਿੱਥੇ ਬੰਦਾ ਸੱਚ ਵਿਚ ਆ ਗਇਆ ਹੈ। ਹਾਂ ਜਿੱਥੇ ਉਹ ਪ੍ਰਗਟ ਹੁੰਦਾ ਹੈ ਉਹਦੀ ਨਿਸ਼ਾਨੀ ਸੱਚ ਹੈ। ਓਥੇ ਫਿਰ ਨਿਰੰਕਾਰ ਦੀ ਉਪਮਾ ਦਾ ਪ੍ਰਵਾਹ ਚਲਦਾ ਹੈ (ਸਾਚੈ ਸਬਦਿ ਨੀਸਾਣੁ) ਗੁਰੂ ਸਾਹਿਬ ਤੇ ਸੰਗਤ ਨੇ ਰਲ ਕੇ ਸਬਦ ਗਾਵਿਆ:-

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥

ਮੁਕਦੀ ਗਲ ਕਿ ਜਿਹੜਾ ਬੰਦਾ ਸੱਚ ਦਾ ਧਾਰਨੀ ਹੋ ਜਾਂਦਾ ਹੈ ਉਨੂੰ ਘਟ ਘਟ ਵਿਚ ਨਿਰੰਕਾਰ ਦੇ ਦਰਸ਼ਨ ਹੁੰਦੇ ਹਨ।

-----◈-----

## ਭਾਈ ਲਹਿਣੇ ਨੇ ਪੁੱਛਿਆ "ਗੁਰੂ ਜੀ ਅੰਮ੍ਰਿਤ ਵੇਲੇ ਤੇ ਇਨਾ ਜੋਰ ਕਿਓ ਦਿੰਦੇ ਹੋ?"

### ਜਵਾਬ– ਸੱਟ ਓਦੋਂ ਮਾਰੋ ਜਦੋਂ ਲੋਹਾ ਗਰਮ ਹੋਵੇ।⊙

ਓਦੋਂ ਦੀ ਗਲ ਹੈ ਜਦੋਂ ਗੁਰੂ ਸਾਹਿਬ ਲਹੌਰੋਂ ਵਾਪਸ ਕਰਤਾਰਪੁਰ ਆਏ ਸਨ। ਹਾੜ ਦਾ ਮਹੀਨਾ ਸੀ। ਰਾਤ ਮਸਾਂ ਢਾਈ ਪਹਿਰਾਂ ਦੀ ਹੁੰਦੀ ਹੈ। ਪਹਿਰ ਰਾਤ ਰਹਿੰਦੀ ਨੂੰ ਹੀ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਜਗਾ ਲਿਆ। ਇਸ਼ਨਾਨ ਕੀਤਾ। ਕਪੜੇ ਪਾਏ ਤੇ ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਹੋਰ ਬਾਣੀਆਂ ਪੜ੍ਹਨ ਲੱਗ ਪਏ।

ਰੋਜ ਦੀ ਤਰਾਂ ਭਾਈ ਲਹਿਣੇ ਦੇ ਮੰਨ ਵਿਚ ਬਾਰ ਬਾਰ ਸਵਾਲ ਉਠ ਰਹੇ ਸਨ ਕਿ ਕੀ ਵਜਾ ਹੈ ਗੁਰੂ ਸਾਹਿਬ ਮਨੇਰੇ ਉੱਠਣ ਨੂੰ ਕਿਓ ਜਿਆਦਾ ਤਰਜੀਹ ਦਿੰਦੇ ਹਨ? ਆਖਿਰ ਜਦੋਂ ਗੁਰੂ ਸਾਹਿਬ ਵਿਹਲੇ ਹੋਏ ਤਾਂ ਭਾਈ ਲਹਿਣੇ ਨੇ ਸਵਾਲ ਕਰ ਦਿੱਤਾ ਕਿ ਗੁਰੂ ਜੀ ਕਿੱਢਾ ਵੱਡਾ ਦਿਨ ਹੁੰਦਾ ਹੈ ਤੁਸੀ ਮਨ੍ਹੇਰ ਸਾਰ ਹੀ ਕਿਓ ਉਠਦੇ ਹੋ?

ਇਹ ਸਵਾਲ ਕਰਨ ਤੇ, ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸ਼ਾਬਾਸ਼ ਦਿੱਤੀ ਫਿਰ ਦੁਹਰਾਇਆ ਕਿ ਜੋ ਵੀ ਮੰਨ ਵਿਚ ਗਲ ਆਏ ਜਰੂਰ ਪੁੱਛਿਆ ਕਰ।

ਫਿਰ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਭਰੇ ਦੀਵਾਨ ਵਿਚ ਸਮਝਾਇਆ ਕਿ ਮਨ੍ਹੇਰੇ ਉਠਣਾ ਨਿਰੰਕਾਰ ਦੇ ਪ੍ਰੇਮੀਆਂ ਲਈ ਕਿਓ ਜਰੂਰੀ ਹੈ?

ਸਾਹਿਬ ਨੇ ਦੱਸਿਆ ਕਿ ਮਨ੍ਹੇਰੇ ਭਾਵ ਪਹਿਰ ਰਾਤ ਰਹਿੰਦੀ ਜਦੋਂ ਅਸੀ ਸੁੱਤੇ ਉਠਦੇ ਹਾਂ ਤਾਂ ਸਾਡੇ ਮਨ ਦੀਆਂ ਤਰੰਗਾਂ ਬੱਝੀਆਂ ਹੁੰਦੀਆਂ ਹਨ। ਦਿਨ ਵੇਲੇ ਸਾਡਾ ਧਿਆਨ ਕਈ ਪਾਸੇ ਖਿੱਲਰਦਾ ਹੈ ਜਿਸ ਕਾਰਨ ਅਸੀ ਨਿਰੰਕਾਰ ਦੀ ਉਪਮਾ ਵਲ ਧਿਆਨ ਨਹੀ ਦੇ ਪਾਉਦੇ। ਗੁਰੂ ਸਾਹਿਬ ਨੇ ਕਿਹਾ ਕਿ ਬਾਦਸ਼ਾਹ ਉਹ ਬਣਦੇ ਹਨ ਜੋ ਐਨ ਵਕਤ ਤੇ ਜੂਝਦੇ ਹਨ। ਭਾਵ ਓਦੋਂ ਸੱਟ ਮਾਰਦੇ ਹਨ ਜਦੋਂ ਲੋਹਾ ਗਰਮ ਹੁੰਦੈ। ਜੇ ਤੁਸੀ ਨਿਰੰਕਾਰ ਵਲ ਧਿਆਨ ਕਰਨਾਂ ਤਾਂ ਮਨ੍ਹੇਰ ਭਾਵ ਅੰਮ੍ਰਿਤ ਵੇਲਾ ਸਭ ਤੋਂ ਉੱਤਮ।

ਸੁਸਤੀ ਲਾਹੁੰਣ ਲਈ ਇਸ਼ਨਾਨ ਜਰੂਰੀ ਹੈ ਅਤੇ ਫਿਰ ਸਿਫਤ ਸਾਲਾਹ ਤੇ ਇਕਾਗਰ ਮਨ ਜਰੂਰੀ ਹੈ।

ਗੁਰੂ ਸਾਹਿਬ ਨੇ ਭਰੇ ਦੀਵਾਨ ਵਿਚ ਫਿਰ ਸ਼ਬਦ ਗਾਵਿਆ:-

ਸਲੋਕੁ ਮਃ ੧ ॥ ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥

ਇਸ ਮੌਕੇ ਫਿਰ ਭਾਈ ਲਹਿਣੇ ਨੇ ਵੀ ਕੁਝ ਸਤਰਾਂ ਕਹੀਆਂ।

ਮਃ ੨ ॥ ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥ ਕਰਮਿ ਪੂਰੈ ਪੂਰਾ ਗੁਰੁ ਪੂਰਾ ਜਾ ਕਾ ਬੋਲੁ ॥ ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥

ਜਿਵੇ ਭਾਈ ਲਹਿਣੇ ਨੇ ਇਹ ਬਾਣੀ ਕਹੀ ਗੁਰੂ ਸਾਹਿਬ ਗੱਦ ਗੱਦ ਹੋ ਉਠੇ।

ਉਪਰੰਤ ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਅਹਿਮੀਅਤ ਤੇ ਵਖਿਆਨ ਕਰ ਰਹੇ ਸਨ ਕਿ ਭਾਈ ਲਹਿਣੇ ਨੇ ਇਕ ਸਲੋਕ ਹੋਰ ਕਹਿ ਕੇ ਗੁਰੂ ਸਾਹਿਬ ਨੂੰ ਪ੍ਰਸੰਨ ਕਰ ਦਿੱਤਾ:

ਸਲੋਕ ਮਃ ੨ ॥ ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

ਸਤਿ ਕਰਤਾਰ, ਸਤਿਨਾਮ, ਵਾਹਿਗੁਰੂ ਵਾਹਿਗੁਰੂ ਦੀ ਗੂੰਜ ਨਾਲ ਬੇਲਾ ਝੂਮ ਉਠਿਆ ਸੀ।

-----◈-----

## ਜਦੋਂ ਕਰਤਾਰਪੁਰ ਦੇ ਥੜੇ ਤੇ ਗਵੱਈਆਂ ਨੇ ਕਬਜ਼ਾ ਕਰ ਲਿਆ■

ਕਰਤਾਰਪੁਰ ਉਂਜ ਤਾਂ ਹਰ ਵੇਲੇ ਲੋਕਾਂ ਦੀ ਭੀੜ ਰਹਿੰਦੀ ਸੀ ਪਰ ਮੱਸਿਆ, ਪੁੰਨਿਆ ਤੇ ਸੰਗਰਾਂਦ ਵਾਲੇ ਦਿਨ ਰੌਣਕਾਂ ਹਜਾਰਾਂ ਵਿਚ ਹੋ ਜਾਂਦੀਆਂ ਸਨ। ਇਕ ਦਿਨ ਪੁੰਨਿਆ ਦੇ ਮੌਕੇ ਦੀਵਾਨ ਸੱਜੇ ਹੋਏ ਸਨ ਕਿ ਰਾਸ ਧਾਰੀਆਂ ਜਿਹੇ ਗਵੱਈਆਂ ਦਾ ਇਕ ਜੱਥਾ ਪਿੱਛੋਂ ਹੀ ਗੋਂਦ ਗੁੰਦ ਕੇ ਦੀਵਾਨ ਵਿਚ ਹਾਜਰ ਹੋਇਆ। ਜਥੇ ਦੇ ਮੁਖੀ ਨੇ ਭਾਈ ਲਹਿਣੇ ਨੂੰ ਬੇਨਤੀ ਕੀਤੀ ਕਿ ਉਸਨੂੰ ਵੀ ਥੜੇ (ਸਟੇਜ) ਤੇ ਟਾਈਮ ਦਿੱਤਾ ਜਾਵੇ। ਭਾਈ ਲਹਿਣੇ ਨੇ ਕਿਹਾ ਕਿ ਅਸੀ ਇਥੇ ਸਿਰਫ ਇਕ ਨਿਰੰਕਾਰ ਰੱਬ ਦੀ ਉਸਤਤ ਕਰਦੇ ਹਾਂ ਹੋਰ ਗੱਲਾਂ ਇਥੇ ਪ੍ਰਵਾਨ ਨਹੀ ਹਨ। ਪਰ ਮੁਖੀ ਨੇ ਬਹੁਤ ਹੀ ਪਿਆਰੀ ਹੇਕ ਲਾ ਕੇ ਇਕ ਦੋ ਸਤਰਾਂ ਜਿਵੇ ਸੁਣਾਈਆਂ ਤਾਂ ਭਾਈ ਲਹਿਣੇ ਨੂੰ ਉਨਾਂ ਦੇ ਜਥੇ ਨੂੰ ਕੀਰਤਨ ਦੀ ਇਜਾਜਤ ਦੇ ਦਿੱਤੀ।

ਰਾਸ ਧਾਰੀਆਂ ਨੇ ਪਹਿਲਾਂ ਤਾਂ ਥੋੜਾ ਸਮਾਂ ਰੱਬ ਦੀ ਉਸਤਤ ਵਿਚ ਲਾਇਆ ਤੇ ਤੁਰੰਤ ਬਾਦ ਕਿਸੇ ਅਖੌਤੀ ਸੂਰਬੀਰ ਦੀ ਮੁਕਾਮੀ ਵਾਰ ਸੁਣਾਉਣੀ ਸ਼ੁਰੂ ਕਰ ਦਿੱਤੀ। ਉਸ ਤੋਂ ਬਾਦ ਉਹ ਸਿੱਧਾ ਹੀ ਇਸ਼ਕ ਮਸ਼ੂਕੀ ਦੇ ਕਿੱਸੇ ਤੇ ਆ ਗਏ। ਭਾਈ ਲਹਿਣੇ ਨੇ ਜਿਵੇ ਉਨਾਂ ਨੂੰ ਟੋਕਿਆ ਤੇ ਥੜੇ ਤੋਂ ਥੱਲੇ ਉਤਰਨ ਦਾ ਹੁਕਮ ਕੀਤਾ ਤਾਂ ਸਰੋਤਿਆਂ ਵਿਚੋਂ ਕੁਝ ਨੇ ਭਾਈ ਸਾਹਿਬ ਨੂੰ ਟੋਕ ਦਿੱਤਾ ਕਿ ਇਨਾਂ ਨੂੰ ਗਾਉਣ ਦਿੱਤਾ ਜਾਵੇ। ਕਿਉਕਿ ਭੀੜ ਵਿਚ ਹਰ ਪ੍ਰਕਾਰ ਦੇ ਲੋਕ ਸਨ।

ਭਾਈ ਸਾਹਿਬ ਨੇ ਤੁਰੰਤ ਜਾ ਗੁਰੂ ਸਾਹਿਬ ਨੂੰ ਦੱਸਿਆ ਕਿ ਥੜੇ ਤੇ ਗਵੱਈਏ ਅਜਿਹੇ ਆ ਬੈਠੇ ਨੇ ਉਤਰਨ ਦਾ ਨਾਂ ਨਹੀ ਲੈ ਰਹੇ ਤੇ ਉਹ ਗੁਰਮਤ ਦੇ ਪ੍ਰਤੀਕੂਲ ਗੀਤ ਗਾ ਰਹੇ ਨੇ।

ਫਿਰ ਗੁਰੂ ਸਾਹਿਬ ਦੀਵਾਨ ਦੇ ਸਾਹਮਣੇ ਮੰਜਾ ਡਾਹ ਕੇ ਬੈਠ ਗਏ। ਸੰਗਤ ਵਿਚੋਂ ਲੋਕਾਂ ਨੇ ਉਠ ਗੁਰੂ ਸਾਹਿਬ ਵਲ ਦੌੜਨਾ ਸ਼ੁਰੂ ਕਰ ਦਿੱਤਾ ਕਿ ਆਪਣੇ ਦੁੱਖ ਤਕਲੀਫ ਦਾ ਗੁਰੂ ਸਾਹਿਬ ਤੋਂ ਨਿਵਾਰਨ ਕਰਵਾਇਆ ਜਾ ਸਕੇ। ਕਿਉਕਿ ਲੋਕ ਤਾਂ ਮੁਢਲੇ ਤੌਰ ਤੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ। ਪਲਾਂ ਵਿਚ ਦੀਵਾਨ ਵਿਚ ਹਫੜਾ ਦਫੜੀ ਮੱਚ ਗਈ। ਰਾਸਧਾਰੀਆਂ ਆਪਣੇ ਸਾਜ ਸਾਂਭੇ ਤੇ ਚਲਦੇ ਬਣੇ।

ਇਸ ਤੇ ਫਿਰ ਗੁਰੂ ਸਾਹਿਬ ਨੇ ਸੰਗਤ ਨੂੰ ਸੰਬੋਧਨ ਕੀਤਾ ਕਿ ਬੀਤੇ ਦੀਆਂ ਗੱਲਾਂ ਗੀਤਾਂ ਰਾਂਹੀ ਸੁਣਾ ਕੇ ਗਵੱਈਏ ਲੋਕਾਂ ਨੂੰ ਝੂਠ ਵਲ ਪ੍ਰੇਰਦੇ ਹਨ। ਨਿਰੰਕਾਰ ਦੇ ਅਭਿਲਾਖੀ ਗੁਰਮੁਖ ਪਿਆਰਿਓ ਓਨਾਂ ਗੀਤਾਂ ਕਥਾਵਾਂ ਤੋਂ ਦੂਰ ਰਹੋ ਜਿਨਾਂ ਕਰਕੇ ਤੁਹਾਡੀ ਹਉਮੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਉਤਸ਼ਾਹ ਮਿਲਦਾ ਹੋਵੇ। ਸਾਨੂੰ ਸਾਧ ਸੰਗਤ ਦੇ ਚਰਨਾਂ ਵਿਚ ਰਹਿਣਾ ਹਉਗਾ ਜੇ ਅਸੀ ਆਪਣੇ ਦੁੱਖ ਦਲਿਦ੍ਰ ਕੱਟਣੇ ਹਨ ਤਾਂ। ਸਾਰੀ ਸੰਗਤ ਨੇ ਸਾਹਿਬ ਦੇ ਨਾਲ ਰਲ ਕੇ ਇਹ ਸ਼ਬਦ ਗਾਵਿਆ।

ਆਸਾ ਮਹਲਾ ੧ ॥ ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥ ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥ ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥ ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥ ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥ ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥ ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥ ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥ ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥ ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥ ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥

-----◈-----

## ਠਰਕੀ ਬੰਦੇ ਦੀ ਝਾੜ○

ਕਰਤਾਰਪੁਰ ਸਾਹਿਬ ਧਰਮੀ ਬੰਦੇ ਅਕਸਰ ਪ੍ਰਵਾਰ ਸਮੇਤ ਆ ਜਾਇਆ ਕਰਦੇ ਸਨ। ਰੋਟੀ ਪਾਣੀ ਭਾਂਡਿਆਂ ਦੀ ਸੇਵਾ ਵਿਚ ਬੀਬੀਆਂ ਦਾ ਵੱਡਾ ਹਿੱਸਾ ਹੁੰਦਾ ਸੀ। ਇਕ ਵੇਰਾਂ ਇਕ ਬੀਬੀ ਨੇ ਕਿਸੇ ਬੰਦੇ ਦੀ ਗਲਤ ਹਰਕਤ ਦੀ ਸ਼ਕਾਇਤ ਆਪਣੇ ਪਤੀ ਕੋਲ ਕੀਤੀ। ਘਰਵਾਲੇ (ਪਤੀ) ਨੇ ਜਦੋਂ ਉਸ ਠਰਕੀ ਬੰਦੇ ਨੂੰ ਸਮਝਾਉਣਾ ਚਾਹਿਆ ਤਾਂ ਉਹ ਮਾਫੀ ਮੰਗਣ ਦੇ ਬਿਜਾਏ ਝਗੜਾ ਕਰਨ ਤੇ ਤੁਲ ਗਿਆ।

ਗਲ ਗੁਰੂ ਸਾਹਿਬ ਤੱਕ ਪਹੁੰਚੀ। ਗੁਰੂ ਸਾਹਿਬ ਅੱਗੇ ਵੀ ਉਹ ਬਹਿਸ ਕਰਨ ਲੱਗ ਪਿਆ। ਜਾਣੀ ਜਾਣ ਗੁਰੂ ਨੇ ਉਨੂੰ ਇਸ਼ਾਰੇ ਨਾਲ ਕਿਹਾ ਬੰਦਿਆ ਤੈਨੂੰ ਆਪਣੇ ਘਰ ਦੀ ਕੋਈ ਖਬਰ ਹੈ ਤੂੰ ਬਿਗਾਨੇ ਬਨੇਰਿਆਂ ਥਾਂਣੀ ਝਾਤੀਆਂ ਮਾਰਦਾ ਏ। ਇਸ ਤੋਂ ਪਹਿਲਾਂ ਕਿ ਉਸ ਦਾ ਪਾਜ ਵਿਚ ਸੰਗਤ ਦੇ ਖੁੱਲੇ ਉਹ ਗੁਰੂ ਸਾਹਿਬ ਦੇ ਪੈਰੀ ਪੈ ਗਇਆ ਤੇ ਅੱਗੇ ਤੋਂ ਅਜਿਹਾ ਗੁਨਾਹ ਕਰਨ ਦੀ ਤੋਬਾ ਕੀਤੀ।

ਇਸ ਪ੍ਰਥਾਇ ਵੀ ਗੁਰੂ ਸਾਹਿਬ ਨੇ ਫਿਰ ਸ਼ਬਦ ਰਚਿਆ ਤੇ ਸਾਰੀ ਸੰਗਤ ਨੂੰ ਨਾਲ ਲੈ ਕੇ ਉਚੀ ਸੁਰ ਵਿਚ ਗਾਇਆ:

ਸੋਰਠਿ ਮਹਲਾ ੧ ਪੰਚਪਦੇ ॥ ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥ ਮਨ ਰੇ ਸਮਝੁ ਕਵਨ ਮਤਿ ਲਾਗਾ ॥ ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥ ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥ ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥੨॥ ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥ ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥ ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥ ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥ ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥

ਓਥੇ ਫਿਰ ਹਰ ਕਿਸੇ ਨੇ ਮੰਨ ਹੀ ਮੰਨ ਵਿਚ ਕਸਮ ਖਾਧੀ ਕਿ ਆਨ ਰਸ ਛੱਡ ਕੇ ਸਭ ਹਰਿ ਰਸ ਦਾ ਸਵਾਦ ਚੱਖਾਂਗੇ। ਵਾਹਿਗੁਰੂ ਸਾਡੇ ਸਭ ਤੇ ਕਿਰਪਾ ਕਰਨ ਨਾਮ ਵਿਚ ਰਸ ਆਉਣਾ ਸ਼ੁਰੂ ਹੋਏ ਤੇ ਮੰਨ ਲੱਗੇ।

-----◈-----

## ਬਾਬਾ ਜੀ ਦੁੱਖ ਖਹਿੜਾ ਨਹੀ ਛੱਡ ਰਿਹਾ ਕੋਈ ਉਪਾਅ ਦੱਸੋ

ਕਰਤਾਰਪੁਰ ਵਿਖੇ ਜਦੋਂ ਗੁਰੂ ਸਾਹਿਬ ਬਰਾਜਮਾਨ ਸਨ ਤਾਂ ਇਕ ਬੰਦਾ ਦੀਵਾਨ ਵਿਚ ਹਾਜਰ ਹੋ ਕੇ ਗੁਰੂ ਸਾਹਿਬ ਅੱਗੇ ਫਰਿਆਦੀ ਹੋਇਆ। ਉਸ ਨੇ ਆਪਣੇ ਦੁੱਖਾਂ ਦੀ ਲੰਮੀ ਲੜੀ ਦੱਸੀ। ਕਹਿਣ ਲੱਗਾ ਗੁਰੂ ਸਾਹਿਬ ਕੋਈ ਉਪਾਅ ਦੱਸੋ। ਬ੍ਰਾਹਮਣ ਦੇ ਦੱਸੇ ਮੈਂ ਸਾਰੇ ਉਪਾਅ ਕਰ ਮਾਰੇ ਨੇ, ਪਰ ਦੁੱਖ ਮੇਰਾ ਖਹਿੜਾ ਨਹੀ ਛੱਡਦੇ।

ਗੁਰੂ ਸਾਹਿਬ ਨੇ ਦੀਵਾਨ ਵਿਚ ਸਾਰੀ ਸੰਗਤ ਨੂੰ ਸਮਝਾਇਆ ਕਿ ਜਿਹੜਾ ਨਾਮ ਦੇ ਲੜ ਲੱਗ ਜਾਏ ਉਹਦੇ ਦੁੱਖ ਦਲਿਦ੍ਰ ਕੱਟੇ ਜਾਂਦੇ ਨੇ। ਨਾਲ ਹੀ ਉਨਾਂ ਸਮਝਾਇਆ ਕਿ ਅਸੀ ਆਪਣੀ ਕਿਸਮਤ ਧੁਰੋਂ ਹੀ ਲਿਖਵਾ ਕੇ ਆਉਦੇ ਹਾਂ। ਦੁੱਖ ਤਕਲੀਫਾਂ ਜਾਂ ਸੁੱਖ ਸਾਡੇ ਜੀਵਨ ਵਿਚ ਆਉਣੇ ਹੀ ਆਉਣੇ ਨੇ। ਪਰ ਜੇ ਤੁਸੀ ਨਾਮ ਦੇ ਲੜ੍ਹ ਲੱਗੋਗੇ ਤਾਂ ਤੁਹਾਨੂੰ ਦੁੱਖ ਪੋਹੇਗਾ ਹੀ ਨਹੀ। ਦੁਨੀਆਂ ਦੀ ਨਜਰ ਵਿਚ ਤੁਸੀ ਦੁਖ ਪਾ ਰਹੇ ਹੋਵੋਂਗੇ ਪਰ ਤੁਹਾਡੀ ਅੰਤਰ ਆਤਮਾ ਚੜ੍ਹਦੀ ਕਲ੍ਹਾ ਵਿਚ ਹੋਵੇਗੀ। ਕਿਉਂਕਿ ਦੁੱਖ ਸੁੱਖ ਇਕ ਤਰਾਂ ਨਾਲ ਮਨ ਦੀ ਅਵਸਥਾ ਹੁੰਦੇ ਹਨ। ਜਦੋਂ ਤੁਸੀ ਘਟ ਘਟ ਨਿਰੰਕਾਰ ਦੀ ਜੋਤ ਵੇਖੋਗੇ ਤਾਂ ਦੁੱਖ ਦੀ ਥਾਂ ਤੁਹਾਨੂੰ ਅਨੰਦ ਦਾ ਆਭਾਸ ਹੋਵੇਗਾ। ਗੁਰਬਾਣੀ ਜਾਂ ਨਾਮ ਦੇ ਲੜ੍ਹ ਲਗਿਆਂ ਤੁਹਾਨੂੰ ਚੜ੍ਹਦੀ ਕਲ੍ਹਾ ਵਾਲੀ ਅਵਸਥਾ ਹਾਸਲ ਹੋਵੇਗੀ।

ਅੰਤ ਵਿਚ ਗੁਰੂ ਸਾਹਿਬ ਨੇ ਫਿਰ ਉਹ ਸ਼ਬਦ ਸੰਗਤ ਵਿਚ ਗਾਇਆ ਜਿਹੜਾ ਉਨਾਂ ਨੇ ਮਥਰਾ ਦੇ ਬ੍ਰਾਹਮਣਾਂ ਨੂੰ ਸੁਣਾਇਆ ਸੀ। :

ਸੋਰਠਿ ਮਹਲਾ ੧ ॥ ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥ ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥ ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥ ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥ ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

-----◈-----

## ਜਦੋਂ ਠੱਗ ਕਰਤਾਰਪੁਰ ਆ ਉਤਰੇ+

ਉਤਰ ਪ੍ਰਦੇਸ ਇਲਾਕੇ ਦੀ ਠੱਗੀ ਇਤਹਾਸ ਵਿਚ ਮਸ਼ਹੂਰ ਗਿਣੀ ਗਈ ਹੈ। ਮੁਗਲ ਹਕੂਮਤ ਵੇਲੇ ਇਹ ਜੋਰਾਂ ਤੇ ਸੀ ਅੰਗਰੇਜਾਂ ਦੇ ਰਾਜ ਤੱਕ ਇਹ ਪ੍ਰਚਲਤ ਰਹੀ ਹੈ। ਅੰਗਰੇਜਾਂ ਨੇ ਬੜੀ ਸਖਤੀ ਨਾਲ ਠੱਗੀ ਦਾ ਧੰਧਾ ਬੰਦ ਕਰਵਾਇਆ ਸੀ। ਇਹ ਜੁੰਡਲੀਆਂ ਦੀਆਂ ਜੁੰਡਲੀਆਂ ਬਣਾ ਕੇ ਬਨਾਰਸ ਆਦਿ ਇਲਾਕੇ ਤੋਂ ਨਿਕਲਦੇ ਤੇ ਸਾਰੇ ਹਿੰਦੁਸਤਾਨ ਵਿਚ ਵੱਖ ਵੱਖ ਰੂਪ ਬਣਾ ਕੇ ਫਿਰਦੇ ਤੇ ਜੁਰਮ ਕਰਦੇ ਸਨ। ਠੱਗੀ ਨੂੰ ਅੰਜਾਮ ਦੇਣ ਵਾਸਤੇ ਇਹ ਅਕਸਰ ਬੰਦੇ ਨੂੰ ਧਤੂਰੇ ਨਾਲ ਬੇਹੋਸ਼ ਕਰਦੇ ਤੇ ਜਰੂਰਤ ਪੈਣ ਦੇ ਕਤਲ ਵੀ ਕਰ ਦਿਆ ਕਰਦੇ ਸਨ।

ਸ਼ਰਧਾਲੂਆਂ ਦੇ ਸੰਗ ਦੇ ਨਾਲ ਨਾਲ ਪੁੱਛਦੀ ਪੁੱਛਾਂਦੀ ਅਜਿਹੇ ਹੀ ਬਨਾਰਸੀ ਠੱਗਾਂ ਦੀ ਇਕ ਜੁੰਡਲੀ ਕਰਤਾਰਪੁਰ ਵੀ ਆ ਗਈ। ਅਮੂਮਨ ਇਹ ਵਣਜਾਰਿਆਂ ਦੇ ਰੂਪ ਵਿਚ ਫਿਰਦੇ ਹੁੰਦੇ ਸਨ, ਪਰ ਅੱਜ ਇਹ ਸਾਧੂ ਮਹਾਤਮਾ ਬਣੇ ਹੋਏ ਸਨ। ਮੱਥੇ ਤੇ ਲਾਲ ਟਿੱਕੇ ਲਾਏ ਹੋਏ, ਗਲਾਂ ਵਿਚ ਤੁਲਸੀ ਦੀਆਂ ਮਾਲਾਂ, ਹਥਾਂ ਵਿਚ ਸਿਮਰਨੀਆਂ, ਤੇੜੀ ਧੋਤੀਆਂ ਪਾਈਆਂ, ਮਹੀਨ ਮਲ-ਮਲ ਦੇ ਕਮੀਜ (ਚਉਪੋਤੀਆਂ), ਮੋਢਿਆਂ ਤੇ ਸਫੇਦ ਚਾਦਰੇ ਸੁੱਟੇ ਹੋਏ, ਕੱਛਾਂ ਹੇਠ ਲੈਣ ਲਈ ਅੰਗਰੇਜੀ ਦੇ ਅੱਖਰ ਟੀ ਵਰਗੇ ਆਸਣ, ਹੱਥਾਂ ਵਿਚ ਲਾਠੀਆਂ (ਲਸਟਿਕਾਂ)।

ਜਦੋਂ ਸੇਵਾਦਾਰ ਉਹਨਾਂ ਦੀ ਜਾਣ ਪਛਾਣ ਬਾਬਤ ਕੋਈ ਅਜਿਹਾ ਸਵਾਲ ਕਰਨ ਜਿਸ ਤੋਂ ਉਨਾਂ ਦੀ ਅਸਲੀਅਤ ਨੰਗੀ ਹੋਣੀ ਹੋਵੇ ਤਾਂ ਜਵਾਬ ਵਿਚ ਬਸ 'ਰਾਮ' 'ਰਾਮ' ਕਹੀ ਜਾਣ। ਉਂਜ ਸਾਧੂਆਂ ਵਾਲੀ ਬੋਲੀ ਬੋਲਣ।

ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਜਾ ਦੱਸਿਆ ਕਿ ਕੁਝ ਇਸ ਪ੍ਰਕਾਰ ਦੇ ਵੈਸ਼ਨੋ ਭਗਤ ਆਏ ਨੇ। ਗੁਰੂ ਸਾਹਿਬ ਨੇ ਸਾਰਾ ਹਿੰਦੁਸਤਾਨ ਗਾਹਿਆ ਹੋਇਆ ਸੀ ਉਨਾਂ ਨੂੰ ਸੁਣਦੇ ਸਾਰ ਸ਼ੱਕ ਪਿਆ ਤੇ ਉਨਾਂ ਭਾਈ ਲਹਿਣੇ ਹੁਣਾਂ ਨੂੰ ਸੁਚੇਤ ਕਰ ਦਿੱਤਾ। ਗੁਰੂ ਸਾਹਿਬ ਫਿਰ ਆਪ ਉਨਾਂ ਨੂੰ ਮਿਲਣ ਗਏ। ਗਲ ਬਾਤ ਸ਼ੁਰੂ ਹੋਈ ਤਾਂ ਗੁਰੂ ਸਾਹਿਬ ਨੇ ਵਾਕਫੀਅਤ ਪੁੱਛੀ ਤਾਂ ਉਹ ਥਿੜਕ ਗਏ। ਉਹ ਗੁਰੂ ਸਾਹਿਬ ਦੀਆਂ ਸਿਫਤਾਂ ਕਰੀ ਜਾਣ। ਜਿਹੜੇ ਸੰਗ ਨਾਲ ਆਏ ਸਨ ਗੁਰੂ ਸਾਹਿਬ ਨੇ ਓਨਾਂ ਕੋਲੋ ਪੁੱਛਿਆ ਕਿ ਤੁਸੀ ਇਸ ਟੋਲੀ ਨੂੰ ਜਾਣਦੇ ਹੋ। ਸਿੱਖਾਂ ਨੇ ਸਾਫ ਇਨਕਾਰ ਕਰ ਦਿੱਤਾ ਕਿ ਇਹ ਸਾਡੇ ਕੋਲੋਂ ਪੁੱਛ ਰਹੇ ਸਨ ਕਿ ਕਿਥੇ ਜਾ ਰਹੇ ਹੋ ਅਸੀ ਜਦੋਂ ਦੱਸਿਆ ਤਾਂ ਇਹ ਸਾਡੇ ਨਾਲ ਹੋ ਤੁਰੇ।

ਗੁਰੂ ਸਾਹਿਬ ਨੇ ਭਾਈ ਲਹਿਣੇ ਹੁਰਾਂ ਨੂੰ ਹੁਕਮ ਕਰ ਦਿੱਤਾ ਕਿ ਇਨਾਂ ਨੂੰ ਕੁਝ ਨਹੀ ਕਹਿਣਾ। ਲੰਗਰ ਪਾਣੀ ਛਕਾਓ। ਰਾਤ ਸੌਣ ਵੀ ਦੇਣਾ।

ਦੀਵਾਨ ਵਿਚ ਫਿਰ ਗੁਰੂ ਸਾਹਿਬ ਨੇ ਓਨਾਂ ਨੂੰ ਸੰਬੋਧਨ ਹੋ ਕੇ ਜਦੋਂ ਸ਼ਬਦ ਬੋਲਿਆ ਤਾਂ ਓਨਾਂ ਦੀਆਂ ਅੱਖਾਂ ਖੁੱਲ ਗਈਆਂ ਕਿ

ਅੱਜ ਤਾਂ ਬੁਰੇ ਫਸੇ। ਗੁਰੂ ਸਾਹਿਬ ਨਾਲ ਪੂਰੀ ਸੰਗਤ ਇਹ ਸ਼ਬਦ ਬੋਲ ਰਹੀ ਸੀ। :-

ਧਨਾਸਰੀ ਮਹਲਾ ੧ ॥ ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥ ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥ ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥੨॥ ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥

ਠੱਗਾਂ ਵਾਸਤੇ ਉਥੇ ਬੈਠਣਾ ਮੁਸ਼ਕਲ ਹੋ ਰਿਹਾ ਸੀ। ਹਰ ਕਿਸੇ ਨੂੰ ਪਤਾ ਚਲ ਚੁੱਕਾ ਸੀ ਕਿ ਇਹ ਚੋਰ-ਉਚੱਕੇ-ਡਾਕੂ ਨੇ। ਸੰਗਤ ਦੀ ਗਿਣਤੀ ਵੀ ਚੋਖੀ ਸੀ।

ਆਖਿਰ ਚੋਰਾਂ ਨੇ ਆਪੇ ਦੁਹਾਈ ਦੇ ਦਿੱਤੀ ਕਿ ਬਾਬਾ ਜੀ ਅਸੀ ਠੱਗ ਹਾਂ। ਸਾਨੂੰ ਮਾਫ ਕਰ ਦਿਓ। ਓਨਾਂ ਕਿਹਾ ਜੀ ਅੱਗੇ ਤੋਂ ਇਹ ਧੰਧਾ ਛੱਡਦੇ ਹਾਂ। ਗੁਰੂ ਸਾਹਿਬ ਨੇ ਕਿਹਾ ਕਿ ਮਾਫੀ ਕਾਹਦੀ ਤੁਸਾਂ ਕਿਹੜਾ ਇਸ ਕੰਮ ਤੋਂ ਹੱਟ ਜਾਣਾ ਹੈ। ਤੁਸੀ ਰਾਤ ਗੁਜਾਰੋ ਤੇ ਬੱਸ ਚਲਦੇ ਬਣੋ।

ਓਨਾਂ ਬਾਰ ਬਾਰ ਇਸ ਕੰਮ ਤੋਂ ਤੋਬਾ ਕੀਤੀ ਤੇ ਬੇਨਤੀ ਕੀਤੀ ਕਿ ਸਾਡੇ ਤੇ ਵੀ ਕਿਰਪਾ ਕਰੋ ਤੇ ਨਾਮ ਦੀ ਦਾਤ ਬਖਸ਼ੋ। ਸਾਨੂੰ ਵੀ ਬਾਕੀਆਂ ਵਾਗੂ ਆਪਣੇ ਚਰਨਾਂ ਨਾਲ ਲਾਓ। ਤਰਸ ਕਰੋ।

ਸੰਗਤ ਸਮਝਦੀ ਸੀ ਕਿ ਸਵੇਰ ਹੁੰਦਿਆਂ ਚਲੇ ਜਾਣਗੇ ਪਰ ਉਹ ਸਿੱਖੀ ਦ੍ਰਿੜ ਕਰਨ ਲਈ ਓਥੇ ਹੀ ਠਹਿਰ ਗਏ। ਹੌਲੀ ਹੌਲੀ ਇਕ ਇਕ ਦੋ ਦੋ ਕਰਕੇ ਚਲੇ ਗਏ।

ਕਿਹਾ ਜਾਂਦਾ ਹੈ ਕਿ ਉਹਨਾਂ ਸੱਚ ਮੁੱਚ ਸਿੱਖੀ ਧਾਰਨ ਕਰ ਲਈ।

-----◆-----

## **ਤੀਰਥ ਯਾਤਰਾ ਕਰਨ ਨਾਲ ਮੁਕਤੀ ਨਹੀ ਮਿਲਦੀ

ਗੰਗਾ ਜਾ ਰਿਹਾ ਜਦੋਂ ਹਜ਼ਾਰਾਂ ਯਾਤਰੂਆਂ ਦਾ ਸੰਗ ਕਰਤਾਰਪੁਰ ਆ ਰੁਕਿਆ, "ਬਾਬਾ ਜੀ ਸਾਡੇ ਨਾਲ ਚਲੋ"

ਜੇਠ ਮਹੀਨੇ ਦੇ ਆਖਰੀ ਦਿਨ ਸਨ। ਹਿੰਦੂ ਜੰਤਰੀ ਮੁਤਾਬਿਕ ਜੇਠ ਸੁਦੀ ਦਸਵੀ ਨੂੰ ਹਰਦੁਆਰ ਗੰਗਾ ਵਿਖੇ ਬੜਾ ਭਾਰੀ ਮੇਲਾ 'ਗੰਗਾ ਦੁਸਿਹਰਾ' ਲੱਗ ਰਿਹਾ ਸੀ ਕਿਉਕਿ ਐਤਕਾਂ ਦੁਸਿਹਰਾ ਬੁਧਵਾਰ ਨੂੰ ਪੈ ਰਿਹਾ ਸੀ। ਬੁਧਵਾਰ ਦੇ ਦੁਸਹਿਰੇ ਦਾ ਬ੍ਰਹਾਮਣਾਂ ਅਨੁਸਾਰ ਵੱਡਾ ਮਹਾਤਮ ਹੁੰਦਾ ਹੈ। ਅਖੇ ਇਸ ਦਿਨ ਪੁੰਨ ਦਾਨ ਤੇ ਇਸਨਾਨ ਕੀਤਿਆਂ 10 ਜਨਮਾਂ ਦੇ ਪਾਪ ਲਹਿ ਜਾਂਦੇ ਨੇ।

ਸਿਆਲਕੋਟ ਦੇ ਪਹਾੜ ਪਾਸੇ ਦੇ ਪਿੰਡਾਂ ਦਾ ਇਕ ਵੱਡਾ ਸੰਗ ਤੁਰਿਆ ਜਿਸ ਵਿਚ ਹਜਾਰਾਂ ਜੀਅ ਸਨ। ਹਰ ਕਿਸਮ ਦਾ ਆਵਾਜਾਈ ਦੇ ਸਾਧਨ ਨਾਲ ਸਨ। ਘੋੜੇ, ਖੋਤੇ, ਟਾਂਗੇ, ਪਸ਼ੂ ਗੱਡੇ ਆਦਿ ਤੇ ਸਮਾਨ ਤੇ ਬਜੁਰਗ ਸਵਾਰ ਸਨ। ਸਿਰਫ ਏਨਾਂ ਹੀ ਨਹੀ ਵਜੰਤਰੀਆਂ ਸਮੇਤ ਨਾਲ ਭਜਨ ਮੰਡਲੀਆਂ ਵੀ ਸਨ।

ਇਸ ਸੰਗ ਨੇ ਤਹਿ ਕੀਤਾ ਸੀ ਕਿ ਦੂਸਰੀ ਰਾਤ ਨਾਰੋਵਾਲ ਦੇ ਲਾਗੇ ਬਾਬੇ ਨਾਨਕ ਦੀ ਧਰਮਸਾਲਾ ਵਿਚ ਰਹਿਣਾ ਹੈ। ਇਨਾਂ ਨੂੰ ਬਾਬੇ ਬਾਰੇ ਪੂਰੀ ਜਾਣਕਾਰੀ ਸੀ ਕਿ ਕਰਤਾਰਪੁਰ ਰਹਿਣ ਤੇ ਲੰਗਰ ਪਾਣੀ ਦਾ ਪੂਰਾ ਇੰਤਜਾਮ ਹੈ।

ਇਹਨਾਂ ਦੇ ਆਗੂਆਂ ਨੇ ਸੋਚਿਆ ਕਿ ਬਾਬੇ ਨਾਨਕ ਨੂੰ ਨਾਲ ਹੀ ਲੈ ਚਲਾਂਗੇ।

ਲੌਢੇ ਵੇਲੇ ਹੀ ਸੰਗ ਕਰਤਾਰਪੁਰ ਪਹੁੰਚ ਗਿਆ। ਥੋੜਾ ਪਾਣੀ ਧਾਣੀ ਪੀ ਕੇ ਕੁਝ ਚਿਰ ਅਰਾਮ ਕਰਨ ਉਪਰੰਤ ਸੰਗੀਆਂ ਨੇ ਦੀਵਾਨ ਲਾ ਲਿਆ। ਜਵਾਨ ਮੁੰਡੇ ਖੁੰਡੇ ਕੀਰਤਨੀਏ ਸਨ। ਬੜੇ ਜੋਸ਼ੋ ਖਰੋਸ਼ ਨਾਲ ਉਹ ਪਏ ਭੇਟਾਂ ਗਾਵਣ ਤੇ ਮਾਈ ਗੰਗਾ ਦੀ ਉਪਮਾ ਦੇ ਗੀਤ ਗਾਉਣ।

ਗੁਰੂ ਸਾਹਿਬ ਵਾਸਤੇ ਤਾਂ ਇਹ ਸੁਨਿਹਰੀ ਮੌਕਾ ਸੀ। ਤੀਰਥ ਯਾਤਰਾ ਦੇ ਖੰਡਣ ਬਾਰੇ ਤਾਂ ਉਹ ਅਨੇਕਾਂ ਥਾਵਾਂ ਤੇ ਵਖਿਆਨ ਦੇ ਚੁੱਕੇ ਸਨ। ਗੁਰੂ ਸਾਹਿਬ ਨੇ ਵੀ ਇਸ ਦੀਵਾਨ ਵਿਚ ਵਾਰੀ ਲੈ ਲਈ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਸੰਗੀਆਂ ਨੂੰ ਲੱਖ ਲੱਖ ਪ੍ਰਣਾਮ ਕੀਤਾ ਜਿੰਨਾਂ ਦੇ ਮੰਨ ਵਿਚ ਸ਼ੁਧ ਭਾਵਨਾ ਸੀ ਤੇ ਜੋ ਕਲਿਆਣ ਖਾਤਰ ਗੰਗਾ ਜਾ ਰਹੇ ਸਨ।

ਉਪਰੰਤ ਵਜੰਤਰੀਆਂ ਸਮੇਤ ਗੁਰੂ ਸਾਹਿਬ ਨੇ ਸ਼ਬਦ ਗਾਇਆ ਜਿਸ ਵਿਚ ਸਿੱਖ ਸੰਗਤ ਦੀ ਵੀ ਸ਼ਮੂਲੀਅਤ ਸੀ:-

ਧਨਾਸਰੀ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥

ਭਾਵ ਪਹਿਲਾ ਇਕ ਓਕਾਰ ਦਾ ਸਿਧਾਂਤ ਦੱਸਿਆ ਤੇ ਫਿਰ ਨਾਮ ਦਾ ਸਿਧਾਂਤ ਦੱਸ ਕੇ ਸੰਗ ਨੂੰ ਜਾਣੂ ਕਰਵਾਇਆ ਕਿ ਬੇਸ਼ੱਕ ਸੈਰ ਸਪਾਟਾ ਕਰ ਆਓ। ਉਂਜ ਗੰਗਾ ਨਾਉਣ ਨਾਲ ਪਾਪ ਨਹੀ ਮਿੱਟਦੇ। ਪਾਪ ਮਿੱਟਦੇ ਸਿਰਫ ਰਾਮ ਨਾਮ ਨਾਲ।

ਗੁਰੂ ਸਾਹਿਬ ਦੇ ਇਸ ਵਖਿਆਨ ਤੇ ਕੀਰਤਨ ਨਾਲ ਜਾਦੂ ਵਰਗਾ ਅਸਰ ਪਿਆ। ਉਹ ਸਾਰੇ ਲੋਕ ਜੋ ਸਿਰਫ ਕਲਿਆਣ ਵਾਸਤੇ ਗੰਗਾ ਜਾ ਰਹੇ ਸਨ ਓਨਾਂ ਨੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਹੁਣ ਤੁਸੀ ਘਰੋਂ ਗੰਗਾ ਜਾਣਾ ਸੋਚ ਕੇ ਆਏ ਹੋ ਹੁਣ ਤੁਸੀ ਸਾਰੇ ਗੰਗਾ ਜਾਓ। ਫਿਰ ਕੁਝ ਲੋਕ ਕਰਤਾਰਪੁਰੋਂ ਪਰਤ ਗਏ ਤੇ ਬਾਕੀ ਦਾ ਸੰਗ ਗੰਗਾ ਗਇਆ। ਲਿਖਾਰੀਆਂ ਲਿਖਿਆ ਹੈ ਕਿ ਓਦੋਂ ਫਿਰ ਸੰਗੀ ਦੋ ਨਾਹਰੇ ਮਾਰ ਰਹੇ ਸਨ।

ਜੈ ਗੰਗਾ ਮਾਤਾ ਦੀ। ਜੈ ਬਾਬੇ ਨਾਨਕ ਦੀ।

ਅਜਿਹੇ ਹੀ ਕਿਸੇ ਹੋਰ ਮੌਕੇ ਤੇ ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਸ਼ਬਦ ਰਚਿਆ**:

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ ॥ ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥ 10

-----◈-----

## ਮੈਂ ਮਿਲਾਵਟੀ ਚੀਜ਼ ਕਿਓ ਲਵਾਂ?◆◆

ਕਰਤਾਰਪੁਰ ਬਾਬਾ ਰਹਿ ਰਿਹਾ ਸੀ। ਇਲਾਕੇ ਵਿਚ ਬਾਬੇ ਦੇ ਕੌਤਕਾਂ ਬਾਬਤ ਬਹੁਤ ਰੌਗਾ ਉਠਿਆ ਸੀ। ਹਰ ਪਾਸੇ ਬਾਬਾ ਨਾਨਕ, ਬਾਬਾ ਨਾਨਕ ਹੋ ਰਿਹਾ ਸੀ। ਇਕ ਦਿਨ ਇਲਾਕੇ ਦੇ ਕੁਝ ਮੋਹਤਬਰ ਬੰਦੇ ਕਰਤਾਰਪੁਰ ਆ ਗਏ। ਪੁੱਛਣ ਲੱਗੇ ਕਿ ਬਾਬਾ ਤੂੰ ਕਿਹੜੇ ਫਿਰਕੇ ਨਾਲ ਸਬੰਧ ਰਖਦੈ? ਨਾਂ ਤੂੰ ਮੁਸਲਮਾਨ ਲੱਗਦੈ ਨਾਂ ਤੂੰ ਹਿੰਦੂ, ਨਾਂ ਜੋਗੀ ਨਾਂ ਸੰਨਿਆਸੀ। ਬਾਬਾ ਇਕ ਪਾਸੇ ਹੋ ਜਾ ਭਾਵੇ ਜਿਹੜੇ ਮਰਜੀ ਫਿਰਕੇ ਨਾਲ ਹੋ।

ਗੁਰੂ ਸਾਹਿਬ ਨੇ ਕਿਹਾ ਤੁਸੀ ਆਪੇ ਦੱਸ ਰਹੇ ਸੀ ਕਿ ਕਾਜੀ ਜਿਸ ਨੇ ਇਨਸਾਫ ਦੇਣਾ ਹੁੰਦਾ ਹੈ ਉਹ ਵੀ ਝੂਠ ਬੋਲ ਜਾਂਦਾ ਹੈ। ਦੂਸਰੇ ਪਾਸੇ ਬ੍ਰਾਹਮਣਾਂ ਨੂੰ ਵੇਖ ਲਓ ਬੜੇ ਨਹਾਉਦੇ ਧੋਂਦੇ ਹਨ ਤੇ ਧਰਮ ਦੇ ਨਾਂ ਤੇ ਜੀਅ ਹੱਤਿਆ ਕਰਾਉਦੇ ਨੇ ਕਿ ਜੀ ਬਲੀ ਦੇ ਰਹੇ ਹਾਂ। ਤੀਜਾ ਜੋਗੀਆਂ ਦਾ ਵੀ ਤੁਸੀ ਜਾਣਦੇ ਹੋ ਕਮਲੇ ਹੋਏ ਫਿਰਦੇ ਨੇ।

ਤੁਸੀ ਜਾਣਦੇ ਹੋ ਖੋਟਾ ਸਿੱਕਾ ਕਿਸੇ ਕੰਮ ਦਾ ਨਹੀ ਹੁੰਦਾ ਤੇ ਜੇ ਓਹੋ ਚਾਂਦੀ ਹੋਵੇ ਤਾਂ ਤੁਸੀ ਖਰਾ ਖਰਾ ਕੇ ਉਨੂੰ ਲੈਣ ਦੌੜਦੇ ਹੋ। ਸੋ ਮੈਨੂੰ ਕਿਓ ਕਹਿੰਦੇ ਹੋ ਕਿ ਖੋਟਾ ਬਣ ਜਾ। ਜਦੋ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਰੱਬ ਦੀ ਕਚਿਹਰੀ ਵਿਚ ਸਾਡੇ ਕੰਮਾਂ ਦਾ ਲੇਖਾ ਜੋਖਾ ਹੋਣਾ ਹੈ। ਇਸ ਕਾਗਜ ਰੂਪੀ ਸਰੀਰ ਤੇ ਜਿਹੜੇ ਲੇਖ ਅਸੀ ਲਿਖ ਰਹੇ ਹਾਂ ਇਹ ਛੁਪੇ ਨਹੀ ਰਹਿਣੇ।

ਇਸ ਉਪਰੰਤ ਗੁਰੂ ਸਾਹਿਬ ਨੇ ਧਨਾਸਰੀ ਵਿਚ ਸ਼ਬਦ ਗਾਵਿਆ। ਸਾਰੀ ਸੰਗਤ ਨੇ ਨਾਲ ਸਾਥ ਦਿੱਤਾ:-

ਧਨਾਸਰੀ ਮਹਲਾ ੧ ॥ ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

-----◈-----

## ਅਸਲੀ ਗੁਰੂ ਦੀ ਪਛਾਣ?

## ਜਿਹੜਾ ਤੁਹਾਨੂੰ ਸੱਚ ਦੇ ਦਰਸ਼ਨ ਕਰਾ ਦੇਵੇ। ਮੌਤ ਦਾ ਅਹਿਸਾਸ ਕਰਵਾ ਦਏ।⊙◆

ਕਰਤਾਰਪੁਰ ਵਿਖੇ ਦੀਵਾਨ ਲੱਗਾ ਹੋਇਆ ਸੀ ਕਿ ਇਕ ਜਗਿਆਸੂ ਉਠਿਆ ਤੇ ਗੁਰੂ ਸਾਹਿਬ ਅੱਗੇ ਬੇਨਤੀ ਕਰਨ ਲੱਗਾ ਕਿ ਗੁਰੂ ਜੀ ਤੁਸੀ ਸਤਿਗੁਰੂ ਜਾਂ ਗੁਰੂ ਦੀ ਅਹਿਮੀਅਤ ਤੇ ਬਹੁਤ ਜੋਰ ਦਿੰਦੇ ਹੋ, ਕਿ ਗੁਰੂ ਦੇ ਦਰ ਤੇ ਗਇਆ ਮੁਕਤੀ ਹੋ ਜਾਂਦੀ ਹੈ। ਪਰ ਬਾਬਾ ਜੀ ਗੁਰੂ ਤਾਂ ਹਰ ਕਿਸੇ ਦਾ ਹੈਗਾ। ਜੋਗੀਆਂ ਦੇ ਵੀ ਉਸਤਾਦ ਜਾਂ ਗੁਰੂ ਹੁੰਦੇ ਹਨ। ਬ੍ਰਹਮਚਾਰੀਆਂ ਦੇ ਵੀ, ਫਕੀਰਾਂ ਦੇ ਵੀ, ਬ੍ਰਾਹਮਣਾਂ ਦੇ ਵੀ, ਮਤਲਬ ਜਿਸ ਜਿਸ ਵੀ ਭੇਖ ਸਾਧੂ ਹੈਗੇ ਨੇ ਹਰ ਥਾਂ ਗੁਰੂ ਤਾਂ ਹੈ ਹੀ। ਹੋਰ ਤੇ ਹੋਰ ਭਲਵਾਨਾਂ ਦੇ ਵੀ ਗੁਰੂ ਹੁੰਦੇ ਨੇ। ਵਿਦਿਆਰਥੀਆਂ ਦੇ ਵੀ ਗੁਰੂ ਹੁੰਦੇ ਨੇ। ਹੋਰ ਤੇ ਹੋਰ ਚੋਰਾਂ ਠੱਗਾਂ ਦੇ ਵੀ ਅੱਗੋਂ ਗੁਰੂ ਹੁੰਦੇ ਨੇ।

ਫਿਰ ਬਾਬਾ ਜੀ ਤੁਸੀ ਕਿਹੜੇ ਗੁਰੂ ਦੀ ਗਲ ਕਰਦੇ ਹੋ ਜਿਸਦੇ ਦਰ ਤੇ ਗਇਆ ਬੰਦਾ ਮੁਕਤ ਹੋ ਜਾਂਦਾ ਹੈ?

ਗੁਰੂ ਸਾਹਿਬ ਨੇ ਸਮਝਾਇਆ ਕਿ ਸੱਚਾ ਗੁਰੂ ਜਾਂ ਸਤਿਗੁਰੂ ਤੁਹਾਡੇ ਅੱਗਿਓਂ ਝੂਠ ਦਾ ਪੜਦਾ ਹਟਾ ਦਿੰਦਾ ਹੈ। ਤੁਹਾਨੂੰ ਤੁਹਾਡੀ ਮੌਤ ਦਾ ਅਹਿਸਾਸ ਦੁਆ ਦਿੰਦਾ ਹੈ। ਦੁਨਿਆਵੀ ਉਸਤਾਦ ਤੁਹਾਨੂੰ ਸਿਖਿਆ ਦਿੰਦੇ ਵਕਤ ਆਪਣਾ ਮਾਇਕ ਫਾਇਦਾ ਵੇਖਦਾ ਹੈ। ਉਹ ਤੁਹਾਨੂੰ ਕਦੀ ਖੁਸ਼ ਵੀ ਕਰਦਾ ਹੈ ਤਾਂ ਕਿ ਤੁਸੀ ਉਸ ਨਾਲ ਜੁੜੇ ਰਹੋ। ਸਤਿਗੁਰੂ ਤੁਹਾਡੇ ਹਉਮੈ ਤੇ ਚੋਟ ਕਰਦਾ ਹੈ। ਸਤਿਗੁਰੂ ਦੇ ਦਰ ਤੇ ਗਇਆ ਤੁਹਾਡੀ ਦੁਬਿਧਾ ਮੁੱਕ ਜਾਂਦੀ ਹੈ।

ਸਾਰੀ ਸੰਗਤ ਨੇ ਗੁਰੂ ਸਾਹਿਬ ਦੇ ਨਾਲ ਇਹ ਸਬਦ ਗਾਇਆ:-

ਗਉੜੀ ਮਹਲਾ ੧ ॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥ ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥

-----◈-----

## ਜਦੋਂ ਸਾਧੂਆਂ ਪੁੱਛਿਆ ਗੁਰੂ ਜੀ ਅਸੀ ਸੁਣਿਐ ਤੁਸੀ ਮੁਕਤੀ ਦੇ ਸਿਧਾਂਤ ਨੂੰ ਨਹੀ ਮੰਨਦੇ?

## 'ਸਿੱਖੀ ਦਾ ਨਿਸ਼ਾਨਾ : ਜੀਂਦੇ ਜੀ ਮੁਕਤੀ'

ਇਕ ਵੇਰ ਕਰਤਾਰਪੁਰ ਸਾਹਿਬ ਵਿਖੇ ਸਾਧੂਆਂ ਦਾ ਟੋਲਾ ਆਇਆ। ਬਹੁਤ ਗਿਆਨਵਾਨ ਸਨ। ਉਨਾਂ ਸੁਣਿਆ ਸੀ ਕਿ ਗੁਰੂ ਨਾਨਕ ਮੁਕਤੀ ਦਾ ਨਵਾਂ ਹੀ ਰਸਤਾ ਦੱਸ ਰਿਹਾ ਹੈ। ਉਨਾਂ ਆ ਕੇ ਸਵਾਲ ਕੀਤਾ ਕਿ ਗੁਰੂ ਜੀ ਸ਼ਾਸਤਰਾਂ ਅਨੁਸਾਰ ਬੰਦਾ ਸਤੋ-ਗੁਣ ਤਾਂ ਹੀ ਹਾਸਲ ਕਰੇਗਾ ਜੇ ਉਹ ਦੱਸੇ ਮਾਰਗ ਤੇ ਚਲੇ (ਤ੍ਰੈਗੁਣ ਸਿਧਾਂਤ) ਭਾਵ ਪੁਨ ਦਾਨ, ਤੀਰਥ ਯਾਤਰਾਵਾਂ ਕਰੇ, ਕਰਮ ਕਾਂਡ (ਪੂਜਾ ਆਦਿ) ਕਰੇ ਨਹੀ ਤਾਂ ਜੀਵ (ੳ) ਤਮੋ ਸੋਚ ਜਾਂ (ਅ) ਰਜੋਂ ਸੋਚ ਵਿਚ ਹੀ ਜੀਵਨ ਬਰਬਾਦ ਕਰ ਦੇਵੇਗਾ। (ਸ਼ਾਸਤਰਾਂ ਅਨੁਸਾਰ ਬੰਦਾ ਤਿੰਨ ਹਾਲਤਾਂ ਵਿਚ ਜੀਂਦਾ

ਪੈੜ ਸਫਾ

*ਸੋਢੀ 2- 370, ◆ਸੋਢੀ 2-372, ●ਸੋਢੀ 2-375 ਪੱਖੋਕੇ ਅਜਿਤੇ ਰੰਧਾਵੇ ਵਾਲੀ ਗੋਸ਼ਟ ਵੀ ਦੇਖੋ, ⊙ ਸੋਢੀ 2-388 ਸੋਢੀ 2-395, ■ ਸੋਢੀ 2-391, ○ ਸੋਢੀ 2-398, ◘ ਸੋਢੀ 2-401, ✚ ਸੋਢੀ 2- 403, **ਸੋਢੀ 2- 406 ਭਵਿਖ ਦੇ ਖੋਜੀਆਂ ਲਈ- ਜੇਠ ਸੁਦੀ 10ਵੀ ਕਿਹੜੇ ਸਾਲ ਵਿਚ ਬੁਧਵਾਰਾ ਆਈ ਇਸ ਤੋਂ ਸਾਨੂੰ ਸਾਲ ਦਾ ਵੀ ਪਤਾ ਲੱਗ ਸਕਦਾ ਹੈ। ਸਾਨੂੰ ਖੁਦ ਨੂੰ ਤਾਂ 1530 ਦੇ ਆਸ ਪਾਸ ਦਾ ਕੈਲੰਡਰ (ਪਾਚਾਂਗ) ਨਹੀ ਮਿਲ ਪਾਇਆ। ◆◆ਸੋਢੀ 2- 411, ⊙◆ਸੋਢੀ 2-415

ਹੈ: 1. ਰਜੋ, 2. ਤਮੋ ਅਤੇ 3. ਸੱਤੋ ਅਵਸਥਾ।। ਪਹਲੀ ਅਵਸਥਾ ਤਮੋ ਹੁੰਦੀ ਹੈ ਜਿਸ ਵਿਚ ਹਉਮੈਧਾਰੀ ਬੰਦੇ ਦੀ ਸੋਚ ਦਿਆ ਵਿਹੂਣੀ, ਪਸ਼ੂ ਵਰਗੀ ਹੁੰਦੀ ਹੈ ਤੇ ਉਹ ਦੂਸਰਿਆਂ ਤੇ ਜ਼ੁਲਮ ਕਰਦਾ ਹੈ, ਚੋਰੀ ਕਰਦਾ, ਕਤਲ ਕਰਦਾ ਆਦਿ। ਪਰ ਜਿਆਦਾਤਰ ਸਮਾਜ ਵਿਚ ਦੂਜੀ ਅਵਸਥਾ ਭਾਵ ਰਜੋ ਸੋਚ ਭਾਰੂ ਹੁੰਦੀ ਹੈ ਜਿਸ ਕਰਕੇ ਬੰਦਾ ਮਾਇਕ ਪਦਾਰਥ ਹਾਸਲ ਕਰਨ ਵਾਸਤੇ ਜੱਦੋਜਹਿਦ ਵਿਚ ਲੱਗਾ ਰਹਿੰਦਾ। ਉਹਦੀ ਸੋਚ ਹੁੰਦੀ ਹੈ ਕਿ ਮਾਇਆ ਕਰਕੇ ਸਮਾਜ ਵਿਚ ਉੱਚੀ ਪਦਵੀ ਮਿਲਦੀ ਹੈ। ਜਾਂ ਉਹ ਉੱਚ ਪਦਵੀ ਹਾਸਲ ਕਰਨ ਵਾਸਤੇ ਸੰਘਰਸ਼ ਕਰਦਾ ਹੈ। ਉਹਦਾ ਮੰਨ ਤੜਫ ਰਿਹਾ ਹੁੰਦਾ ਹੈ। ਉਹ ਕਦੀ ਕੁਝ ਕਰਦਾ, ਕਦੀ ਕੁਝ ਕਰਦਾ। ਅਤੇ ਤੀਸਰੀ ਸੱਚ ਵਾਲੀ ਸਤੋ ਅਵਸਥਾ ਗਿਣੀ ਗਈ ਹੈ ਜਿਸ ਤਹਿਤ ਉਹ ਮੌਤ ਤੋਂ ਬਾਦ ਵਾਲਾ ਆਪਣਾ ਜੀਵਨ ਸੰਵਾਰਦਾ ਹੈ।)

"ਬਾਬਾ ਜੀ ਅਸੀ ਸੁਣਿਐ ਤੁਸੀ ਸ਼ਾਸਤਰਾਂ ਤੋਂ ਵਖਰਾ ਹੀ ਮੁਕਤੀ ਦਾ ਰਾਹ ਦੱਸਦੇ ਹੋ ਉਹ ਕਿਹੜਾ ਹੈ?" ਸਾਧੂਆਂ ਪੁਛਿਆ।

ਗੁਰੂ ਸਾਹਿਬ ਨੇ ਕਿਹਾ ਹਾਂ ਇਹ ਸੱਚੀ ਗਲ ਹੈ ਅਸੀ ਮੌਤ ਤੋਂ ਬਾਦ ਦੇ ਜੀਵਨ ਬਾਰੇ ਚਿੰਤਾ ਨਹੀ ਕਰਦੇ। ਨਾਂ ਹੀ ਉਨ੍ਹੰ ਸੰਵਾਰਨ ਵਾਸਤੇ ਪੁੰਨ ਦਾਨ, ਕਰਮ ਕਾਂਡ ਜਾਂ ਤੀਰਥ ਯਾਤਰਾ ਦੀ ਸਲਾਹ ਦਿੰਦੇ ਹਾਂ।

ਸਾਡਾ ਨਿਸ਼ਾਨਾ ਹੈ ਬੰਦੇ ਦੇ ਅੱਜ ਭਾਵ ਵਰਤਮਾਨ ਨੂੰ ਸੰਵਾਰਨਾਂ। ਅਸੀ ਬੰਦੇ ਨੂੰ ਕੁਦਰਤ ਦੇ ਖੇਲ ਬਾਰੇ ਦੱਸਦੇ ਹਾਂ ਕਿ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰਾਂਹੀ ਕਿਵੇ ਅਕਾਲ ਪੁਰਖ ਨੇ ਇਕ ਜੰਜਾਲ ਜਿਹਾ ਰਚਿਆ ਹੈ ਜਿਸ ਵਿਚ ਬੰਦਾ ਸਾਰੀ ਉਮਰ ਤੜਫਦਾ ਰਹਿੰਦਾ ਹੈ। ਗੁਰਮਤ ਬੰਦੇ ਨੂੰ ਹਉਮੈ ਦੀ ਅਸਲੀਅਤ ਤੋਂ ਜਾਣੂ ਕਰਵਾ ਦਿੰਦੀ ਹੈ। ਮਿਸਾਲ ਦੇ ਤੌਰ ਤੇ ਜਿਵੇ ਕਾਮ ਵਾਲੀ ਗਲ ਹੀ ਲੈ ਲਓ। ਅਸੀ ਦਸਦੇ ਹਾਂ ਕਿ ਕਾਮ ਕਿਓ ਉਪਜਦਾ ਹੈ? ਮਤਲਬ ਕਾਮ ਪੈਦਾ ਹੋਵੇਗਾ ਤਾਂ ਹੀ ਅੱਗੇ ਪੈਦਾਵਾਰ ਹੋਵੇਗੀ। ਜੀਵ ਦੀ ਅਗਲੀ ਪੀੜੀ ਚਲੇਗੀ ਤਾਂ ਹੀ ਸਦੀਵੀ ਖੇਲ ਚਲੇਗਾ। ਪਰ ਗਿਆਨ ਵਿਹੂਣਾ ਬੰਦਾ ਕਾਮ ਵਿਚੋਂ ਅਨੰਦ ਲੱਭਣ ਦੀ ਦੌੜ ਵਿਚ ਪੈ ਜਾਂਦਾ ਹੈ। ਏਸੇ ਤਰਾਂ ਜੇ ਮੋਹ ਹੋਵੇਗਾ ਤਾਂ ਹੀ ਜੀਵ ਆਪਣਾ ਬੱਚਾ ਪਾਲੇਗਾ। ਜੇ ਬੱਚੇ ਦੀ ਪਾਲਣਾ ਪੋਸਣਾ ਨਾਂ ਹੋਈ ਤਾਂ ਵੀ ਖੇਲ ਅਸਫਲ (ਡਰਾਮਾ ਫੇਲ) ਹੋ ਜਾਂਦਾ ਹੈ। ਏਸੇ ਤਰਾਂ ਲੋਭ ਮੋਹ ਅਹੰਕਾਰ ਪਿੱਛੇ ਵੀ ਅਕਾਲ ਪੁਰਖ ਦੀ ਗਹਿਰੀ ਚਾਲ ਹੈ। ਅਸੀ ਹਉਮੈ ਤੇ ਸੱਚ ਬਾਰੇ ਗਿਆਨ ਕਰਵਾ ਦਿੰਦੇ ਹਾਂ।

ਕਹਿਣ ਤੋਂ ਮਤਲਬ ਅਸੀ ਮਨੁੱਖ ਨੂੰ ਗਿਆਨ ਰਾਂਹੀ ਉੱਚਾ ਚੁੱਕਣ ਦਾ ਉਪਰਾਲਾ ਕਰਦੇ ਹਾਂ। ਜਦੋਂ ਉਨ੍ਹੰ ਸੱਚ ਦਾ ਗਿਆਨ ਹੋ ਜਾਦਾ ਹੈ ਤਾਂ ਉਹਦਾ ਮੌਤ ਦਾ ਭੈਅ ਮੁੱਕ ਜਾਂਦਾ ਹੈ। ਗੁਰਬਾਣੀ ਨਿਤਨੇਮ ਰਾਂਹੀ ਅਸੀ ਰੋਜ ਉਨ੍ਹੰ ਸੱਚ ਦਾ ਅਹਿਸਾਸ ਦੁਆਉਦੇ ਹਾਂ। ਬੰਦਾ ਫਿਰ ਚੜ੍ਹਦੀ ਕਲ੍ਹਾ 'ਚ ਅਨੰਦ ਵਿਚ ਜੀਉਦਾ ਹੈ। ਉਨ੍ਹੰ ਫਿਕਰ ਨਹੀ ਹੁੰਦਾ ਕਿ ਮਰਨ ਤੋਂ ਮਗਰੋਂ ਮੇਰੇ ਨਾਲ ਕੀ ਹੋਣਾ ਹੈ। ਭਵਿਖ ਵਾਸਤੇ ਉਹਦੀ ਚਿੰਤਾ ਨਹੀ ਰਹਿੰਦੀ। ਉਨ੍ਹੰ ਪਤਾ ਲੱਗ ਜਾਂਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਕਰਤੇ ਦੇ ਹੁਕਮ ਤਹਿਤ ਚਲ ਰਿਹਾ ਹੈ। ਉਨ੍ਹੰ ਬੀਤੇ ਦਾ ਪਛਤਾਵਾ ਨਹੀ ਹੁੰਦਾ ਤੇ ਭਵਿਖ ਦਾ ਫਿਕਰ ਨਹੀ। ਉਹਨੂੰ ਰਜਾ ਦੇ ਸਿਧਾਂਤ ਦੀ ਸਮਝ ਆ ਚੁੱਕੀ ਹੁੰਦੀ ਹੈ। ਸੋ ਗੁਰਸਿਖ ਨੇ ਗਿਆਨ 'ਚ ਜੀਣਾ ਹੈ।

ਗੁਰੂ ਜੀ ਨੇ ਮਹਾਤਮਾ ਲੋਕਾਂ ਨੂੰ ਦੱਸਿਆ ਕਿ ਅਸੀ ਰਜੋ, ਤਮੋ, ਸਤੋ ਅਵਸਥਾ ਤੋਂ ਵੱਖਰੀ ਗਲ ਕਰਦੇ ਹਾਂ। ਤੁਸੀ ਕਹਿ ਲਓ ਤੁਰੀਅਵਸਥਾ ਜਾਂ ਗਿਆਨ ਅਵਸਥਾ। ਅਸੀ ਇਸ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਕਹਿੰਦੇ ਹਾਂ। (ਨਾਨਕ ਨਾਮ ਚੜਦੀ ਕਲ੍ਹਾ॥ ਤੇਰੇ ਭਾਣੇ ਸਰਬਤ ਦਾ ਭਲਾ॥) ਅਸੀ ਮੌਤ ਤੋਂ ਬਾਦ ਵਾਲੇ ਜੀਵਨ ਨੂੰ ਸੰਵਾਰਨ ਤੇ ਜੋਰ ਨਹੀ ਦਿੰਦੇ। ਸਾਡੇ ਵਾਸਤੇ ਮੌਜੂਦਾ ਜੀਵਨ ਅਹਿਮ ਹੈ। ਅਸੀ ਗੁਰਸਿੱਖ ਨੂੰ ਵਰਤਮਾਨ ਵਿਚ ਜੀਣ ਦਾ ਦੱਸਦੇ ਹਾਂ।

ਉਹ ਸਾਧੂ ਜਿੰਨਾਂ ਸਾਰੀ ਉਮਰ ਸੱਚ ਦੀ ਖੋਜ ਵਿਚ ਲਾ ਦਿੱਤੀ ਹੋਈ ਸੀ, ਧੰਨ ਧੰਨ ਕਰ ਉਠੇ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਰਿਹਾ ਸੀ।

ਚਾਰ ਪਦਾਰਥ- ਏਸੇ ਤਰਾਂ ਹਿੰਦੂ ਸ਼ਾਸਤਰਾਂ ਨੇ ਮੰਨਿਆ ਹੈ ਕਿ ਮਨੁੱਖ ਆਪਣੀ ਮਾਨਸਿਕ ਅਵਸਥਾ ਮੁਤਾਬਿਕ ਚਾਰ ਕਿਸਮ ਦੇ ਖਜਾਨੇ ਜੋੜਨ ਵਿਚ ਲੱਗਾ ਰਹਿੰਦਾ ਹੈ:

**ਧਰਮ** - ਉਹ ਕੰਮ ਜਿਸ ਵਿਚ ਇਸਨੂੰ ਸਿੱਧਾ ਮਾਇਆ ਦਾ ਲਾਭ ਨਾਂ ਹੋਵੇ।

**ਅਰਥ**- ਮਾਇਆ ਸਬੰਧੀ।

**ਕਾਮ** - ਮੰਨ 'ਚੋਂ ਉਠਦੀਆਂ ਤਰੰਗਾਂ ਦੀ ਪੂਰਤੀ। ਜਿਵੇ ਕਾਮ, ਕ੍ਰੋਧ, ਲੋਭ, ਮੋਹ ਦੇ ਕੰਮਾਂ ਵਿਚ ਪੈਣਾ। ਪ੍ਰਵਾਰ ਖੜਾ ਕਰਨਾਂ ਵੀ ਏਸੇ ਸ਼੍ਰੇਣੀ ਵਿਚ ਆਉਦਾ ਹੈ।

**ਮੋਖ**- ਮੁਕਤੀ ਦੀ ਪ੍ਰਾਪਤੀ ਲਈ ਯਤਨ ਕਰਨੇ। ਮਤਲਬ ਆਪਣੀ ਮੌਤ ਤੋਂ ਬਾਦ ਵਾਲੀ ਅਵਸਥਾ ਵਿਚ ਸਾਨੂੰ ਸਹੂਲਤ ਹੋਵੇ। (ਹਾਲਾਂ ਮੌਤ ਤੋਂ ਬਾਦ ਕੀ ਹੁੰਦਾ ਹੈ ਕਿਸ ਨੇ ਵੇਖਿਆ ਹੈ।)

ਜਿਵੇ ਗੁਰੂ ਸਾਹਿਬ ਨੇ ਜੀਵਨ ਮੁਕਤੀ ਦਾ ਸਿਧਾਂਤ ਭਰੇ ਦੀਵਾਨ ਵਿਚ ਸਮਝਾਇਆ ਤਾਂ ਸਾਧੂ ਲੋਕ ਤਾਂ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਪੁਕਾਰਨ ਲੱਗ ਪਏ। "ਬਾਬਾ ਜੀ ਸਾਡਾ ਜੀਵਨ ਸਫਲ ਕਰ ਦਿੱਤਾ ਤੁਸੀ। ਹੁਣ ਤੋਂ ਅਸੀ ਤੁਹਾਡੇ।"

ਰਾਵੀ ਦਾ ਬੇਲਾ ਉਸ ਵੇਲੇ ਫਿਰ ਰੰਗ ਵਿਚ ਆ ਗਿਆ, ਜਦੋਂ ਸਾਰੀ ਸੰਗਤ ਨੇ ਰਲ ਕੇ ਗੁਰੂ ਸਾਹਿਬ ਦੇ ਮਗਰ ਇਹ ਸ਼ਬਦ ਗਾਵਿਆ:-*

ਗਉੜੀ ਮਹਲਾ ੧ ॥ ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥ ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥ ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥ ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥੩॥ ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ ਨਿਰਾਸੁ ਬੁਝਾਇਆ ॥ ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥

-----◈-----

## ਜਦੋਂ ਸਿੱਖ ਗੁਰੂ ਸਾਹਿਬ ਲਈ ਜੋੜਾ ਕਪੜੇ ਲੈ ਕੇ ਆਇਆ•

ਇਕ ਵੇਰਾਂ ਜਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਬਿਰਾਜੇ ਹੋਏ ਸਨ ਤਾਂ ਇਕ ਸਿੱਖ ਗੁਰੂ ਸਾਹਿਬ ਲਈ ਕਾਲੇ ਰੰਗ ਦੇ ਬਹੁਤ ਹੀ ਮਹੀਨ ਮਹੀਨ ਕਪੜਿਆਂ ਦੇ ਜੋੜੇ ਸਿਵਾਂ ਕੇ ਲਿਆਇਆ। ਨਾਲ ਹੀ ਇਤਰ ਫੁਲੇਲ ਦੀਆਂ ਸ਼ੀਸ਼ੀਆਂ, ਮਿਠਾਈਆਂ ਦੇ ਕੁੱਜੇ ਅਤੇ ਸੁੱਕੇ ਮੇਵਿਆਂ ਦੀ ਟੋਕਰੀ ਲਿਆ ਗੁਰੂ ਸਾਹਿਬ ਦੇ ਅਰਪਨ ਕੀਤੀ। ਬਹੁਤ ਹੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਗੁਰੂ ਸਾਹਿਬ ਮੈਨੂੰ ਬਹੁਤ ਚਾਅ ਆ ਜੇ ਤੁਸੀ ਮੇਰਾ ਭੇਟ ਕੀਤਾ ਜੋੜਾ ਪਹਿਨੋ ਤਾਂ। ਮਾਤਾ ਸੁਲੱਖਣੀ ਨੇ ਵੀ ਜੋਰ ਪਾ ਦਿੱਤਾ ਕਿ ਸਾਹਿਬ ਤੁਸੀ ਇਹ ਜੋੜਾ ਜਰੂਰ ਪਹਿਨੋ।

ਅਖੀਰ ਗੁਰੂ ਸਾਹਿਬ ਨੇ ਜੋੜਾ ਪਹਿਨ ਲਿਆ ਤੇ ਬਾਕੀ ਵਸਤੂਆਂ ਭੰਡਾਰੀ ਦੇ ਹਵਾਲੇ ਕਰ ਦਿੱਤੀਆਂ। ਓਥੇ ਹਰ ਕਿਸੇ ਨੇ ਸਲਾਹਿਆ ਕਿ ਗੁਰੂ ਸਾਹਿਬ ਨਵੇ ਕਪੜਿਆਂ ਵਿਚ ਤੁਸੀ ਬਹੁਤ ਚੰਗੇ ਲੱਗ ਰਹੇ ਹੋ।

ਅੱਜ ਫਿਰ ਦੀਵਾਨ ਵਿਚ ਗੁਰੂ ਸਾਹਿਬ ਨੇ ਕਾਇਆਂ ਭਾਵ ਸਰੀਰ ਦੀ ਅਸਲੀਅਤ ਤੇ ਹੀ ਸ਼ਬਦ ਬੋਲ ਦਿੱਤਾ।

ਗਉੜੀ ਚੇਤੀ ਮਹਲਾ ੧ ॥ ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ (ਪੂਰਾ ਸ਼ਬਦ ਦੇਖੋ ਸਫਾ ੲਣੲਣੲਣ ਲੰਕਾ ਸਾਖੀ)

ਹੇ ਮੇਰੇ ਸਰੀਰ! ਆਪਣੇ ਆਪ ਨੂੰ ਅਮਰ ਜਾਣ ਕੇ ਸੁਖ ਮਾਣਨ ਵਿਚ ਹੀ ਲੱਗਾ ਰਹਿੰਦਾ ਹੈ, ਤੈਨੂੰ ਇਹ ਅਹਿਸਾਸ ਨਹੀਂ ਕਿ ਇਹ ਜਗਤ ਇਕ ਖੇਡ ਹੈ ।..ਹੇ ਮੇਰੀ ਜਿੰਦੇ! ਮੇਰੀ ਸਿੱਖਿਆ ਧਿਆਨ ਨਾਲ ਸੁਣ । ..ਸਭ ਕਹਿਣ ਲੱਗ ਪਏ ਧੰਨ ਹੈ ਬਾਬਾ ਨਾਨਕ ਜਿਸ ਨੇ ਸਾਡੀਆਂ ਅੱਖਾਂ ਖੋਲ ਦਿੱਤੀਆਂ। ਇਹ ਤਾਂ ਵੱਡੀ ਸਚਾਈ ਹੈ ਕਿ ਇਹ ਸਰੀਰ ਇਕ ਦਿਨ ਸੁਆਹ ਹੋ ਜਾਣਾ ਹੈ।

### ਕਾਇਆਂ ਤੇ ਵਖਿਆਨ ਅਗਲੇ ਦਿਨ ਵੀ ਜਾਰੀ ਰਿਹਾ**

ਫਿਰ ਅਗਲੇ ਦਿਨ ਵੀ ਗੁਰੂ ਸਾਹਿਬ ਨੇ ਹਉਮੈ ਵਿਚ ਜਕੜੀ ਇਸ ਕਾਇਆ ਤੇ ਵਖਿਆਨ ਜਾਰੀ ਰੱਖਿਆ ਤੇ ਸਮਝਾਇਆ ਕਿ ਕਿਵੇ ਇਹ ਸਰੀਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਚੱਕਰ ਵਿਚ ਪੈ ਕੇ ਲੁਟੀਦਾ ਰਹਿਦਾ ਹੈ। ਜੀਵ ਭੁਲਿਆ ਪਿਆ ਕਿ ਇਕ ਦਿਨ ਇਸ ਮਾੜੀ ਨੂੰ ਅਗਲਿਆਂ ਢਾਹ ਦੇਣਾ "ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥" ਮਤਲਬ ਕਿ ਬੰਦਿਆ ਮਾਇਆ ਮੋਹ ਵਿਚ ਐਨਾ ਨਾਂ ਡੁੱਬਾ ਰਹੁ।

ਸਾਹਿਬ ਨੇ ਸ਼ਬਦ ਕਿਹਾ ਜਿਸ ਨੂੰ ਸਾਰੀ ਸੰਗਤ ਨੇ ਨਾਲ ਰਲ ਗਾਇਆ:-

ਗਉੜੀ ਚੇਤੀ ਮਹਲਾ ੧ ॥ ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥ ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥ ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥ ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥ ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥ ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥ ੪॥੨॥੧੪॥

-----◈-----

## ਭਾਈ ਲਹਿਣਾ ਪੁੱਛਦੈ, "ਗੁਰੂ ਜੀ ਬੰਦੇ ਦੇ ਦੁੱਖਾਂ ਦਾ ਕੀ ਕਾਰਣ?"•

ਕਿਉਕਿ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਬਾਰ ਬਾਰ ਤਾਕੀਦ ਕੀਤੀ ਹੋਈ ਸੀ ਕਿ ਜੋ ਵੀ ਤੇਰੇ ਮੰਨ ਵਿਚ ਸਵਾਲ ਉਠਦੈ ਬਿਨਾਂ ਝਿੱਜਕ ਪੁੱਛਿਆ ਕਰ। ਭਾਈ ਲਹਿਣੇ ਨੇ ਫਿਰ ਦੀਵਾਨ ਵਿਚ ਵੀ ਸਵਾਲ ਪੁੱਛਣੇ। ਇਕ ਦਿਨ ਫਿਰ ਸਿਆਲਕੋਟ ਤੋਂ ਇਕ ਖੱਤਰੀ ਆਇਆ। ਰੋ ਰੋ ਕੇ ਆਪਣੇ ਦੁੱਖੜੇ ਗੁਰੂ ਸਾਹਿਬ ਅੱਗੇ ਫੋਲ ਰਿਹਾ ਸੀ ਕਿ 'ਮੈਂ ਸਮਾਜ ਵਿਚ ਕੱਖੋਂ ਹਉਲਾ ਹੋ ਗਇਆ ਵਾਂ। ਮੇਰਾ ਸਾਰਾ ਕਾਰੋਬਾਰ ਬਰਬਾਦ ਹੋ ਗਇਆ ਹੈ। ਬਾਬਾ ਜੀ ਮੇਰਾ ਤਾਂ ਜੀਅ ਕਰਦਾ ਖੁੱਦਕਸ਼ੀ ਕਰ ਲਵਾਂ।'

ਗੁਰੂ ਸਾਹਿਬ ਨੇ ਉਸ ਸੌਦਾਗਰ ਨੂੰ ਉਪਦੇਸ਼ ਦਿੱਤਾ ਕਿ ਨਾਮ ਦੇ ਲੜ ਲੱਗੋ, ਸੱਚ ਵਿਚ ਆ ਜਾਓ ਤੁਹਾਡੀਆ ਤਕਲੀਫਾਂ ਕੱਟ ਜਾਣਗੀਆਂ।

ਸੌਦਾਗਰ ਨੇ ਆਪਣੇ ਕੁਝ ਅਜਿਹੇ ਦੁੱਖੜੇ ਰੋਏ ਕਿ ਭਾਈ ਲਹਿਣੇ ਦੀ ਉਸ ਨਾਲ ਹਮਦਰਦੀ ਹੋ ਗਈ। ਭਾਈ ਸਾਹਿਬ ਨੇ ਫਿਰ ਸਵਾਲ ਕਰ ਦਿੱਤਾ ਕਿ ਗੁਰੂ ਜੀ ਸਾਡਾ ਮਾਲਕ ਅਕਾਲ ਪੁਰਖ ਜੀਵਾਂ ਨੂੰ ਏਨੇ ਦੁੱਖ ਕਿਓ ਦਿੰਦਾ ਹੈ?

ਗੁਰੂ ਸਾਹਿਬ ਨੇ ਫਿਰ ਵਿਸਥਾਰ ਨਾਲ ਸਮਝਾਇਆ ਕਿ ਅਸੀ ਆਪਣਾ ਬੀਜਿਆ ਆਪੇ ਵੱਢਦੇ ਹਾਂ। ਗੁਰੂ ਸਾਹਿਬ ਨੇ ਉਸ ਸੌਦਾਗਰ ਨੂੰ ਕਿਹਾ ਕਿ ਤੇਰੇ ਤੇ ਕਦੋਂ ਤੋਂ ਦੁੱਖਾਂ ਨੇ ਘੇਰਾ ਪਾਇਆ ਹੋਇਆ ਹੈ। ਉਸ ਦੱਸਿਆ ਕਿ ਬਾਬਾ ਜੀ ਕੁੜੀ ਦਾ ਵਿਆਹ ਕੀਤਾ ਸੀ ਉਸ ਤੋਂ ਬਾਦ ਕਾਰੋਬਾਰ ਹੇਠਾਂ ਹੀ ਹੇਠਾਂ ਚਲਾ ਗਿਆ।

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸੰਬੋਧਨ ਹੋ ਕੇ ਕਿਹਾ ਕਿ ਪੁਰਖਾ ਇਹ ਗਵਾਹ ਤੇਰੇ ਸਾਹਮਣੇ ਹੈ। ਬੰਦਾ ਜਦੋਂ ਹਉਮੈ ਵਿਚ ਆ ਕੇ ਆਪਣਾ ਟੌਹਰ ਬਣਾਉਣ ਖਾਤਰ ਅਜਿਹੇ ਕੰਮ ਕਰਦਾ ਹੈ ਤਾਂ ਫਿਰ ਉਨ੍ਹੂੰ ਨਤੀਜੇ ਵੀ ਭੁਗਤਣੇ ਪੈਂਦੇ ਹਨ। ਇਸ ਬੰਦੇ ਨੇ ਧੀ ਦੇ ਵਿਆਹ ਤੇ ਵਿਤੋਂ ਬਾਹਰਾ ਖਰਚਾ ਕੀਤਾ। ਆਪਣੀ ਰਾਸ-ਪੂਜੀ ਲਾਉਣੀ ਤਾਂ ਕਿਤੇ, ਇਸ ਨੇ ਕਰਜਾ ਵੀ ਚੁੱਕ ਲਿਆ। ਪਰ ਕਾਰੋਬਾਰ ਵਿਚ ਆਮਦਨ ਮਰਿਆਦਾ ਅਨੁਸਾਰ ਆਉਂਦੀ ਹੈ। ਇਸ ਨੇ ਵਿੱਤ ਦਾ ਸਾਵਾਂਪਣ ਸਾਰਾ ਵਿਗਾੜ ਦਿੱਤਾ। ਫਿਰ ਘਾਟੇ ਤਾਂ ਪੈਣੇ ਹੀ ਸਨ। ਖਰਚਾ ਕਰਨ ਲੱਗਿਆ ਇਸ ਨੇ ਆਪਣੀ ਆਮਦਨ ਨਹੀ ਵੇਖੀ।

ਸੌਦਾਗਰ ਕਹਿਣ ਲੱਗਾ ਜੀ ਕੁੜਮ ਜਿਆਦਾ ਅਮੀਰ ਬੰਦੇ ਸੀ।

ਗੁਰੂ ਸਾਹਿਬ ਨੇ ਫਿਰ ਵਿਆਖਿਆ ਕੀਤੀ ਕਿ ਵੇਖੋ ਇਥੇ ਫਿਰ ਇਹਦੀ ਹਉਮੈ ਅੱਗੇ ਆਈ। ਇਸ ਨੇ ਆਪਣੇ ਦਾਇਰੇ ਵਿਚੋਂ ਬਾਹਰ ਜਾ ਕੇ ਰਿਸਤਾ ਕੀਤਾ। ਆਪਣੇ ਆਪ ਨੂੰ ਅਮੀਰ ਹੋਣ ਦਾ ਵਿਖਾਵਾ ਕੀਤੇ ਤੇ ਜਲੌਅ ਕੀਤੇ। ਭਾਵ ਆਪਣੇ ਆਪ ਨਾਲ ਤੇ ਸਮਾਜ ਨਾਲ ਵੱਡਾ ਝੂਠ ਬੋਲਿਆ।

ਸੋ ਇਹ ਸੁਦਾਗਰ ਰਜਾ ਵਿਚ ਨਹੀ ਸੀ ਚਲਿਆ। ਰਜਾ ਤੋਂ ਬਾਹਰਾ ਹੋ ਗਿਆ। ਇਸ ਨੇ ਸਿਰਫ ਆਪਣੇ ਵਾਸਤੇ ਹੀ ਮੁਸ਼ਕਲਾਂ ਨਹੀ ਪੈਦਾ ਕੀਤੀਆਂ ਇਸ ਦੇ ਕਾਰਨਾਮੇ ਕਰਕੇ ਧੀ ਵੀ ਦੁੱਖੀ ਹੈ।

ਮੁੱਕਦੀ ਗਲ ਬੰਦੇ ਦੇ ਦੁੱਖਾਂ ਦੀ ਜੜ੍ਹ ਉਹਦੀ ਹਉਮੈ ਹੀ ਹੈ। ਕਿਤੇ ਉਹ ਕਾਮ ਦੀ ਵਜ੍ਹਾ ਕਰਕੇ ਦੁੱਖ ਪਾ ਰਿਹਾ ਹੁੰਦੈ, ਕਿਤੇ ਹੰਕਾਰ ਦੇ ਕਰਕੇ, ਕਿਤੇ ਮੋਹ ਕਰਕੇ, ਕਦੀ ਕ੍ਰੋਧ ਕਰਕੇ। ਭਾਵ ਬੰਦਾ ਜੇ ਸੱਚ ਭਾਵ ਰਜਾ ਵਿਚ ਚਲੇਗਾ ਤਾਂ ਉਹਨੂੰ ਦੁੱਖ ਦਲਿਦ੍ਰ ਨਹੀ ਘੇਰਨਗੇ। 'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥'

ਫਿਰ ਗੁਰੂ ਸਾਹਿਬ ਨੇ ਚੇਤੀ ਗਉੜੀ ਵਿਚ ਬਾਣੀ ਗਾਈ:-

ਗਉੜੀ ਚੇਤੀ ਮਹਲਾ ੧ ॥ ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥ ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥ ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥੨॥ ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ ॥ ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥੩॥ ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬

ਦੀਵਾਨ ਵਿਚ ਬੈਠੇ ਹਰ ਕਿਸੇ ਦੀਆ ਅੱਖਾਂ ਖੁੱਲ ਗਈਆਂ ਸਨ। ਮਨ ਹੀ ਮਨ ਵਿਚ ਹਰ ਕੋਈ ਸੋਚ ਰਿਹਾ ਸੀ ਕਿ ਅੱਗੇ ਤੋਂ ਹਲੀਮੀ ਵਿਚ ਰਹਿਣਾ ਹੈ। ਗਰੀਬੀ ਚੰਗੀ ਹੈ। ਨਕਲੀ ਅਮੀਰ ਬਣਨਾ ਬਹੁਤ ਮਹਿੰਗਾ ਪੈਂਦਾ ਹੈ।

ਗੁਰੂ ਸਾਹਿਬ ਦਾ ਉਪਦੇਸ਼ ਸੁਣਕੇ ਉਸ ਵਪਾਰੀ ਦਾ ਹਿਰਦਾ ਖਿੜ ਉਠਿਆ। ਕਹਿੰਦਾ ਮੈਂ ਕਲ ਹੀ ਜਾ ਕੇ ਉਹ ਸਾਰੀ ਜਾਇਦਾਦ ਵੇਚ ਕੇ ਸੁਰਖਰੂ ਹੋਵਾਂਗਾ ਜਿਹੜੇ ਵਿਖਾਵੇ ਖਾਤਰ ਬਣਾਈ ਹੋਈ ਹੈ।

ਆਪ ਮੁਹਾਰੇ ਲੋਕਾਂ ਦੇ ਮੂੰਹੋ ਨਿਕਲ ਰਿਹਾ ਸੀ: ਧੰਨ ਗੁਰੂ ਨਾਨਕ। ਰੱਬ ਦਾ ਰੂਪ ਬਾਬਾ ਨਾਨਕ।

-----◈-----

## ਹੰਕਾਰ ਤਾਂ ਨੇਕੀ ਦਾ ਵੀ ਪ੍ਰਵਾਨ ਨਹੀ⊙

ਗਲ ਕਰਤਾਰਪੁਰ ਸਾਹਿਬ ਧਰਮਸਾਲ ਦੀ ਹੈ। ਗੁਰੂ ਸਾਹਿਬ ਨੇ ਵੇਖਿਆ ਕਿ ਕੁਝ ਗੁਰਸਿੱਖ ਜੋ ਧਰਮਸਾਲ ਵਿਚ ਰਹਿ ਕੇ ਸੇਵਾ ਕਰ ਰਹੇ ਸਨ ਸੰਗਤ ਨਾਲ ਉਨਾਂ ਦੇ ਵਿਹਾਰ ਵਿਚ ਕੁਝ ਹੰਕਾਰ ਆ ਚੁੱਕਾ ਸੀ। ਆਈ ਗਈ ਸੰਗਤ ਨਾਲ ਇਸ ਤਰਾਂ ਵਰਤਦੇ ਸਨ ਜਿਵੇ ਠਾਣੇ ਵਿਚ ਦਰੋਗੇ ਵਿਹਾਰ ਕਰਦੇ ਹਨ। ਉਨਾਂ ਨੂੰ ਇਸ ਗਲ ਦਾ ਗਰਬ ਹੋ ਚੁੱਕਾ ਸੀ ਉਹ ਨਿਰ-ਸਵਾਰਥ ਇਥੇ ਧਰਮਸਾਲ ਵਿਚ ਸੇਵਾ ਕਰ ਰਹੇ ਹਨ ਬਿਨਾਂ ਕਿਸੇ ਤਲਬ ਤਨਖਾਹ ਦੇ। ਗੁਰੂ ਸਾਹਿਬ ਨੇ ਫਿਰ ਦੀਵਾਨ ਵਿਚ ਇਸੇ ਮਸਲੇ ਤੇ ਵਖਿਆਨ ਦਿੱਤਾ ਕਿ ਚੰਗਿਆਈ ਕਰਕੇ ਜੇ ਬੰਦਾ ਉਹਦਾ ਹੰਕਾਰ ਪਾਲ ਲੈਂਦਾ ਹੈ ਤਾਂ ਉਹ ਬੰਦਾ ਵੀ ਖੁਆਰ ਹੁੰਦਾ ਹੈ। ਹੰਕਾਰ ਚੰਗਿਆਈ ਦਾ ਵੀ ਮਾੜਾ।

ਗੁਰੂ ਸਾਹਿਬ ਨੇ ਉਸ ਵੇਲੇ ਦੀਆਂ ਪ੍ਰਚਲਤ ਕਥਾ ਕਹਾਣੀਆਂ ਵਿਚੋਂ ਮਿਸਾਲਾਂ ਦੇ ਦੇ ਕੇ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਹੰਕਾਰ ਤੋਂ ਬਚੋ।

ਉਨਾਂ ਦੱਸਿਆ ਕਿ ਵੇਖੋ ਬ੍ਰਹਮਾ ਕਿੱਢਾ ਅਵਤਾਰੀ ਪੁਰਸ਼ ਹੋਇਆ ਹੈ ਤੇ ਵੇਖ ਲਓ ਵੇਦ ਰਚਣ ਦਾ ਉਨੂੰ ਜਦੋਂ ਹੰਕਾਰ ਹੋ ਗਇਆ ਤਾਂ ਚਾਰੇ ਵੇਦ ਚੋਰੀ ਹੋ ਗਏ। ਅੰਨਾ ਹੋ ਗਿਆ। ਫਿਰ ਜਦੋਂ ਨਿਰਬਲ ਹੋ ਕੇ ਨਿਰੰਕਾਰ ਅੱਗੇ ਅਰਦਾਸਾਂ ਕੀਤੀਆਂ ਤਾਂ ਫਿਰ ਕਿਤੇ ਉਹਦਾ ਉਧਾਰ ਹੋਇਆ।

ਬਲ ਰਾਜਾ ਕਿੰਨਾ ਦਾਨੀ ਹੋਇਆ ਹੈ ਕਿੰਨੇ ਉਸ ਜਗ ਕੀਤੇ, ਪਰ ਗੁਰੂ ਵਿਹੂਣਾ ਹੋਣ ਕਰਕੇ ਹੰਕਾਰ ਕਰ ਗਇਆ ਤੇ ਸਾਰਾ ਕੀਤਾ ਕਰਾਇਆ ਖੂਹ ਖਾਤੇ ਵਿਚ ਪਇਆ।

ਰਾਜਾ ਹਰੀ ਚੰਦ ਦਾ ਹੀ ਵੇਖ ਲਓ। ਕੀ ਉਸ ਤੋਂ ਵੱਡਾ ਕੋਈ ਦਾਨੀ ਹੋ ਸਕਦਾ ਹੈ? ਪਰ ਜਸ ਲੈਣ ਦੇ ਚਕਰ ਵਿਚ, ਦਾਨ ਦਾ ਹੰਕਾਰ ਕਰ ਬੈਠਾ ਤੇ ਕੱਖੋਂ ਹੌਲਾ ਹੋ ਹੋ ਰੁਲਿਆ।

ਮਤਲਬ ਸੰਸਾਰ ਦੀ ਖੇਡ ਦਾ ਗਿਆਨ ਹੋਣਾ ਜਰੂਰੀ ਹੈ। ਕਿ ਕਿਵੇ ਸਾਰਾ ਹਉਮੇ ਤੇ ਸੱਚ ਦੇ ਟਕਰਾਅ ਤੇ ਪਸਾਰਾ ਹੈ।

ਹਰਣਾਖਸ਼ ਆਪਣੀ ਬੇਵਕੂਫੀ ਕਰਕੇ ਖੁਆਰ ਹੋਇਆ। ਮਿਸਾਲ ਤੁਹਾਡੇ ਸਾਹਮਣੇ ਕਿ ਕਿਵੇ ਨਰਾਇਣ ਪ੍ਰਭੂ ਨੇ ਉਹਦਾ ਹੰਕਾਰ ਰੇਤ ਦੇ ਕਣਾਂ ਵਾਗੂ ਖਲਾਰ ਦਿੱਤਾ। ਜਦੋਂ ਕਿ ਨੇਕ ਪ੍ਰਹਲਾਦ ਦਾ ਉਧਾਰ ਹੁੰਦਾ ਹੈ।

ਰਾਵਣ ਕਿੱਢਾ ਵੱਡਾ ਵਿਦਵਾਨ ਸੀ। ਚਾਰੇ ਵੇਦਾਂ ਦਾ ਗਿਆਤਾ। ਸਿਰਫ ਇਕ ਹਉਮੈ ਕਰਕੇ ਲੰਕਾ ਵੀ ਗਵਾਈ ਤੇ ਮਾਰਿਆ ਵੀ ਗਇਆ।

ਸੋ ਜੇ ਨੇਕੀ ਕੀਤੀ ਹੈ ਤਾਂ ਉਹਦਾ ਗਰਬ ਨਹੀ ਕਰਨਾਂ।

ਗੁਰੂ ਸਾਹਿਬ ਨੇ ਦੀਵਾਨ ਵਿਚ ਸੰਗਤ ਦੇ ਨਾਲ ਸ਼ਬਦ ਗਾਵਿਆ:

ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥

—▲—

ਹਵਾਲਾ: *ਸੋਢੀ 2- 422, ◆ਸੋਢੀ 2- 427, ● ਸੋਢੀ 2- 432, ⊙ ਸੋਢੀ 2-435

ਬਾਬ-65

# ਸਿੱਖਾਂ ਦਾ ਇਮਤਿਹਾਨ ਅਤੇ ਜਾਨਸ਼ੀਨ ਚੁੱਣਨਾ

## ਕਰਤਾਰਪੁਰ ਦੇ ਕੌਤਕ (ਭਾਗ-9)

## (1537ਈ.)



ਚੰਗੀ ਤਰਾਂ ਸਿੱਖਾਂ ਨੂੰ ਠੋਕ ਵਜਾ ਕੇ ਪ੍ਰਖਿਆ ਅਤੇ ਫਿਰ ਜਾ ਕੇ ਭਾਈ ਲਹਿਣੇ ਨੂੰ ਗੁਰਿਆਈ ਦਾ ਟਿੱਕਾ ਦਿੱਤਾ। "ਜਾਂ ਸੁਧੋਸੁ ਤਾਂ ਲਹਣਾ ਟਿਕਿਓਨ" ਬੀ:40 ਤਸਵੀਰ। ਇਥੇ ਫਿਰ ਭਾਈ ਮਰਦਾਨੇ ਨੂੰ ਵੀ ਦਿਖਾ ਦਿੱਤਾ ਹੈ ਜੋ ਕਿ ਇਤਹਾਸਿਕ ਤੌਰ ਤੇ ਗਲਤ ਹੈ। ਭਾਈ ਜੀ ਦਾ ਚਲਾਣਾ ਹੋ ਚੁੱਕਾ ਸੀ।

ਸਿੱਖੀ ਦੀ ਲਹਿਰ ਨੂੰ ਪ੍ਰਚੰਡ ਰੱਖਣ ਲਈ ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਕਿ ਉਹਨਾਂ ਲਈ ਕਾਬਲ ਉਤਰਾਧਿਕਾਰੀ ਜਰੂਰੀ ਹੈ। ਉਹਨਾਂ ਦੇ ਪੁੱਤਰਾਂ ਨੇ ਲਗਾਤਾਰ ਗੁਰੂ ਸਾਹਿਬ ਦੀ ਵਿਰੋਧਤਾ ਹੀ ਸੁਣੀ ਹੋਈ ਸੀ, ਜਿਸ ਕਾਰਨ ਉਹ ਪੂਰੀ ਤਰਾਂ ਆਗਿਆਕਾਰ ਨਹੀ ਸਨ। ਭਾਈ ਲਹਿਣੇ ਨੂੰ ਗੁਰੂ ਸਾਹਿਬ ਨੇ ਪਹਿਲੀ ਨਜਰੇ ਹੀ ਪਛਾਣ ਲਿਆ ਸੀ। ਪਰ ਜਿਵੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸੰਗਤ ਵਿਚ ਵੱਡੀ ਜਿੰਮੇਵਾਰੀ ਸੌਂਪਦੇ ਸਨ ਤਾਂ ਕਈ ਗੁਰਸਿੱਖ ਭਾਈ ਜੀ ਨਾਲ ਈਰਖਾ ਕਰਦੇ ਸਨ। ਗੁਰੂ ਸਾਹਿਬ ਨੇ ਫਿਰ ਗੁਰਿਆਈ ਲਈ ਅਣਐਲਾਨੀ ਪ੍ਰੀਖਿਆ ਸ਼ੁਰੂ ਕਰ ਦਿੱਤੀ। ਉਸ ਵੇਲੇ ਉਹਨਾਂ ਨੇ ਅਜਿਹੇ ਕੌਤਕ ਕੀਤੇ ਕਿ ਜਿੰਨਾਂ ਸਿੱਖਾਂ ਦਾ ਗੁਰੂ ਵਿਚ ਭਰੋਸਾ ਪੂਰਨ ਨਹੀ ਸੀ ਉਹ ਆਪਣੇ ਆਪ ਹੌਲੀ ਹੌਲੀ ਪਰਾਂ ਹੱਟਦੇ ਗਏ। ਇਹ ਕਾਰਜ ਗੁਰੂ ਸਾਹਿਬ ਨੇ ਆਪਣੇ ਚਲਾਣੇ ਤੋਂ ਚੋਖਾ ਸਮਾਂ ਪਹਿਲਾਂ ਹੀ ਪੂਰਾ ਕਰ ਲਿਆ ਸੀ। ਕੁਝ ਇਤਹਾਸਕਾਰਾਂ ਨੇ ਲਿਖਿਆ ਹੈ ਕਿ ਲੱਗ ਪੱਗ ਦੋ ਸਾਲ ਪਹਿਲਾਂ ਹੀ ਜਾਨਸ਼ੀਨ ਦੀ ਚੋਣ ਕਰ ਲਈ ਸੀ।

ਜਿਵੇਂ ਸੱਤੇ ਬਲਵੰਡ ਨੇ ਲਿਖਿਆ ਹੈ:

### ਰਤਨ ਕੱਢਣ ਲਈ ਗੁਰੂ ਸਾਹਿਬ ਨੇ ਸਮੁੰਦਰ ਚੰਗੀ ਤਰਾਂ ਰਿੜਕਿਆ

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥(ਅੰਗ ੯੩੭- ਸਗਗਸ)

ਇਨਸਾਨ ਆਪਣੇ ਸੰਸਕਾਰ ਥੋੜੀ ਕੀਤਿਆਂ ਛੱਡਦਾ ਨਹੀ। ਮਿਸਾਲ ਦੇ ਤੌਰ ਤੇ ਗੁਰੂ ਸਾਹਿਬ ਦਾ ਇੱਕ ਪੰਗਤ ਵਿੱਚ ਲੰਗਰ, ਜਾਤ ਪਾਤ ਤੇ ਛੂਆ ਛੂਤ ਦੇ ਸਿਧਾਂਤ ਤੇ ਗਹਿਰੀ ਸੱਟ ਮਾਰਦਾ ਸੀ। ਓਨਾਂ ਦਿਨਾਂ ਵਿੱਚ ਇਹ ਕੋਈ ਛੋਟੀ ਜਿਹੀ ਗਲ ਨਹੀ ਸੀ। ਛੂਆ ਛੂਤ ਦਾ ਪ੍ਰਕੋਪ ਕਿਸੇ ਨੇ ਵੇਖਣਾ ਹੋਵੇ ਤਾਂ ਮਹਾਤਮਾ ਗਾਂਧੀ ਦੇ ਗੁਜਰਾਤ ਜਾਂ ਜਵਾਹਰ ਲਾਲ ਨਹਿਰੂ ਦੇ ਯੂ.ਪੀ ਆਦਿ ਵਿੱਚ ਜਾ ਕੇ ਵੇਖੇ। ਬੇਸ਼ੱਕ ਦੱਖਣ ਦੇ ਕਿਸੇ ਸੂਬੇ ਵਿੱਚ ਜਾ ਵੇਖੇ।

ਮਿਸਾਲ ਦੇ ਤੌਰ ਤੇ ਜਿਵੇ ਛੂਆ ਛੂਤ ਸਮਾਜ ਦੇ ਦਿਲੋਂ ਦਿਮਾਗ ਤੇ ਡੂੰਗਾ ਅਸਰ ਕਰ ਚੁੱਕੀ ਹੁੰਦੀ ਹੈ ਏਸੇ ਤਰਾਂ ਹੀ ਸਾਡੀਆਂ ਹੋਰ ਰੂੜੀਵਾਦੀ ਤੇ ਬ੍ਰਾਹਮਣੀ ਮਾਨਤਾਵਾਂ ਬਣੀਆਂ ਹੋਈਆਂ ਹਨ, ਜਿੰਨਾਂ ਤੋਂ, ਭਾਣੇ ਵਿੱਚ ਵਿਚਰਨ ਵਾਲੇ ਗੁਰਸਿੱਖ ਨੂੰ ਮੁਕਤ ਕਰਨਾਂ ਜਰੂਰੀ ਸੀ। ਘੱਟੋ ਘੱਟ ਸਿੱਖੀ ਦੇ ਰਹਿਨੁਮਾਵਾਂ ਦੇ ਸੰਕਲਪ ਤਾਂ ਸਾਫ ਹੋਣ। ਮਿਸਾਲ ਦੇ ਤੌਰ ਬ੍ਰਾਹਮਣੀ ਮਾਨਤਾਵਾਂ ਕੁਝ ਜਾਨਵਰਾਂ ਨੂੰ ਪਵਿਤ੍ਰ ਮੰਨਦੀਆਂ ਹਨ ਤੇ ਕੁਝ ਨੂੰ ਛੱਕਣ ਦਾ ਉਪਦੇਸ਼ ਦਿੰਦੀਆਂ ਹਨ। ਐਨ ਇਹੋ ਹਾਲ ਮੁਸਲਮਾਨ ਮਾਨਤਾਵਾਂ ਦਾ ਹੈ ਜਿੱਥੇ ਸੂਰ ਨੂੰ ਵੇਖਦਿਆਂ ਹੀ ਮੁਸਲਮਾਨ ਥੂ ਥੂ ਕਰਨ ਲੱਗ ਪੈਂਦੇ ਹਨ ਪਰ ਕੁੱਕੜ ਨੂੰ ਖੁਸ਼ੀ ਖੁਸ਼ੀ ਖਾਂਦੇ ਹਨ। ਸੋ ਗੁਰੂ ਸਾਹਿਬ ਦਾ ਨਿਸ਼ਾਨਾ ਸੀ ਕਿ ਉਨਾਂ ਦਾ ਜਾਨਸ਼ੀਨ ਗੁਰਮਤ ਵਿੱਚ ਪ੍ਰਪੱਕ ਹੋਵੇ।

ਸੋ ਜਾਨਸ਼ੀਨ ਲੱਭਣ ਲਈ ਸਾਹਿਬ ਨੇ ਸਿੱਖ ਛਾਂਟਣੇ ਸ਼ੁਰੂ ਕਰੇ। ਹਾਲਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਪਹਿਲੀ ਨਜਰੇ ਹੀ ਤਾੜ ਗਏ ਸਨ। ਪਰ ਹੋਰ ਕਿਸੇ ਉਮੀਦਵਾਰ ਨੂੰ ਗਿਲਾ ਨਾਂ ਰਹੇ ਗੁਰੂ ਸਾਹਿਬ ਨੇ ਗੁਰਿਆਈ ਲਈ ਇਮਤਿਹਾਨ ਲਏ। ਜਿਹੜੇ ਜਿਹੜੇ ਗੁਰਮਤ ਦੀ ਪ੍ਰੀਖਿਆ ਵਿੱਚ ਬੈਠੇ ਉਨਾਂ ਵਿੱਚ ਸਨ, ਬਾਬਾ ਸ੍ਰੀ ਚੰਦ, ਬਾਬਾ ਲਖਮੀ ਦਾਸ, ਅਜਿੱਤਾ ਰੰਧਾਵਾ, ਭਾਈ ਕਾਲੂ, ਭਾਈ ਮੂਲਾ ਕੀੜ, ਭਾਈ ਪ੍ਰਿਥਾ, ਭਾਈ ਰਾਮਾ ਡਿੱਡੀ, ਭਾਈ ਮਾਲੋ ਸ਼ੇਖ, ਭਾਈ ਮਾਂਗੋ, ਭਾਈ ਗੁੱਜਰ ਲੁਹਾਰ, ਭਾਈ ਸ਼ੀਹਾਂ, ਭਾਈ ਗੱਜਣ, ਭਾਈ ਫਿਰਣਾ, ਭਾਈ ਬੱਚਾ, ਭਾਈ ਜੋਧ, ਭਾਈ ਸੈਦੋ ਘਈ, ਭਾਈ ਭਗਤਾ ਓਹਰੀ, ਭਾਈ ਜਾਪੂਵੰਸ਼ੀ, ਭਾਈ ਧਿੰਙ ਨਾਈ, ਭਾਈ ਭਗੀਰਥ, ਭਾਈ ਮਨਸੁਖ ਉਰਫ ਭਾਈ ਸਧਾਰਣ, ਬਾਬਾ ਬੁੱਢਾ, ਅਤੇ ਭਾਈ ਲਹਿਣਾ।

-----◆-----

## ਭਾਈ ਲਹਿਣੇ ਦਾ ਸਬਰ ਸਿਦਕ ਅਤੇ ਭਰੋਸਾ

ਮਨ੍ਹੇਰੇ ਜਦੋਂ ਗੁਰੂ ਸਾਹਿਬ ਰਾਵੀ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ ਤਾਂ ਲੱਗਦੀ ਵਾਹੇ ਭਾਈ ਲਹਿਣੇ ਨੂੰ ਨਾਲ ਖੜਦੇ। ਇਸ ਨਾਲ ਬਾਕੀ ਦੇ ਸਿੱਖਾਂ ਵਿੱਚ ਥੋੜੀ ਈਰਖਾ ਦੀ ਭਾਵਨਾ ਵੀ ਆਈ। ਓਨਾਂ ਸੋਚਿਆ ਕਿ ਕਿਓ ਨਾਂ ਅਸੀ ਵੀ ਮਨੇਰੇ ਉੱਠ ਨਾਲ ਹੀ ਜਾਈਏ।

ਇਸ ਪ੍ਰਕਾਰ, ਇਕ ਵੇਰਾਂ, ਗੁਰੂ ਸਾਹਿਬ ਦੀ ਰਵਾਨਗੀ ਮੌਕੇ ਉਹ ਵੀ ਸਾਰੇ ਨਾਲ ਹੀ ਹੋ ਤੁਰੇ। ਰਾਵੀ ਤੇ ਪਹੁੰਚ ਸਾਰਿਆਂ ਇਸ਼ਨਾਨ ਕੀਤਾ। ਮੌਸਮ ਸਰਦੀਆਂ ਦਾ ਸੀ। ਗੁਰੂ ਸਾਹਿਬ ਜਿਓ ਰਾਵੀ ਵਿੱਚ ਵੜੇ ਨਿਕਲਨ ਦਾ ਨਾਂ ਹੀ ਨਾਂ ਲੈਣ। ਕੰਢੇ ਬੈਠੇ ਸਿੱਖ ਅੱਕ ਗਏ। ਦਿਨ ਚੜ੍ਹਦਾ ਵੇਖ ਹੌਲੀ ਹੌਲੀ ਖਿਸਕਣੇ ਸ਼ੁਰੂ ਹੋ ਗਏ। ਅਖੀਰ ਤੇ ਭਾਈ ਲਹਿਣਾ ਹੀ ਉਡੀਕ ਵਿੱਚ ਬੈਠਾ ਰਿਹਾ।

-----◈-----

## ਗੁਰੂ-ਘਰ ਦੀ ਬਾਹਰਲੀ ਕੰਧ ਡਿੱਗ ਪਈ

ਇਕ ਵੇਰਾਂ ਮੀਂਹ ਨਾਲ ਗੁਰੂ ਸਾਹਿਬ ਦੇ ਘਰ ਦੀ ਬਾਹਰਲੀ ਕੰਧ ਢਹਿ ਪਈ ਸੀ। ਸਵੇਰੇ ਹੀ ਗੁਰੂ ਸਾਹਿਬ ਨੇ ਭਾਈ ਲਖਮੀ ਦਾਸ ਤੇ ਸ੍ਰੀਚੰਦ ਹੁਰਾਂ ਨੂੰ ਹੁਕਮ ਕੀਤਾ ਕਿ ਉਠੋ ਅਤੇ ਕੰਧ ਦੁਬਾਰਾ ਉਸਾਰ ਦਿਓ। ਦੋਵੇ ਸਹਿਬਜਾਦਿਆਂ ਜਵਾਬ ਦੇ ਦਿਤਾ ਕਿ ਪਿਤਾ ਜੀ ਦਿਨ ਤਾਂ ਚੜ੍ਹ ਲੈਣ ਦਿਓ, ਕਿਸੇ ਮਜਦੂਰ ਨੂੰ ਲਾ ਕੇ ਕੰਧ ਕਢਾ ਦਿਆਂਗੇ ਕਾਹਲੀ ਕਾਹਦੀ ਆ?

ਇਨੇ ਚਿਰ ਨੂੰ ਭਾਈ ਲਹਿਣਾ ਘਰ ਆ ਗਿਆ। ਗੁਰੂ ਸਾਹਿਬ ਨੇ ਉਸ ਨੂੰ ਹੁਕਮ ਕੀਤਾ ਕਿ ਪੁਰਖਾ ਕੰਧ ਉਸਾਰ ਦਿਓ। ਭਾਈ ਲਹਿਣਾ ਓਸੇ ਘੜੀ ਕਹੀ ਬਾਲਟਾ ਲੈ ਨਾਲ ਇੱਕ ਦੋ ਬੰਦਾ ਹੋਰ ਲੈ ਕੇ ਕੰਮ ਵਿੱਚ ਜੁੱਟ ਗਿਆ।

ਕੁਝ ਚਿਰ ਬਾਦ ਜਦੋਂ ਗੁਰੂ ਸਾਹਿਬ ਬਾਹਰ ਆਏ ਤਾਂ ਉਨਾਂ ਨੂੰ ਭਾਈ ਲਹਿਣੇ ਦੀ ਬਣਾਈ ਕੰਧ ਵਿੱਚ ਨੁਕਸ ਦਿਸੇ। ਗੁਰੂ ਸਾਹਿਬ ਨੇ ਕੰਧ ਦੁਬਾਰਾ ਉਸਾਰਨ ਦਾ ਹੁਕਮ ਕਰ ਦਿੱਤਾ। ਭਾਈ ਲਹਿਣੇ ਕੰਧ ਢਾਹੀ। ਮਾਤਾ ਚੋਣੀ ਨੇ ਵੇਖ ਲਿਆ ਕਿ ਕੰਧ ਢਾਹੀ ਗਈ ਹੈ। ਉਸ ਦੇ ਪੁੱਛਣ ਤੇ ਭਾਈ ਲਹਿਣ ਨੇ ਜਵਾਬ ਦਿੱਤਾ ਕਿ ਕੰਧ ਥੋੜੀ ਵਿੰਗੀ ਬਣ ਗਈ ਜਿਸ ਕਰਕੇ ਗੁਰੂ ਸਾਹਿਬ ਨੇ ਢਾਹੁੰਣ ਦਾ ਹੁਕਮ ਦੇ ਦਿੱਤਾ। ਮਾਤਾ ਨੇ ਵਿਰੋਧ ਕੀਤਾ ਕਿ ਫਿਰ ਕੀ ਹੋ ਗਇਆ ਜੇ ਥੋੜੀ ਵਿੰਗੀ ਸੀ ਤਾਂ, ਬਾਹਰ ਕਿਹੜੀ ਬਗਾਨੀ ਜਮੀਨ ਆ। ਭਾਈ ਲਹਿਣਾ ਨੇ ਦੁਬਾਰਾ ਘਾਣੀ ਕੀਤੀ ਕੰਧ ਫਿਰ ਉਸਾਰਨੀ ਸ਼ੁਰੂ ਕਰ ਦਿੱਤੀ।

ਉਸਰ ਰਹੀ ਕੰਧ ਵਿੱਚ ਗੁਰੂ ਸਾਹਿਬ ਨੇ ਫਿਰ ਨੁਕਸ ਕੱਢ ਦਿੱਤਾ ਤੇ ਢਾਹੁੰਣ ਦਾ ਹੁਕਮ ਦੇ ਦਿੱਤਾ। ਜਦੋਂ ਕੰਧ ਢਾਹੀ ਜਾ ਰਹੀ ਸੀ ਤਾਂ ਮਾਤਾ ਸੁਲੱਖਣੀ ਨੂੰ ਪਤਾ ਲੱਗਾ ਤਾਂ ਉਸਨੇ ਭਾਈ ਲਹਿਣੇ ਨੂੰ ਵੀ ਕਿਹਾ ਕਿ 'ਉਹ ਤਾਂ ਭਲਾ ਸੱਤਰੇ ਬਹੱਤਰੇ ਗਏ ਨੇ, ਤੂੰ ਕਾਹਨੂੰ ਆਪਣੇ ਹੱਡ ਭੰਨਦਾ ਰਹਿੰਨਾ?'

ਭਾਈ ਲਹਿਣੇ ਨੇ ਜਵਾਬ ਦਿੱਤਾ ਕਿ ਮਾਤਾ ਜੀ ਮਸਲਾ ਕੰਧ ਦਾ ਨਹੀ। ਮੈਨੂੰ ਇਨਾਂ ਪਤਾ ਹੈ ਕਿ ਮੇਰਾ ਜਾਣੀ ਜਾਣ ਮਾਲਕ ਜੋ ਹੁਕਮ ਕਰ ਰਿਹਾ ਹੈ ਉਸ ਵਿੱਚ ਜਰੂਰ ਕੁਝ ਨਾਂ ਕੁਝ ਕਾਰਨ ਹੈਗਾ। ਨਾਲੇ ਮੈਂ ਤਾਂ ਬਸ ਹੁਕਮ ਮੰਨਣਾ ਹੈ। ਜੇ ਇਹ ਕੰਮ ਨਹੀ ਤਾਂ ਕੋਈ ਹੋਰ ਕਰਨਾ ਹੋਵੇਗਾ।

ਸੋ ਇਸ ਪ੍ਰਕਾਰ ਆਗਿਆਕਾਰ ਜਾਣਕੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸੰਗਤ ਵਿੱਚ ਵੀ ਅਹਿਮੀਅਤ ਦਿਆ ਕਰਦੇ ਸਨ। ਦੀਵਾਨ ਵਿੱਚ ਆਪਣੇ ਕੋਲ ਬਿਠਾਉਦੇ ਸਨ। ਸੰਗਤ ਨੂੰ ਅੰਦਾਜ਼ਾ ਲੱਗ ਰਿਹਾ ਸੀ ਕਿ ਗੁਰੂ ਸਾਹਿਬ ਆਪਣਾ ਜਾਨਸ਼ੀਨ ਭਾਈ ਲਹਿਣੇ ਨੂੰ ਥਾਪ ਦੇਣਗੇ। ਇਸ ਕਾਰਨ ਕੁਝ ਸਿੱਖਾਂ ਵਿੱਚ ਭਾਈ ਲਹਿਣੇ ਬਾਬਤ ਈਰਖਾ ਵੀ ਪਣਪ ਰਹੀ ਸੀ। ਗੁਰੂ ਸਾਹਿਬ ਇਹ ਵੀ ਨਹੀ ਚਾਹੁੰਦੇ ਸਨ ਕਿ ਉਨਾਂ ਦੇ ਮਗਰੋ ਕੋਈ ਬਗਾਵਤ ਹੋਵੇ। ਇਸ ਕਾਰਨ ਗੁਰੂ ਸਾਹਿਬ ਨੇ ਸਭ ਦੇ ਸਾਹਮਣੇ ਸਭ ਮੁਹਤਬਰ ਸਿੱਖ ਪਰਖੇ। ਤਾਂ ਕਿ ਬਾਦ ਵਿੱਚ ਕਿਸੇ ਨੂੰ ਕੋਈ ਗਿਲਾ ਸ਼ਿਕਵਾ ਨਾਂ ਰਹੇ।

-----◈-----

## ਮਾਤਾ ਚੋਣੀ ਨੇ ਗਿਲਾ ਕੀਤਾ

ਜਦੋਂ ਸਭ ਨੂੰ ਲੱਗ ਰਿਹਾ ਸੀ ਕਿ ਗੁਰੂ ਸਾਹਿਬ ਭਾਈ ਲਹਿਣੇ ਨੂੰ ਆਪਣਾ ਉਤਰਾਧਿਕਾਰੀ ਥਾਪ ਦੇਣਗੇ ਤਾਂ ਇੱਕ ਦਿਨ ਮਾਤਾ ਚੋਣੀ ਨੇ ਗੁਰੂ ਸਾਹਿਬ ਅੱਗੇ ਗਿਲਾ ਕੀਤਾ ਕਿ ਵੇਖੋ ਜੀ ਤੁਸੀ ਸ਼ੁਰੂ ਤੋਂ ਹੀ ਸਾਡੇ ਨਾਲ ਧੱਕਾ ਕਰਦੇ ਆ ਰਹੇ ਹੋ। ਕਿੰਨੀਆਂ ਮੁਸ਼ਕਲਾਂ ਨਾਲ ਮੈਂ ਬੱਚੇ ਪਾਲੇ ਨੇ, ਹੁਣ ਜੇ ਤੁਸੀ ਘਰ ਪਰਤੇ ਹੀ ਹੋ ਤਾਂ ਅੱਜ ਵੀ ਬਿਗਾਨੇ ਪੁੱਤ ਤੁਹਾਨੂੰ ਆਪਣਿਆਂ ਤੋਂ ਚੰਗੇ ਲੱਗਦੇ ਨੇ।

ਗੁਰੂ ਸਾਹਿਬ ਨੇ ਕਿਹਾ ਨਹੀ ਚੋਣੀਏ ਅਜਿਹੀ ਕੋਈ ਗਲ ਨਹੀ। ਤੇਰੇ ਪੁੱਤਰਾਂ ਦੀ ਖਿੱਚ ਰਿਜਕ ਵਲ ਹੈ, ਭਰੋਸਾ ਰੱਖ ਤੇਰੇ ਪ੍ਰਵਾਰ ਨੂੰ ਰਿਜਕ ਦੀ ਕਦੀ ਘਾਟ ਨਹੀ ਹੋਵੇਗੀ। ਤੈਨੂੰ ਨਹੀ ਪਤਾ, ਗੁਰਿਆਈ ਤਾਂ ਨਿਰੀ ਫਕੀਰੀ ਹੀ ਨਹੀ ਇਹ ਤਾਂ ਕੰਡਿਆਂ ਦੀ ਸੇਜ ਹੈ। ਕਿਹਾ ਜਾਂਦਾ ਕਿ ਗੁਰੂ ਸਾਹਿਬ ਨੇ ਉਸ ਵੇਲੇ ਮਾਤਾ ਚੋਣੀ ਨੂੰ ਹੋਰ ਭਰੋਸਾ ਦਿਵਾਉਦੇ ਹੋਏ ਕਿਹਾ ਕਿ ਜਿਥੋਂ ਤੱਕ ਰਿਜਕ ਦਾ ਸਵਾਲ ਹੈ, ਫਕੀਰਾਂ ਦੇ ਤਾਂ ਕੁੱਤੇ ਵੀ ਨਹੀ ਮਾਣ ਇਹ ਤਾਂ ਮੇਰੇ ਪੁੱਤਰ ਨੇ।

ਮਾਤਾ ਜੀ ਨੂੰ ਥੋੜਾ ਭਰੋਸਾ ਤਾਂ ਬੱਝਾ। ਪਰ ਗੁਰੂ ਸਾਹਿਬ ਤਾਂ ਕੰਮ ਠੋਕ ਵਜਾ ਕੇ ਕਰ ਰਹੇ ਸਨ ਕਿ ਕਿਤੇ ਕਿਸੇ ਨੂੰ ਥੋੜਾ ਵੀ ਗਿਲਾ ਨਾਂ ਰਹੇ।

ਅਗਲੀ ਹੀ ਰਾਤ ਕੀ ਹੋਇਆ ਕਿ ਘਰ ਵਿੱਚ ਬਿਲੀ ਨੇ ਚੂਹੀ ਮਾਰ ਕੇ ਸਾਹਮਣੇ ਸਜਾ ਕੇ ਰੱਖੀ ਹੋਈ ਸੀ। ਜਦੋਂ ਗੁਰੂ ਸਾਹਿਬ ਦੀ ਨਿਗਾਹ ਬਿੱਲੀ ਤੇ ਪਈ ਤਾਂ ਓਨਾਂ ਨੇ ਪੁੱਤਰ ਸ੍ਰੀ ਚੰਦ ਨੂੰ ਹੁਕਮ ਕੀਤਾ ਕਿ ਪੁੱਤਰ ਜੀ ਆਹ ਚੂਹੀ ਕਿਤੇ ਪਰਾਂ ਸੁੱਟ ਆਓ। ਸ੍ਰੀ ਚੰਦ ਨੇ ਚੂਹੀ ਸੁੱਟਣੀ ਤਾਂ ਛੱਡੋ ਅੱਗੋ ਗੁਰੂ ਸਾਹਿਬ ਨੂੰ ਤਾਹਨੇ ਮਿਹਣੇ ਸੁਣਾ ਦਿੱਤੇ।

ਸ੍ਰੀ ਚੰਦ ਦਾ ਇਹ ਵਿਹਾਰ ਮਾਤਾ ਜੀ ਨੂੰ ਵੀ ਚੰਗਾ ਨਾਂ ਲੱਗਾ।

ਬਾਦ ਵਿੱਚ ਗੁਰੂ ਸਾਹਿਬ ਨੇ ਮਾਤਾ ਜੀ ਨੂੰ ਕਿਹਾ ਕਿ ਤੇਰੀ ਤਸੱਲੀ ਹੋ ਗਈ ਹੈ ਕਿ ਨਹੀ?

ਫਿਰ ਮਾਤਾ ਨੇ ਵੀ ਹਾਮੀ ਭਰੀ ਕਿ ਜੋ ਵੀ ਤੁਸੀ ਕਰੋਗੇ ਭਲਾ ਹੀ ਹੋਵੇਗਾ।

-----◈-----

## ਕਿੱਕਰ ਤੋਂ ਜਲੇਬੀਆਂ ਦਾ ਮੀਂਹ ਵਰ੍ਹਾਉਣਾ

ਇਕ ਵੇਰਾਂ ਤਿੰਨ ਦਿਨ ਝੜੀ ਲੱਗੀ ਰਹੀ। ਲੰਗਰ ਦਾ ਜਿੰਨਾ ਸੁੱਕਾ ਬਾਲਣ ਸੀ ਸਾਰਾ ਮੁੱਕ ਗਿਆ। ਦੂਸਰੇ ਦਿਨ ਲੰਗਰ ਪੱਕ ਹੀ ਨਾਂ ਪਾਇਆ। ਦੂਰੋਂ ਨੇੜਿਓ ਸੰਗਤ ਧਰਮਸਾਲ ਵਿੱਚ ਰੁਕੀ ਹੋਈ ਸੀ।

ਤੀਸਰੇ ਦਿਨ ਜਦੋਂ ਮਾੜਾ ਜਿਹਾ ਮੀਂਹ ਥੰਮਿਆ ਤਾਂ ਕੁਝ ਸਿੱਖਾਂ ਨੇ ਲਾਂਗਰੀ ਸਿੱਖਾਂ ਕੋਲੋ ਪੁੱਛਿਆ ਕਿ ਕੀ ਲੰਗਰ ਤਿਆਰ ਹੈ। ਇਸ ਤੋਂ ਪਹਿਲਾਂ ਕਿ ਲਾਂਗਰੀ ਜਵਾਬ ਦਿੰਦਾ ਲਾਗੋਂ ਇੱਕ ਰੁੱਖੇ ਸੁਭਾਅ ਵਾਲਾ ਸਿੱਖ ਬੋਲ ਉਠਿਆ, "ਹਾਹੋ! ਬਣੀਆਂ ਨੇ ਜਲੇਬੀਆਂ। ਬਸ ਖਾਣ ਵਾਲੇ ਬਣੋ।"

ਇਹ ਤਾਹਨਾ ਗੁਰੂ ਸਾਹਿਬ ਦੇ ਕੰਨੀ ਪੈ ਗਿਆ। ਸਾਹਿਬ ਨੂੰ ਇਹ ਰੁੱਖਾਪਣ ਬਹੁਤ ਬੁਰਾ ਲੱਗਾ।

ਗੁਰੂ ਸਾਹਿਬ ਲਾਗਲੇ ਸੁੱਕੇ ਥੜੇ ਤੇ ਗਏ। ਓਥੇ ਸਹਿਬਜਾਦਿਆਂ ਸਣੇ ਕੁਝ ਸਿੱਖ ਪਹਿਲਾਂ ਬੈਠੇ ਹੋਏ ਸਨ। ਲਾਗੇ ਕਿੱਕਰ ਦਾ ਵੱਡਾ ਰੁੱਖ ਸੀ।

ਬਾਬੇ ਨੇ ਸਹਿਬਜਾਦੇ ਲਖਮੀ ਚੰਦ ਨੂੰ ਹੁਕਮ ਕੀਤਾ ਕਿ ਰੁੱਖ ਤੇ ਚੜ੍ਹ ਕੇ ਟਾਹਣੀ ਨੂੰ ਹੁਲਾਰਾ ਦਿਓ ਓਤੋਂ ਮਿਠਾਈ ਡਿੱਗੇਗੀ। ਲਖਮੀ ਚੰਦ ਕਹਿਣ ਲੱਗਾ ਸੱਚੀ ਤੁਸੀ ਸੱਤ੍ਹਰੇ ਬਹੱਤਰੇ ਗਏ ਹੋ। ਲਾਗੋਂ ਝੱਟ ਸ੍ਰੀਚੰਦ ਬੋਲ ਉਠਿਆ ਪਿਤਾ ਜੀ ਤੁਸੀ ਆਪੇ ਹੀ ਲਿਖਿਆ ਹੋਇਆ ਹੈ:-

"ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥"

ਪਿਤਾ ਜੀ ਤੁਹਾਡੀ ਬੁੱਧ ਹੁਣ ਕੰਮ ਨਹੀ ਕਰ ਰਹੀ। ਦੋਵੇ ਸਹਿਬਜਾਦੇ ਹੱਸਣ ਲੱਗ ਪਏ, "ਲਓ ਹੁਣ ਕਿੱਕਰਾਂ ਤੋਂ ਵੀ ਜਲੇਬੀਆਂ ਡਿੱਗਿਆ ਕਰਨਗੀਆਂ!"

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸੱਦ ਲਿਆ। ਹੁਕਮ ਕੀਤਾ ਸੁ ਕਿ ਕਿੱਕਰ ਤੇ ਚੜ੍ਹ ਕੇ ਹੁਲਾਰਾ ਦਿਓ। ਭਾਈ ਲਹਿਣਾ ਝੱਟ ਉਸ ਕੰਡਿਆਲੀ ਕਿੱਕਰ ਤੇ ਚੜ੍ਹ ਗਿਆ। ਜਿਵੇ ਹੁਲਾਰਾ ਮਾਰਿਆ ਤਾਂ ਜਲੇਬੀਆਂ ਡਿੱਗਣੀਆਂ ਸ਼ੁਰੂ ਹੋ ਗਈਆਂ। ਦੋ ਦਿਨ ਦੀਆਂ ਭੁੱਖੀਆਂ ਸੰਗਤਾਂ ਨੇ ਰੱਜ ਰੱਜ ਜਲੇਬੀਆਂ ਖਾਧੀਆਂ।

ਸਹਿਬਜਾਦੇ ਸ਼ਰਮਿੰਦੇ ਹੋਏ ਮੂੰਹ ਲਵੇਟ ਕੇ ਘਰ ਆ ਗਏ।

-----◈-----

## ਪੱਥਰ ਦਾ ਕੌਲ ਗੰਦੀ ਨਾਲੀ ਵਿੱਚ ਡਿੱਗ ਪਿਆ

ਗੁਰੂ ਘਰ ਕਿਸੇ ਨੇ ਬਹੁਤ ਸੁੰਦਰ ਸੁਲੇਮਾਨੀ ਪੱਥਰ ਦਾ ਕੌਲ ਚੜ੍ਹਾਇਆ ਹੋਇਆ ਸੀ। ਗੁਰੂ ਸਾਹਿਬ ਖੂਹ ਤੇ ਇਸ਼ਨਾਨ ਕਰਕੇ ਹੱਟੇ ਤਾਂ ਕੌਲ ਚੁਬੱਚੇ ਦੇ ਹੇਠਾਂ ਡੂੰਘੀ ਵਹਿਣੀ ਵਿੱਚ ਡਿੱਗ ਪਿਆ।

ਲਾਗੇ ਸਾਹਿਬਜਾਦੇ ਸਨ। ਗੁਰੂ ਸਾਹਿਬ ਨੇ ਓਨਾਂ ਕਿਹਾ ਕਿ ਪੁੱਤਰੋ ਕੋਈ ਆਇਓ ਕੌਲ ਵਹਿਣੀ ਵਿੱਚ ਡਿੱਗ ਪਿਆ ਹੈ। ਡੰਗਰਾਂ ਦੇ ਆਉਣ ਜਾਣ ਕਾਰਨ ਵਹਿਣੀ ਡੂੰਘੀ ਤੇ ਚੌੜੀ ਹੋ ਚੁੱਕੀ ਸੀ। ਲਖਮੀ ਚੰਦ ਬੋਲ ਉਠਿਆ ਕਿ ਕਿਸੇ ਨੌਕਰ ਨੂੰ ਆ ਲੈਣ ਦਿਓ। ਕੀ ਦਮੜੀ ਦੀ ਕੌਲੀ ਲਈ ਮੈਂ


ਕੋਰੀਆ ਵਿਚ ਅੱਜ ਵੀ ਪੱਥਰ ਦੇ ਭਾਂਡੇ ਬਣਦੇ

ਗੰਦੀ ਨਾਲੀ ਵਿੱਚ ਵੜਾਂ? ਲਾਗੇ ਹੋਰ ਵੀ ਸਿੱਖ ਸਨ ਓਹ ਵੀ ਚੁੱਪ ਕਰ ਰਹੇ।

ਭਾਈ ਲਹਿਣੇ ਨੂੰ ਗੁਰੂ ਸਾਹਿਬ ਨੇ ਕਿਹਾ ਕਿ ਪੁਰਖਾ ਓਹ ਪੱਥਰ ਦਾ ਕੌਲ ਵਹਿਣੀ ਵਿੱਚ ਡਿੱਗ ਪਿਆ ਜੇ ਨਿਕਲ ਜਾਵੇ ਤਾਂ ਚੰਗਾ। ਭਾਈ ਲਹਿਣਾ ਤੁਰੰਤ ਗਿਆ, ਕਪੜੇ ਲਾਹੇ ਤੇ ਕੌਲ ਕੱਢਿਆ। ਮਾਂਜ ਸਵਾਰ ਕੇ ਗੁਰੂ ਸਾਹਿਬ ਦੇ ਅੱਗੇ ਰੱਖ ਦਿੱਤਾ।

-----◈-----

## ਗੁਰੂ ਸਾਹਿਬ ਨੇ ਸ਼ਿਕਾਰੀ ਸਾਂਸੀ ਵਾਲਾ ਭੇਸ ਬਣਾਇਆ

ਪੰਜਾਬ ਦਾ ਸਾਂਸੀ ਕਬੀਲਾ ਜੁੱਗਾਂ ਜੁਗਾਤਰਾਂ ਤੋਂ ਬ੍ਰਾਹਮਣਵਾਦ ਨੂੰ ਟਿੱਚ ਸਮਝਦਾ ਆਇਆ ਹੈ। ਇਸ ਖਿਲਾਫ ਬ੍ਰਾਹਮਣੀ ਨਫਰਤ ਹੋਣੀ ਕੁਦਰਤੀ ਸੀ। ਬੇਲੇ ਵਿੱਚ ਇੱਕ ਦਿਨ ਸਾਂਸੀ ਸ਼ਿਕਾਰ ਕਰ ਰਹੇ ਸਨ। ਓਨਾਂ ਨੂੰ ਵੇਖ, ਗੁਰੂ ਸਾਹਿਬ ਨੂੰ ਜਾਤ ਪਾਤ ਤੇ ਚੋਟ ਕਰਨ ਦਾ ਵਧੀਆ ਮੌਕਾ ਦਿਸਿਆ।

ਗੁਰੂ ਸਾਹਿਬ ਨੇ ਸਾਂਸੀਆਂ ਨੂੰ ਕਹਿਾ ਕਿ ਕਲ੍ਹ ਨੂੰ ਤੁਸੀ ਸਵੇਰੇ ਕਰਤਾਰਪੁਰ ਆਓ ਅਸੀ ਰਲ ਮਿਲ ਸ਼ਿਕਾਰ ਤੇ ਨਿਕਲਾਂਗੇ।

ਗੁਰੂ ਸਾਹਿਬ ਨੇ ਸਾਰੇ ਮੁਹਤਬਰ ਸਿੱਖਾਂ ਨੂੰ ਹੁਕਮ ਕਰ ਦਿੱਤਾ ਕਿ ਤਿਆਰੀ ਕਰੋ ਕਲ੍ਹ ਨੂੰ ਆਪਾਂ ਸਭ ਨੇ ਬੇਲੇ ਵਿੱਚ ਸ਼ਿਕਾਰ ਨੂੰ ਨਿਕਲਣਾ ਹੈ। ਯਾਦ ਰਹੇ ਸ਼ਿਕਾਰ ਤੇ ਨਿਕਲੇ ਸ਼ਿਕਾਰੀ ਕਈ ਵਾਰ ਬਹੁਤ ਦੂਰ ਨਿਕਲ ਜਾਂਦੇ ਸਨ, ਜਿਸ ਕਰਕੇ ਸੌਣਾਂ ਵੀ ਕਦੀ ਬਾਹਰ ਹੀ ਪੈ ਜਾਂਦਾ ਸੀ। ਚਾਈਂ ਚਾਈਂ ਬਹੁਤੇ ਤਿਆਰ ਹੋ ਗਏ।

ਸਵੇਰੇ ਜਦੋਂ ਸਾਂਸੀ ਆਏ ਤਾਂ ਬਹੁਤੇ ਸਿੱਖਾਂ ਨੇ ਮੂੰਹ ਵੱਟ ਲਏ, ਬੋਲੇ "ਕੀ ਗੁਰੂ ਪੀਰ ਨੂੰ ਸ਼ਿਕਾਰ ਤੇ ਜਾਣਾ ਸੋਹਣਾ ਲੱਗਦਾ ਏ? ਗੁਰੂ ਸਾਹਿਬ ਦੇ ਪੁੱਤ ਠੀਕ ਹੀ ਕਹਿੰਦੇ ਹਨ ਕਿ ਇਹ ਹੁਣ ਸੁੱਤਰੇ ਬਹੱਤਰੇ ਗਏ ਨੇ। ਦੱਸੋ ਹੁਣ ਸਾਨੂੰ ਸਾਂਹਸੀਆਂ ਨਾਲ ਸ਼ਿਕਾਰ ਤੇ ਜਾਣਾ ਹੋਵੇਗਾ?" ਕਈ ਸਿੱਖਾਂ ਗੁਰੂ ਸਾਹਿਬ ਨੂੰ ਸਵਾਲ ਹੀ ਕਰ ਦਿੱਤਾ ਕਿ ਸਾਹਿਬ ਜੀ ਤੁਸੀ ਉੱਚੀ ਕੁਲ ਦੇ ਖੱਤਰੀ ਹੋ ਕੇ ਕਿਓ ਇਨਾਂ ਨੀਚਾਂ ਨਾਲ ਸ਼ਿਕਾਰ ਤੇ ਜਾ ਰਹੇ ਹੋ?

ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਸ਼ਬਦ ਗਾ:-

.. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਭਾਈ ਮੈਂ ਤਾਂ ਇਨਾਂ ਗਰੀਬਾਂ ਦਾ ਹਾਂ। ਤੁਸੀ ਮੈਨੂੰ ਗਲਤ ਸਮਝ ਲਿਆ।

ਜਾਤ ਦਾ ਗਰਬ ਕਰਨ ਵਾਲੇ ਸਿੱਖਾਂ ਨੇ ਮੂੰਹ ਫੁਲਾ ਲਏ ਤੇ ਆਨੇ ਬਹਾਨੇ ਓਥੋਂ ਖਿਸਕ ਗਏ।

ਗੁਰੂ ਸਾਹਿਬ ਨੇ ਸ਼ਿਕਾਰੀਆਂ ਵਾਲਾ ਭੇਸ ਬਣਾਇਆ ਹੋਇਆ ਸੀ: ਮੈਲੇ ਕੁਚੈਲੇ ਕਪੜੇ ਪਾਏ, ਹੱਥ ਵਿੱਚ ਦਾਤਰ ਦੂਸਰੇ ਹੱਥ ਡੰਡਾ। ਕੁੱਤੇ ਕੁੱਤੀਆ ਨਾਲ ਲਏ। ਗੁਰੂ ਸਾਹਿਬ ਅਨੰਦ ਅਵਸਥਾ ਵਿੱਚ ਸ਼ਬਦ ਵੀ ਗਾ ਰਹੇ ਸਨ:

ਸਿਰੀਰਾਗੁ ਮਹਲਾ ੧ ਘਰੁ ੪ ॥ ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥ ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥ ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੪॥੨੯॥

ਕਰਤਾਰਪੁਰ ਤੋਂ ਨਿਕਲ ਜਿਵੇ ਰਾਵੀ ਕਿਨਾਰੇ ਬੇਲੇ ਪਹੁੰਚੇ ਤੇ ਇੱਕ ਰੜੇ ਜਿਹੇ ਮੈਦਾਨ ਵਿੱਚ ਸਭ ਨੂੰ ਮੋਹਰਾਂ ਤੇ ਰੁਪਏ ਲੱਭਣੇ ਸ਼ੁਰੂ ਹੋ ਗਏ। ਜਿੰਨੇ ਸਾਂਸੀ ਤੇ ਹੌਲੇ ਸਿੱਖ ਸਨ ਸਭ ਮਾਇਆ ਲੱਭਣ ਲੱਗ ਗਏ। ਗੁਰੂ ਸਾਹਿਬ ਤੇ ਕੋਈ 10-12 ਸਿੱਖ ਅੱਗੇ ਨਿਕਲ ਗਏ।

ਹੋਰ ਅੱਗੇ ਗਏ ਤਾਂ ਕੁਝ ਇੱਕ ਨੂੰ ਪੁੱਛਣ ਲੱਗ ਪਏ ਭਾਈ ਤੂੰ ਕੌਣ ਐਂ ਜਿਵੇ ਕੋਈ ਜਵਾਬ ਦੇਵੇ ਕਿ ਜੀ ਮੈਂ ਤੁਹਾਡਾ ਸਿੱਖ ਹਾਂ ਤਾਂ ਅੱਗੋ ਕੁਤਕੇ (ਡੰਡੇ) ਨਾਲ ਅਗਲੇ ਦੀ ਭੁਗਤ ਸੰਵਾਰਨ। "ਗੋਡੇ ਗੋਡੇ ਤੇਰੇ 'ਚ ਹੰਕਾਰ, ਤੂੰ ਕਦੋਂ ਦਾ ਸਿੱਖ ਹੋ ਗਿਆ?" ਕੁਝ ਇਸ ਪ੍ਰਕਾਰ ਦੇ ਤਾਨੇ ਮਾਰਨ, "ਦੌੜ ਜਾ ਤੂੰ ਕੀ ਲੈਣੇ ਸਾਡੇ ਲਾਗੋ?" ਜਿਹੜੇ ਕੱਚੇ ਸਨ ਉਹਨਾਂ ਨੂੰ ਲੱਗੇ ਕਿ ਸਹਿਬਜਾਦੇ ਠੀਕ ਕਹਿੰਦੇ ਹਨ ਗੁਰੂ ਜੀ ਸੱਤਰ੍ਹੇ ਬਹੱਤਰੇ ਗਏ ਨੇ।

ਇਸ ਪ੍ਰਕਾਰ ਜਿਵੇ ਡੰਡੇ ਤੋਂ ਡਰਦੇ ਕੁਝ ਹੋਰ ਸਿੱਖ ਜਿਵੇ ਪਿਛੇ ਹੋ ਗਏ ਗੁਰੂ ਜੀ ਨੇ ਓਨਾਂ ਨੂੰ ਢੇਮਾਂ ਮਾਰਨੀਆਂ ਸ਼ੁਰੂ ਕਰੀਆਂ। ਆਖਿਰ ਉਹ ਪਰਤ ਆਏ। ਸੋ ਇਸ ਪ੍ਰਕਾਰ ਬਹੁਤੇ ਸਿੱਖ ਛਾਂਟੇ ਗਏ ਤੇ ਲਹਿਣੇ ਤੇ ਬਾਬਾ ਬੁਢੇ ਵਰਗੇ ਗਿਣਤੀ ਦੇ ਦੋ ਚਾਰ ਸਿਦਕੀ ਸਿੱਖ ਹੀ ਗੁਰੂ ਸਾਹਿਬ ਨਾਲ ਰਹੇ ਬਾਕੀ ਸਭ ਪਰਤ ਆਏ।

ਜਿੰਨੇ ਸਿੱਖ ਪਰਤੇ ਸਨ ਸਭ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਗੁਰੂ ਨਾਨਕ ਬਹੁਤ ਇਨਕਲਾਬੀ ਸੰਤ ਸੀ ਪਰ ਸ਼ੁਦਾਈ ਹੋ ਗਇਆ ਹੈ। ਹਰ ਕੋਈ ਹਮਦਰਦੀ ਜਿਤਾ ਰਿਹਾ ਸੀ। ਗੁਰੂ ਸਾਹਿਬ ਦੀਆਂ ਤਾਰੀਫਾਂ ਕਰ ਰਹੇ ਸਨ।

ਅੱਗੇ ਚਲਦੇ ਗਏ। ਰਾਤ ਦਾ ਵੇਲਾ ਸੀ।

ਚਲਦੇ ਫਿਰਦੇ ਕਿੰਨੀ ਹੀ ਰਾਤ ਨਿਕਲ ਗਈ। ਸਵਾਲ ਉਠਿਆ ਕਿ ਭਲਾ ਕੀ ਵਕਤ ਹੋਵੇਗਾ। ਭਾਈ ਬੁੱਢਾ ਕਹਿਣ ਲੱਗਾ ਕਿ ਰਾਤ ਸਿਰਫ ਸਵਾ ਪਹਿਰ ਬਚੀ ਹੈ। ਗੁਰੂ ਸਾਹਿਬ ਕਹਿਣ ਲੱਗੇ ਭਾਈ ਬੁੱਢਾ ਤੈਨੂੰ ਕਿਵੇ ਪਤਾ? ਭਾਈ ਸਾਹਿਬ ਕਹਿਣ ਲੱਗੇ ਜੀ ਅਸੀ ਜ਼ਿਮੀਂਦਾਰ ਲੋਕ ਤਾਰਿਆਂ ਤੋਂ ਹਿਸਾਬ ਲਾ ਕੇ ਚਲਦੇ ਹਾਂ। ਮਨ੍ਹੇਰੇ ਹਲ ਜੋਣੇ ਪੈਂਦੇ ਨੇ। ਕਹਿਣ ਲੱਗਾ ਅੱਜ ਤਾਂ ਸਾਰੀ ਰਾਤ ਤੁਰਦੇ ਫਿਰਦਿਆਂ ਹੀ ਲੰਘ ਗਈ ਹੈ।

ਗੁਰੂ ਸਾਹਿਬ ਅੱਗੋ ਭਾਈ ਲਹਿਣੇ ਨੂੰ ਕਹਿਣ ਲੱਗੇ ਕਿ ਪੁਰਖਾ ਤੇਰਾ ਕੀ ਖਿਆਲ ਹੈ ਰਾਤ ਕਿੰਨੀ ਕੁ ਗਈ ਹੋਵੇਗੀ? ਭਾਈ ਲਹਿਣੇ ਨੇ ਫਰਮਾਇਆ, "ਮੇਹਰਵਾਨ ਤੇਰੀ ਰਾਤ, ਤੇਰਾ ਦਿਨ, ਤੂ ਸਭ ਕੁਝ ਜਾਨਤਾ ਹੈ। ਅਸਾਂ ਰਾਤ ਦਿਨ ਨਾਲ ਪ੍ਰਯੋਜਨ ਨਹੀ। "*

** ਹੋਰ ਅੱਗੇ ਗਏ ਤਾਂ ਕਿਸੇ ਪਿੰਡ ਦੀਆਂ ਮੜੀਆਂ ਵਿੱਚ ਚਿਖਾ ਮਘਦੀ ਨਜਰ ਆਈ। ਹੁਕਮ ਕੀਤਾ ਕਿ ਸਭ ਓਧਰ ਚਲੋ। ਕੀ ਵੇਖਦੇ ਹਨ ਕਿ ਅਧਸੜੀ ਲਾਸ਼ ਬਾਕੀ ਹੈ ਤੇ ਮੜੀ ਹੌਲੀ ਮਗ ਰਹੀ ਹੈ। ਸਿੱਖਾਂ ਨੂੰ ਕਿਹਾ ਕਿ ਤੁਸੀ ਜੋ ਕਹਿ ਰਹੇ ਸੀ ਭੁੱਖ ਲੱਗੀ ਹੈ ਇਹ ਲਾਸ਼ ਮੜੀ ਤੋਂ ਲਾਹੋ ਤੇ ਆਓ ਸਭ ਇਸ ਨੂੰ ਛਕੀਏ ।

ਬਾਕੀ ਦੇ ਸਭ ਸਿੱਖ ਚੁੱਪ ਹੋ ਗਏ। ਭਾਈ ਲਹਿਣਾ ਅੱਗੇ ਆਏ ਤੇ ਕਹਿਣ ਲੱਗੇ ਗੁਰੂ ਜੀ ਕਿਹੜੇ ਪਾਸਿਓ ਲਾਸ਼ ਨੂੰ ਥੱਲੇ ਲਾਹਵਾਂ? ਸਿਰ ਵਾਲੇ ਪਾਸਿਓ ਕਿ ਪੈਰਾਂ ਵਲੋ?

ਇਤਹਾਸ ਵਿੱਚ ਆਉਂਦਾ ਹੈ ਕਿ ਉਸ ਵਕਤ ਫਿਰ ਗੁਰੂ ਸਾਹਿਬ ਨੇ ਰੂਹਾਨੀ ਤਾਕਤ ਨਾਲ ਸਭ ਸਿੱਖਾਂ ਵਿੱਚ ਕੜਾਹ ਪ੍ਰਸ਼ਾਦਿ ਵਰਤਾਇਆ ਤੇ ਸਿੱਖਾਂ ਦੀ ਭੁੱਖ ਦੂਰ ਕੀਤੀ।

ਕੋਈ ਸੈਕੜਾ ਕੁ ਸਿੱਖ ਓਸ ਵੇਲੇ ਸ਼ਿਕਾਰ ਤੇ ਨਿਕਲੇ ਸਨ। ਅੰਤ ਤੱਕ ਸਿਰਫ ਚਾਰ ਪੰਜ ਸਿੱਖ ਹੀ ਬਚੇ।

ਸਭ ਦੇ ਸਾਹਮਣੇ ਸਾਬਤ ਹੋ ਗਇਆ ਸੀ ਕਿ ਭਾਈ ਲਹਿਣੇ ਨੂੰ ਹੀ ਗੁਰੂ ਸਾਹਿਬ ਵਿੱਚ ਅਟੁੱਟ ਭਰੋਸਾ ਹੈ ਕਿ ਗੁਰੂ ਜੋ ਕਹਿ ਰਿਹਾ ਹੈ ਇਹ ਹੀ ਅਟਲ ਸੱਚਾਈ ਹੈ। ਹੋਰ ਕਿਸੇ ਸਿੱਖ ਨੂੰ ਗਿਲਾ ਸ਼ਿਕਵਾ ਨਹੀ ਸੀ ਰਹਿ ਗਇਆ।

ਉਪਰੰਤ ਓਥੇ ਹੀ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਗਲ ਨਾਲ ਲਾਇਆ। ਫਰਮਾਇਆ, "ਪੁਰਖਾ ਤੂੰ ਧੰਨ ਹੈ। ਮੈਂ ਸਾਰੇ ਵੇਖ ਪਰਖ ਲਏ ਹਨ ਤੇ ਤਾਂ ਹੀ ਤੈਨੂੰ ਹਾਸਲ ਕੀਤਾ ਹੈ। "

ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ਼ਬਦ ਗਾਵਿਆ:

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥ ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥ ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥ ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥ ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥ ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥ ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ ॥ ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥੨॥ ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥ ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥ ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ

ਵਡ ਦਾਣਾ ॥ ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥

-----◈-----

## ਲਹਿਣੇ ਤੋਂ ਗੁਰੂ ਅੰਗਦ

"ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ "

ਅਗਲੀ ਸਵੇਰ ਫਿਰ ਗੁਰੂ ਸਾਹਿਬ ਆਪਣੇ ਸਿੱਖਾਂ ਸਮੇਤ ਕਰਤਾਰਪੁਰ ਪਰਤ ਆਏ। ਆਉਦਿਆਂ ਹੁਕਮ ਕਰ ਦਿੱਤਾ। ਤਿਆਰੀਆਂ ਸ਼ੁਰੂ ਹੋ ਗਈਆਂ। ਵੱਡੇ ਲੰਗਰ ਲਈ ਇੰਤਜਾਮ ਹੋਣ ਲੱਗੇ। ਨੇੜੇ ਤੇੜੇ ਦੇ ਜਿਹੜੇ ਨਾਮੀ ਗਰਾਮੀ ਸਿੱਖ ਅਤੇ ਇਲਾਕੇ ਦੇ ਚੌਧਰੀਆਂ ਨੂੰ ਵੀ ਸਭ ਨੂੰ ਸੱਦੇ ਭੇਜੇ ਕਿ ਗੁਰੂ ਨਾਨਕ ਨੇ ਤੁਹਾਨੂੰ ਸਭ ਨੂੰ ਫਲਾਨੇ ਦਿਨ* ਕਰਤਾਰਪੁਰ ਸੱਦਿਆ ਹੈ। ਭਾਈ ਲਹਿਣੇ ਨੂੰ ਵੀ ਗੁਪਤ ਤੌਰ ਤੇ ਹੁਕਮ ਕੀਤਾ ਕਿ ਆਪਣਾ ਪ੍ਰਵਾਰ ਤੇ ਸਕੇ ਸਬੰਧੀ ਸੱਦ ਲਵੇ।

ਜਦੋਂ ਪੁੱਤਰਾਂ ਨੂੰ ਅਹਿਸਾਸ ਹੋਇਆ ਕਿ ਗਲ ਓਨਾਂ ਦੇ ਉਲਟ ਜਾ ਰਹੀ ਹੈ ਤਾਂ ਇੱਕ ਵਾਰ ਫਿਰ ਇਨਾਂ ਨੇ ਮਾਤਾ ਤੇ ਜੋਰ ਪਵਾਇਆ ਕਿ ਘਰ ਦੀ ਘਰ ਵਿੱਚ ਹੀ ਰਹਿਣ ਦਿਓ। ਮਾਤਾ ਨੇ ਪੁੱਤਰਾਂ ਦੇ ਦਬਾਅ ਹੇਠ ਆ ਕੇ ਫਿਰ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਤੁਹਾਡੇ ਪੁੱਤਰਾਂ ਨੇ ਤੁਹਾਡੀ ਗੈਰਹਾਜਰੀ ਵਿਚ ਬਹੁਤ ਤਕਲੀਫਾਂ ਝੱਲੀਆਂ ਨੇ ਤੁਸੀ ਗੁਰਿਆਈ ਘਰ ਵਿਚ ਹੀ ਰਹਿਣ ਦਿਓ।

ਗੁਰੂ ਸਾਹਿਬ ਨੇ ਫਿਰ ਮਾਤਾ ਚੋਣੀ ਨੂੰ ਦਿਲਾਸਾ ਦਿੱਤਾ ਕਿ ਤੇਰੇ ਪੁੱਤਰਾਂ ਨੂੰ ਧੰਨ ਦੀ ਘਾਟ ਨਹੀ ਰਹੇਗੀ। ਪਰ ਫਿਰ ਵੀ ਮਾਤਾ ਜੀ ਜਿੱਦ ਕਰੀ ਜਾ ਰਹੇ ਸਨ। ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ੍ਰੀਚੰਦ ਨੂੰ ਕੋਲ ਸੱਦਿਆ। ਸਾਹਿਬ ਦਾ ਇੱਕ ਬਹੁਤ ਹੀ ਪੁਰਾਣਾ ਗੁਦੜ ਹੋਇਆ ਚੋਲਾ ਇੱਕ ਆਲੇ ਦੇ ਉਤੇ ਪਇਆ ਹੋਇਆ ਸੀ। ਗੁਰੂ ਸਾਹਿਬ ਨੇ ਸ੍ਰੀ ਚੰਦ ਨੂੰ ਕਿਹਾ ਕਿ ਇਹ ਫਕੀਰੀ ਚੋਲਾ ਪਹਿਨ ਕੇ ਵਿਖਾਓ। ਇਸ ਤੇ ਫਿਰ ਦੋਵੇਂ ਭਰਾ ਨਰਾਜ ਹੋ ਗਏ ਕਿ ਕੀ ਅਸੀ ਇਹ ਗੰਦਾ ਮੰਦਾ ਗੁਦੜ ਪਹਿਨਣ ਜੋਗੇ ਹੀ ਰਹਿ ਗਏ ਹਾਂ? ਇੱਕ ਵਾਰ ਫਿਰ ਗੁਰੂ ਸਾਹਿਬ ਨੂੰ ਤਾਨੇ ਮਿਹਨੇ ਮਾਰੇ।

ਗੁਰੂ ਸਾਹਿਬ ਨੇ ਫਿਰ ਵੀ ਸਹਿਬਜਾਦਿਆਂ ਨੂੰ ਸਮਝਾਇਆ ਕਿ ਗੁਰਿਆਈ ਫਕੀਰੀ ਹੈ ਤੁਹਾਡੇ ਵੱਸ ਦੀ ਗਲ ਨਹੀ। ਉਹਨਾ ਭਰੋਸਾ ਦਿਵਾਇਆ ਕਿ ਜਿਸ ਚੀਜ਼ ਦੀ (ਰਿਜਕ, ਧੰਨ ਦੌਲਤ) ਤੁਹਾਨੂੰ ਖਿੱਚ ਹੈ ਉਹ ਤੁਹਾਨੂੰ ਵਾਧੂ ਮਿਲੇਗੀ। ਕਦੀ ਕਮੀ ਨਹੀ ਆਏਗੀ। ਸਾਹਿਬਜਾਦੇ ਵੱਡੇ ਕਾਰਜ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਗਏ। ਓਨਾਂ ਨੂੰ ਅਜੇ ਵੀ ਭਰੋਸਾ ਸੀ ਕਿ ਪਿਤਾ ਜੀ ਉਨਾਂ ਨੂੰ ਵੀ ਯੋਗ ਸਥਾਨ ਬਖਸ਼ ਦੇਣਗੇ।

ਕੁਝ ਸਮੇਂ ਬਾਦ ਭਾਈ ਲਹਿਣਾ ਘਰ ਵਿੱਚ ਆਇਆ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਪੁਰਖਾ ਆਪਣਾ ਚੋਲਾ ਲਾਹ ਕੇ ਆਹ ਆਲੇ ਉਤੇ ਜਿਹੜਾ ਚੋਲਾ ਪਇਆ ਹੈ ਉਨੂੰ ਪਹਿਨ ਕੇ ਦਿਖਾ। ਭਾਈ ਸਾਹਿਬ ਨੇ ਪਲ ਨਾਂ ਲਾਇਆ ਤੇ ਤੁਰੰਤ ਪੁਰਾਣਾ ਚੋਲਾ ਪਹਿਨ ਲਿਆ। ਇਸ ਨੇ ਫਿਰ ਮਾਤਾ ਸੁਲੱਖਣੀ ਦੀਆਂ ਆਪਣੇ ਪੁੱਤਾਂ ਬਾਰੇ ਅੱਖਾਂ ਖੋਲ ਦਿੱਤੀਆਂ।

ਫਿਰ ਨਿਯਤ ਦਿਨ ਤੇ ਸਵੇਰ ਦੇ ਗੁਰਬਾਣੀ ਪਾਠ ਅਤੇ ਕੀਰਤਨ ਹੋਇਆ। ਦੁਪਿਹਰ ਵੇਲੇ ਦੀਵਾਨ ਦੁਬਾਰਾ ਸੱਜੇ। ਗੁਰੂ ਸਾਹਿਬ ਨੇ ਆਪ ਵੀ ਕੀਰਤਨ ਕੀਤਾ। ਸਾਹਿਬ ਨੇ ਤਦੋਂ ਸਾਰੰਗ ਵਿੱਚ ਸ਼ਬਦ ਗਾਵਿਆ:

ਮਹਲਾ ੧ ॥ ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥ ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ ਮੂਲੁ ਮਤਿ

---

### ▫ ਕੀ ਤੁਹਾਨੂੰ ਪਤਾ ਹੈ ਗੁਰੂ ਨਾਨਕ/ਗੁਰੂ ਅੰਗਦ ਦੀ ਗੁਰਮੁੱਖੀ ਨੂੰ ਬਦਲਣ ਲਈ ਅੱਜ ਚੁੱਪ ਚੁਪੀਤੇ ਕੋਸ਼ਿਸ਼ਾਂ ਹੋ ਰਹੀਆਂ ਨੇ?

ਮੋਬਾਈਲ ਅਤੇ ਕੰਪਿਊਟਰ ਤੇ ਟਾਈਪ ਕਰਨ ਦੇ ਜੋ ਸਾਫਟਵੇਅਰ ਪਾਏ ਜਾ ਰਹੇ ਹਨ ਉਨਾਂ ਵਿੱਚ ਗੁਰਮੁੱਖੀ ਨੂੰ ਦੇਵਨਾਗਰੀ ਦੇ ਤੌਰ ਤੇ ਪੇਸ਼ ਕੀਤਾ ਹੈ। ੳ ਅ ੲ ਸ ਹ ਦੀ ਮੁਹਾਰਨੀ ਦੀ ਥਾਂ ਤੇ ਕਾਅ ਖਾਅ ਗਾਅ ਆ ਗਇਆ ਹੈ। ਯੂਨੀਕੋਡ ਫੋਂਟ ਦਾ ਜੋ ਸੌਫਟਵੇਅਰ ਬਣਾਇਆ ਗਇਆ ਹੈ ਉਹ ਸਿੱਧਾ ਸਿੱਧਾ ਦੇਵਨਾਗਰੀ ਵਾਲਾ ਹੀ ਗੁਰਮੁੱਖੀ ਤੇ ਲਾਇਆ ਗਇਆ ਹੈ। ਯਾਦ ਰਹੇ ਗੁਰਮੁੱਖੀ ਦੀ ਸਿਫਤ ਹੈ ਅਸੀ ਜਦੋਂ ਮੁਹਾਰਨੀ ਬੋਲਦੇ ਹਾਂ ਕੱਕਾ, ਖੱਖਾ, ਗੱਗਾ ਕਹਿੰਦੇ ਹਾਂ ਤੇ ਦੇਵਨਾਗਰੀ ਵਾਲੇ ਕਾਅ ਖਾਅ ਗਾਅ ਬੋਲਦੇ ਨੇ। ਦੇਵਨਾਗਰੀ ਦੇ ਸ਼ਬਦਾਂ ਵਿੱਚ 'ੲ' ਮੁਕਤਾ ਆ ਸਕਦੀ ਹੈ ਪਰ ਗੁਰਮੁਖੀ ਵਿੱਚ ਨਹੀ ਹੈ। ਏਸੇ ਤਰਾਂ ਪੰਜਾਬੀ ਅੱਖਰਾਂ ਵਿੱਚ ੳ ਮੁਕਤਾ ਨਹੀ ਹੋ ਸਕਦਾ ਪਰ ਦੇਵਨਾਗਰੀ ਵਿੱਚ ਹੁੰਦਾ ਹੈ। ਅਸੀ 'ਅ' ਲਿਖ ਕੇ ਬਾਦ ਵਿੱਚ 'ਾ' ਕੰਨਾ ਜਾਂ ੈ ਲਾਵਾਂ ਲਾਉਦੇ ਹਾਂ ਪਰ ਦੇਵਨਾਗਰੀ ਵਿੱਚ ਇਕੱਠਾ ਹੈ। ਆਰ ਐਸ ਐਸ ਨੇ ਸ਼ੈਤਾਨੀ ਕਰਕੇ ਜੋ ਯੂਨੀਕੋਡ ਫੋਂਟ ਬਣਵਾਇਆ ਹੈ ਉਸ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਸਿਰਫ ਅੱਖਰਾਂ ਦਾ ਸਰੂਪ ਗੁਰਮੁੱਖੀ ਹੈ। ਇਸ ਦਾ ਨਤੀਜਾ ਪੰਜਾਬੀ ਵਾਸਤੇ ਬਹੁਤ ਘਾਤਕ ਨਿਕਲ ਰਿਹਾ ਹੈ। ਮਿਸਾਲ ਦੇ ਤੌਰ ਤੇ ਹੁਣ ਇੰਟਰਨੈਟ ਦਾ ਜਮਾਨਾ ਹੈ ਜਿਸ ਦੀ ਮਾਂ ਬੋਲੀ ਅੰਗਰੇਜੀ ਹੈ। ਕੰਪਿਊਟਰ ਫਿਰ ਲੋੜ ਅਨੁਸਾਰ ਅੰਗਰੇਜੀ ਨੂੰ ਗ੍ਰਾਹਕ ਦੀ ਬੋਲੀ ਵਿੱਚ ਬਦਲ ਦਿੰਦਾ ਹੈ। ਜਦੋਂ ਫਿਰ ਅੰਗਰੇਜੀ ਵਿੱਚ ਲਿਖੇ ਨਾਵਾਂ ਨੂੰ ਪੰਜਾਬੀ ਵਿੱਚ ਬਦਲਿਆ ਜਾਂਦਾ ਹੈ ਤਾਂ ਗੁਰਮੁਖੀ ਲਿਪੀ ਦਾ ਜਲੂਸ ਨਿਕਲ ਜਾਂਦਾ ਹੈ। ਕਿਉਕਿ ਕੰਪਿਊਟਰ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਦਾ ਹੀ ਇਕ ਫੋਂਟ ਮੰਨ ਲਿਆ ਗਇਆ ਹੈ। ਹੁਣ ਦੇਖੋ ਕਿਉਕਿ ਯੂਨੀਕੋਡ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਜਿਸ ਦਾ ਨਤੀਜਾ ਵੇਖੋ ਕੀ ਨਿਕਲਦਾ ਹੈ। ਕਿਉਕਿ ਅਧਿਕ ( ੱ) ਹਿੰਦੀ ਵਿੱਚ ਨਹੀ ਹੈ ਤੇ ਉਥੇ ਅੱਖਰ ਹੀ ਦੋ ਦੇ ਦਿੱਤੇ ਜਾਂਦੇ ਹਨ। ਫਿਰ ਦੇਵਨਾਗਰੀ ਦੀ 'ੲ' ਮੁਕਤਾ ਵੀ ਹੋ ਸਕਦੀ ਹੈ। ਜਦੋਂ ਤੁਸੀ ਗੂਗਲ ਨਕਸ਼ਾ ਪੰਜਾਬੀ ਵਿੱਚ ਵਰਤਦੇ ਹੋ ਤਾਂ ਪੰਜਾਬੀ ਵਿੱਚ ਸ਼ਹਿਰਾਂ ਦੇ ਨਾਂ ਦਾ ਮਖੌਲ ਜਿਹਾ ਬਣ ਜਾਂਦਾ ਹੈ। ਮਿਸਾਲ ਦੇ ਤੌਰ ਗੁਜਰਾਤ ਦੇ ਕੁਝ ਸ਼ਹਿਰ ਵੇਖੋ: ਸ਼ਹਿਰ ਦਾ ਨਾਂ ਹੈ Tulsishyam ਗੂਗਲ ਜਦੋਂ ਉਨੂੰ ਪੰਜਾਬੀ ਵਿੱਚ ਕੰਨਵਰਟ ਕਰਦਾ ਹੈ ਤਾਂ ਨਾਂ ਬਣ ਜਾਂਦਾ ਹੈ: ਤੁਲ੍ਸਿਸ਼੍ਯਮ (ਯ ਇਸ ਵਿੱਚ ਵੀ ਅੱਧਾ ਪਾਇਆ ਹੋਇਆ ਹੈ) ਹੋਰ ਵੇਖੋ Junagarh ਨੂੰ ਜਦੋਂ ਪੰਜਾਬੀ ਬਣਾ ਦਿੰਦਾ ਹੈ :- ਜੂਨਾਗਧ । ਕਿਉਕਿ ਦੇਵਨਾਗਰੀ ਵਿੱਚ ੜ ਅੱਖਰ ਹੈ ਨਹੀ। Vallabhipur (ਵੱਲਭੀਪੁਰ) ਦਾ ਬਣ ਜਾਂਦਾ ਹੈ ਵਲਲ੍ਭਿਪੁਰ। Limbdi (ਲਿੰਬੜੀ) ਦਾ ਬਣ ਜਾਂਦਾ ਹੈ ਲਿਮ੍ਬ੍ਦੀ।

ਹੁਣ ਯੂ.ਪੀ ਦੇ ਕੁਝ ਇਕ ਸ਼ਹਿਰਾਂ ਦੇ ਨਾਵਾਂ ਦਾ ਵੇਖੋ ਕੀ ਬਣਦਾ ਹੈ:-

ਬੁਲੰਦਸ਼ਹਿਰ -ਬੁਲਾਨ੍ਦ੍ਸ਼ਾਹਰ, ਅਲੀਗੜ੍ਹ - ਅਲੀਗਢ (ਢ ਦੇ ਪੈਰੀ ਬਿੰਦੀ ਵੀ ਪਈ ਹੋਈ ਹੈ) ਜੱਤਾਰੀ - ਜਤ੍ਤਾਰੀ। ਕੋਟਦਵਾਰ -ਕੋਤ੍ਦਵਾਰ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਠਾਕਰਦਵਾਰਾ -ਥਾਕੁਰਦਵਾਰਾ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਤਲੱਈਆ - ਤਲ੍ਹਈਈਯਾ। (ਯਾਦ ਰਹੇ ਪੰਜਾਬੀ ਵਿੱਚ ੲ ਮੁਕਤਾ ਹੋ ਹੀ ਨਹੀ ਸਕਦੀ)

ਆਹ ਵੇਖੋ ਭਾਈ ਕਾਨ ਸਿੰਘ ਨਾਭਾ ਦੇ ਮਹਾਨ ਕੋਸ਼ ਦੀ ਵੈਬਸਾਈਟ ਤੇ ਜੋ ਮੁਹਾਰਨੀ ਦਿੱਤੀ ਗਈ ਹੈ। ਇਹ ਵੈਬਸਾਈਟ ਵੀ ਫਿਰਕਾਪ੍ਰਸਤਾਂ ਨੇ ਬਣਵਾਈ ਹੈ ਕੁਝ ਵਿਕਾਊ ਪੰਜਾਬੀ ਵਿਦਵਾਨਾਂ ਨੂੰ ਖਰੀਦ ਕੇ। ਵੇਖੋ ੳ ਅ ੲ ਸ ਹ ਦਾ ਕਰ ਦਿੱਤਾ ਗਇਆ ਅ ਆ ਇ ਈ ਉ ਊ ।

ਸੋ ਗੁਰਮੁਖੀ ਨੂੰ ਦੇਵਨਾਗਰੀ ਬਣਾਉਣ ਵਾਸਤੇ ਕੋਸ਼ਸ਼ਾਂ ਕਿੱਢੇ ਵੱਡੇ ਪੱਧਰ ਤੇ ਹੋਰ ਰਹੀਆਂ ਹਨ।

ਇਹ ਸਰਾਸਰ ਕੱਟੜਵਾਦ ਅਤੇ ਪੰਜਾਬੀ ਸਭਿਆਚਾਰ ਤੇ ਹਮਲਾ ਹੈ ਜਿਸ ਦੀ ਅਸੀਂ ਖੰਡਨਾਂ ਕਰਦੇ ਹਾਂ। ਪੰਜਾਬ ਸਰਕਾਰ ਨੂੰ ਇਸ ਗੱਲ ਦਾ ਨੋਟਿਸ ਲੈ ਕੇ ਪੰਜਾਬੀ ਦਾ ਯੂਨੀਕੋਡ ਫੋਂਟ ਸੁਤੰਤਰ ਤਿਆਰ ਕਰਨਾਂ ਚਾਹੀਦਾ ਹੈ ਜਿਵੇ ਤਮਿਲ, ਤੈਲਗੂ, ਆਦਿ ਦੇ ਹਨ।

ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥ ਪਉੜੀ ॥ ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥

ਅੱਗੇ ਭਾਈ ਲਹਿਣੇ ਨੇ ਵਾਰੀ ਚੁੱਕੀ :

ਸਲੋਕ ਮਹਲਾ ੨ ॥ ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਾਲਿ ॥ ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥ ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥ ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥

ਵਾਰੋ ਵਾਰੀ ਸਬਦ ਪੜ੍ਹੇ ਗਏ। (ਵੇਖੋ ਸਾਰੰਗ ਕੀ ਵਾਰ ਮਹਲਾ 4 ਰਾਇ ਮਹਮੇ ਹਸਨੇ ਕੀ ਧੁਨਿ ਪੰਨਾ-1237 ਸ੍ਰੀ ਗੁਰੂ ਗ੍ਰੰਥ ਸਾਹਿਬ)

ਕੀਰਤਨ ਉਪਰੰਤ ਗੁਰੂ ਸਾਹਿਬ ਉੱਠ ਖੜੇ ਹੋਏ ਤੇ ਸੰਗਤ ਨੂੰ ਮੁਖਾਤਿਬ ਹੋਏ। ਕਹਿਣ ਲੱਗੇ ਕਿ ਸਾਡਾ ਸਰੀਰ ਹੁਣ ਬਿਰਧ ਹੋ ਰਿਹਾ ਹੈ। ਨਾਮ ਗੁਰਮਤ ਦੀ ਲਹਿਰ ਜੋ ਅਸਾਂ ਚਲਾਈ ਹੈ ਉਸ ਲਈ ਜਵਾਨ ਆਗੂ ਦੀ ਜਰੂਰਤ ਹੈ। ਅੱਜ ਤੋਂ ਅਸੀ ਆਪਣਾ ਉਤਰਾਧਿਕਾਰੀ ਭਾਈ ਲਹਿਣੇ ਨੂੰ ਥਾਪਦੇ ਹਾਂ। ਭਾਈ ਲਹਿਣੇ ਨੂੰ ਗਲਵਕੜੀ ਵਿੱਚ ਲਿਆ ਅਤੇ ਆਪਣੇ ਸਥਾਨ ਭਾਵ ਥੜੇ ਤੇ ਬੈਠਾਇਆ। ਗੁਰੂ ਸਾਹਿਬ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਭਾਈ ਲਹਿਣੇ ਅੱਗੇ ਮੱਥਾ ਟੇਕਿਆ। ਨਾਲ ਹੀ ਐਲਾਨ ਕੀਤਾ ਕਿ ਅੱਜ ਤੋਂ ਇਨਾਂ ਦਾ ਨਾਂ ਭਾਈ ਲਹਿਣਾ ਨਹੀ ਗੁਰੂ ਅੰਗਦ ਹੋਇਆ ਕਿਉਕਿ ਇਹ ਸਾਡੇ ਅੰਗ ਤੋਂ ਹੀ ਪੈਦਾ ਹੋਇਆ ਹੈ, ਸਾਡਾ ਪੁੱਤਰ ਹੀ ਹੈ। ਗੁਰੂ ਸਾਹਿਬ ਨੇ ਗੁਰਿਆਈ ਦੀ ਸਭ ਤੋਂ ਕੀਮਤੀ ਵਸਤੂ ਭਾਵ ਗੁਰਮੁਖੀ ◘ ਵਿਚ ਰਚੀ ਹੋਈ ਬਾਣੀ ਵਾਲੀ ਪੋਥੀ ਵੀ ਰਸਮੀ ਤੌਰ ਤੇ ਗੁਰੂ ਅੰਗਦ ਦੇ ਸਪੁਰਦ ਕਰ ਦਿੱਤੀ।

ਗੁਰੂ ਸਾਹਿਬ ਨੇ ਕਿਹਾ ਕਿ ਸੰਗਤਾਂ ਜਾਣਦੀਆਂ ਹਨ ਕਿਵੇਂ ਸੋਧ ਸੋਧ ਕੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ। ਗੁਰੂ ਅੰਗਦ ਅੱਜ ਤੋਂ ਮੇਰਾ ਵੀ ਗੁਰੂ ਹੈ। ਨਾਲ ਗੁਰੂ ਸਾਹਿਬ ਨੇ ਹਾਜਰ ਸੰਗਤਾਂ ਨੂੰ ਹੁਕਮ ਕੀਤਾ ਕਿ ਜਿਹੜੇ ਗੁਰਮੁਖ ਪਿਆਰੇ ਮੈਨੂੰ ਗੁਰੂ ਮੰਨਦੇ ਆਏ ਨੇ ਉਹ ਸਭ ਵਾਰੀ ਵਾਰੀ ਗੁਰੂ ਅੰਗਦ ਦੇ ਪੈਰਾਂ ਤੇ ਮੱਥਾ ਟੇਕਣ।

ਬਾਬਾ ਬੁੱਢਾ, ਅਜਿਤਾ ਰੰਧਾਵਾ, ਭਾਈ ਸਧਾਰਣ, ਭਾਈ ਭਗੀਰਥ, ਭਾਈ ਮਨਸੁਖ ਸਭ ਨੇ ਆ ਗੁਰੂ ਅੰਗਦ ਅੱਗੇ ਸੀਸ ਨਿਵਾਇਆ। ਸਾਰੀ ਸੰਗਤ ਨੇ ਏਸੇ ਤਰਾਂ ਵਾਰੀ ਵਾਰੀ ਆ ਮੱਥਾ ਟੇਕਿਆ। ਉਪਰੰਤ ਕੜਾਹ ਪ੍ਰਸਾਦਿ ਵਰਤਾਇਆ ਗਿਆ।

## ਸਾਹਿਬਜਾਦਿਆਂ ਫੈਸਲੇ ਤੇ ਸਖਤ ਵਿਰੋਧ ਕੀਤਾ

ਸਾਹਿਬਜਾਦੇ ਬਾਬਾ ਸ੍ਰੀਚੰਦ ਅਤੇ ਲਖਮੀ ਦਾਸ ਬੁੜ ਬੁੜ ਕਰਦੇ ਹੋਏ ਦੀਵਾਨ ਵਿਚੋਂ ਉਠ ਖੜੇ ਹੋਏ ਤੇ ਘਰ ਨੂੰ ਚਲਦੇ ਬਣੇ। ਬਾਬਾ ਸ੍ਰੀ ਚੰਦ ਨੇ ਘਰ ਪਹੁੰਚ ਵੱਡੀ ਮਾਤ੍ਰਾ ਵਿੱਚ ਸਵਾਹ ਆਪਣੇ ਸਿਰ ਪਾ ਲਈ⊙ ਤੇ ਜਾ ਕੇ ਇੱਕ ਟਾਹਲੀ ਥੱਲੇ ਆਸਣ ਲਾ ਲਿਆ। ਉਨਾਂ ਦਾ ਗਿਲਾ ਸੀ ਕਿ ਪਿਤਾ ਦੀ ਪਦਵੀ ਦਾ ਹੱਕ ਪੁੱਤਰਾਂ ਨੂੰ ਹੁੰਦਾ ਹੈ।

ਸਹਿਬਜਾਦਿਆਂ ਗੁਰੂ ਅੰਗਦ ਸਾਹਿਬ ਦਾ ਵਿਰੋਧ ਜਾਰੀ ਰੱਖਿਆ ਤੇ ਤਰਾਂ ਤਰਾਂ ਦੇ ਮਿਹਣੇ ਮਾਰਨ ਲੱਗ ਪਏ। ਗੁਰੂ ਸਾਹਿਬ ਦੇ ਲੱਖ ਸਮਝਾਉਣ ਦੇ ਬਾਵਜੂਦ ਉਹ ਗੁਰੂ ਅੰਗਦ ਨਾਲ ਈਰਖਾ ਕਰਨੋਂ ਬਾਜ ਨਹੀ ਸਨ ਆ ਰਹੇ।○

ਅਖੀਰ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਨੂੰ ਸਲਾਹ ਦਿੱਤੀ ਕਿ ਉਹ ਹੁਣ ਖਡੂਰ ਜਾ ਰਹਿਣ। ਉਨਾਂ ਕਿਹਾ ਕਿ ਖਡੂਰ ਦੀ ਭਾਈ ਭਿਰਾਈ ਦੇ ਘਰ ਮੇਰੀ ਮੰਜੀ ਹੈ ਉਸ ਤੇ ਜਾ ਬਿਰਾਜਣ। ਆਪਣੇ ਸਕੇ ਸਬੰਧੀਆਂ ਨੂੰ ਵੀ ਖਡੂਰ ਸੱਦ ਲਓ।

ਖਡੂਰ ਪਹੁੰਚਣ ਤੇ ਸੰਗਤਾਂ ਨੇ ਗੁਰੂ ਅੰਗਦ ਦਾ ਵੱਡਾ ਸਤਿਕਾਰ ਕੀਤਾ। ਮਾਈ ਭਿਰਾਈ ਨੇ ਉਸ ਕੋਠੇ ਦਾ ਜਿੰਦਰਾ ਖੋਲ ਦਿੱਤਾ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਮੰਜੀ ਬਿਰਾਜਮਾਨ ਹੁੰਦੀ ਸੀ।

ਕੁਝ ਸਮੇਂ ਬਾਦ ਫਿਰ ਗੁਰੂ ਨਾਨਕ ਵੀ ਗੁਰੂ ਅੰਗਦ ਨੂੰ ਮਿਲਣ ਖਡੂਰ ਪਹੁੰਚੇ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਗੁਰੂ ਅੰਗਦ ਨੂੰ ਸਰੀਰਕ ਪੱਖੋ ਕਮਜੋਰ ਵੇਖਿਆ ਤਾਂ ਆਪਣੀ ਨਰਾਜਗੀ ਜ਼ਾਹਿਰ ਕੀਤੀ। ਪਤਾ ਲੱਗਾ ਕਿ ਗੁਰੂ ਅੰਗਦ ਸਾਰਾ ਸਾਰਾ ਦਿਨ ਹੀ ਨਾਮ ਬਾਣੀ ਨਾਲ ਹੀ ਜੁੜੇ ਰਹਿੰਦੇ ਹਨ। ਜਿਆਦਾ ਬੈਠਕ ਹੋਣ ਕਰਕੇ ਸਰੀਰ ਕਮਜੋਰ ਪੈ ਚੁੱਕਾ ਸੀ।

ਖਡੂਰ ਉਂਜ ਗੁਰੂ ਸਾਹਿਬ ਪਹਿਲਾਂ ਵੀ ਦੋ ਵਾਰੀ ਜਾ ਚੁੱਕੇ ਸਨ। ਪਰ ਜਿਆਦਾ ਸਾਹਿਬ ਪਿੰਡ ਦੇ ਪਹਾੜ ਪਾਸੇ ਛੱਪੜ ਕਿਨਾਰੇ ਪਿੱਪਲ ਹੇਠਾਂ ਬੈਠ ਅਕਾਲ ਪੁਰਖ ਦਾ ਜੱਸ ਗਾਇਆ ਕਰਦੇ ਸਨ। ਗੁਰੂ ਸਾਹਿਬ ਨਿਰੰਕਾਰ ਦੀ ਭਗਤੀ ਵਿੱਚ ਏਨੇ ਮਗਨ ਰਿਹਾ ਕਰਦੇ ਸਨ ਕਿ ਖਡੂਰ ਵਿੱਚ ਗੁਰੂ ਸਾਹਿਬ ਦਾ ਨਾਂ ਹੀ ਨਾਨਕ ਤਪਾ ਪੈ ਗਇਆ ਸੀ। ਜਿੱਥੇ ਸਾਹਿਬ ਬੈਠਿਆ ਕਰਦੇ ਸਨ ਉਸ ਸਥਾਨ ਦਾ ਨਾਂ ਅੱਜ ਤਪਿਆਣਾ ਸਾਹਿਬ ਹੈ। ਛੱਪੜ ਦੀ ਥਾਂ ਹੁਣ ਸਰੋਵਰ ਹੈ।●

—▲—

ਪੈੜ ਸਫਾ

*ਗਿਆਨੀ -315 ਨੇ ਇਹ ਦਿਨ 13 ਮੱਘਰ ਸੰਮਤ 1594 (ਭਾਵ ਈਸਵੀ ਸੰਨ 1537) ਦੱਸਿਆ ਹੈ। ਕਾਨ ਸਿੰਘ ਨਾਭਾ ਨੇ ਗੁਰਿਆਈ ਦਿਨ 17 ਹਾੜ 1596 ਲਿਖਿਆ ਹੈ। ਜਦੋਂ ਕਿ ਹੋਰ ਸਰੋਤ ਮਹੀਨਾ ਜੇਠ 1596 ਬਿ. ਭਾਵ 13 ਜੂਨ 1539 ਲਿਖਦੇ ਹਨ। ਭੱਲਾ-53 ਅਨੁਸਾਰ ਗੁਰਿਆਈ ਦੇਣ ਉਪਰੰਤ ਗੁਰੂ ਨਾਨਕ ਦੋ ਵਾਰੀ ਖਡੂਰ ਗੁਰੂ ਅੰਗਦ ਨੂੰ ਮਿਲਣ ਗਏ। ਇਹ ਤਾਂ ਹੀ ਸੰਭਵ ਹੈ ਜੇ ਗੁਰਿਆਈ ਦੇਣ ਅਤੇ ਜੋਤੀ ਜੋਤ ਵਿੱਚ ਵਕਫਾ ਹੋਵੇ ਤਾਂ।

*ਭੱਲਾ- 51 ⊙ਗਿਆਨੀ -315, ◘ ਵੇਖੋ ਪਿਛਲੇ ਸਫੇ ਦੀ ਪੈੜ।

○ ਸਹਿਬਜਾਦਿਆਂ ਦੀ ਸ਼ਕਾਇਤ ਸੀ ਕਿ ਗੁਰੂ ਨਾਨਕ ਸ਼ੁਰੂ ਤੋਂ ਲੈ ਕੇ ਪ੍ਵਾਰ ਨੂੰ ਨਜਰਅੰਦਾਜ਼ ਕਰਦੇ ਆਏ ਹਨ। ਅਖੇ ਪਹਿਲਾਂ ਇਨਾਂ ਕਰਕੇ ਅਸੀ ਤਲਵੰਡੀ ਨਹੀ ਵਸ ਸਕੇ। ਫਿਰ ਸੁਲਤਾਨਪੁਰ ਲੋਧੀ ਤੋਂ ਸਾਨੂੰ ਨਾਨਕੇ ਆਉਣਾ ਪਿਆ। ਹੁਣ ਨਾਨਕੇ ਆ ਕੇ ਵੀ ਸਾਡਾ ਨੱਕ ਵੱਢਿਆ ਹੈ। ਉਹ ਆਪਣੀ ਨਾਕਾਮੀ ਬੜੀ ਚਲਾਕੀ ਨਾਲ ਛੁਪਾ ਰਹੇ ਸਨ। ਇਲਾਕੇ ਦੇ ਕੁਝ ਮੋਹਤਬਰ ਲੋਕ ਵੀ ਉਨਾਂ ਨਾਲ ਹਮਦਰਦੀ ਰੱਖਣ ਲੱਗ ਪਏ। ਜਿਸ ਕਾਰਨ ਗੁਰੂ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਖਡੂਰ ਭੇਜ ਦਿੱਤਾ।

● ਸਾਈਕਲ ਯਾਤਰੀ -308। ਤਪਿਆਣਾ ਸਾਹਿਬ ਦੇ ਨਾਲ ਚੜ੍ਹਦੇ ਪਾਸੇ ਇੱਕ ਮੜੀ ਬਣੀ ਹੋਈ ਹੈ ਜਿਸ ਨੂੰ ਬਾਲੇ ਦੀ ਸਮਾਧ ਕਿਹਾ ਜਾਂਦਾ ਹੈ। ਇਹ ਸਾਬਤ ਕਰਦੀ ਹੈ ਕਿ ਬਾਲਾ ਕੋਈ ਨਾਂ ਕੋਈ ਗੁਰੂ ਸਾਹਿਬ ਦਾ ਸ਼ਰਧਾਲੂ ਜਰੂਰ ਸੀ ਜੋ ਇਕ ਅੱਧੀ ਮੁਕਾਮੀ ਯਾਤਰਾ ਵੇਲੇ ਸਾਹਿਬ ਦੇ ਨਾਲ ਹੀ ਸੀ। ਉਂਜ ਜਨਮਸਾਖੀ ਵਿੱਚ ਉਸ ਨੇ ਆਪਣੇ ਆਪ ਨੂੰ ਜਿਆਦਾ ਹੀ ਵਧਾ ਚੜ੍ਹਾਂ ਕੇ ਬਿਆਨ ਕੀਤਾ ਹੈ। ਰਹਿੰਦੀ ਕਸਰ ਜੰਡਿਆਲੇ ਵਾਲੇ ਨਿਰੰਜਨੀਆਂ ਨੇ ਕੱਢੀ।